@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 6 December 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 6 ਦਸੰਬਰ 2024, 22 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 26, qpatrika@gmail.com ਫੋਨ : 9971359517 www.qaumipatrika.org


## 7 ਦਸੰਬਰ ਤਕ ਨਹੀਂ ਚੱਲੇਗਾ ਇੰਟਰਨੈੱਟ

ਨੈਸ਼ਨਲ ਡੈਸਕ 5 ਦਸੰਬਰ। ਮਣੀਪੁਰ ਸਰਕਾਰ ਨੇ ਵੀਰਵਾਰ ਨੂੰ ਸੂਬੇ ਦੇ 9 ਜ਼ਿਲ੍ਹਿਆਂ 'ਚ ਮੋਬਾਇਲ ਇੰਟਰਨੈੱਟ ਸੇਵਾਵਾਂ 'ਤੇ ਲੱਗੀ ਰੋਕ ਦੋ ਦਿਨਾਂ ਲਈ ਵਧਾ ਕੇ 7 ਦਸੰਬਰ ਤਕ ਕਰ ਦਿੱਤੀ ਹੈ। ਗ੍ਰਹਿ ਵਿਭਾਗ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਇੰਫਾਲ ਪੱਛਮੀ, ਇੰਫਾਲ ਪੂਰਬੀ, ਕਾਕਚਿੰਗ, ਬਿਸ਼ਨੂਪੁਰ, ਥੌਬਲ, ਚੂਰਾਚਾਂਦਪੁਰ, ਕੰਗਪੋਕਪੀ, ਫੇਰਜਾਵਲ ਅਤੇ ਜੀਰੀਬਾਮ ਵਿੱਚ ਇੰਟਰਨੈਟ 'ਤੇ ਲੱਗੀ ਰੋਕ ਵਧਾ ਦਿੱਤੀ ਗਈ ਹੈ। ਜਾਰੀ ਹੁਕਮਾਂ 'ਚ ਕਿਹਾ ਗਿਆ ਹੈ ਕਿ ਸੂਬਾ ਸਰਕਾਰ ਨੇ ਮੌਜੂਦਾ ਕਾਨੂੰਨ ਵਿਵਸਥਾ ਦੀ ਸਥਿਤੀ ਅਤੇ ਇੰਟਰਨੈੱਟ ਸੇਵਾਵਾਂ ਦੇ ਆਮ ਸੰਚਾਲਨ ਦੇ ਨਾਲ ਇਸ ਦੇ ਸੰਬੰਧ ਦੀ ਸਮੀਖਿਆ ਕਰਨ ਤੋਂ ਬਾਅਦ ਜਨਹਿਤ 'ਚ ਮਣੀਪੁਰ ਦੇ ਇੰਫਾਲ ਪੱਛਮੀ, ਇੰਫਾਲ ਪੂਰਬੀ, ਕਾਕਚਿੰਗ, ਬਿਸਨੂਪੁਰ, ਥੌਬਲ, ਚੂਰਾਚਾਂਦਪੁਰ, ਕੰਗਪੋਕਪੀ, ਫੇਰਜਾਵਲ ਅਤੇ ਜੀਰੀਬਾਮ ਵਿੱਚ 7 ਦਸੰਬਰ ਦੀ ਸ਼ਾਮ 5.15 ਵਜੇ ਤਕ ਵੀਸੈਟ ਅਤੇ ਵੀਪੀਐੱਨ ਸੇਵਾਵਾਂ ਸਮੇਤ ਮੋਬਾਇਲ ਇੰਟਰਨੈੱਟ ਅਤੇ ਮੋਬਾਇਲ ਡਾਟਾ ਸੇਵਾਵਾਂ ਨੂੰ ਮੁਅੱਤਲ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਮਣੀਪੁਰ ਅਤੇ ਅਸਾਮ 'ਚ ਕ੍ਰਮਵਾਰ ਜਿਰੀ ਅਤੇ ਬਰਾਕ ਨਦੀਆਂ 'ਚ 3 ਔਰਤਾਂ ਅਤੇ 3 ਬੱਚਿਆਂ ਦੀਆਂ ਲਾਸ਼ਾਂ ਬਰਾਮਦ ਹੋਣ ਤੋਂ ਬਾਅਦ ਸੂਬੇ 'ਚ ਹਿੰਸਾ ਭੜਕਨ ਦੇ ਚਲਦੇ 16 ਨਵੰਬਰ ਤੋਂ ਇੰਟਰਨੈੱਟ ਸੇਵਾਵਾਂ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਮਣੀਪੁਰ ਸਰਕਾਰ ਨੇ ਆਮ ਲੋਕਾਂ, ਸਿਹਤ ਸਹੂਲਤਾਂ, ਵਿਦਿਅਕ ਸੰਸਥਾਵਾਂ ਅਤੇ ਹੋਰ ਦਫਤਰਾਂ ਨੂੰ ਹੋਣ ਵਾਲੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ 19 ਨਵੰਬਰ ਨੂੰ ਬ੍ਰਾਡਬੈਂਡ ਸੇਵਾਵਾਂ 'ਤੇ ਲੱਗੀ ਮੁਅੱਤਲੀ ਨੂੰ ਸ਼ਰਤ ਨਾਲ ਹਟਾ ਲਿਆ ਸੀ। ਮਣੀਪੁਰ ਵਿੱਚ ਜਿਰੀਬਾਮ ਜ਼ਿਲ੍ਹੇ ਵਿੱਚ ਇੱਕ ਰਾਹਤ ਕੈਂਪ ਵਿੱਚੋਂ ਮੇਤੇਈ ਭਾਈਚਾਰੇ ਦੀਆਂ ਤਿੰਨ ਔਰਤਾਂ ਅਤੇ ਤਿੰਨ ਬੱਚਿਆਂ ਦੇ ਲਾਪਤਾ ਹੋਣ ਤੋਂ ਬਾਅਦ ਹਿੰਸਾ ਵਧ ਗਈ। ਇਹ ਘਟਨਾ 11 ਨਵੰਬਰ ਨੂੰ ਸੁਰੱਖਿਆ ਬਲਾਂ ਅਤੇ ਸ਼ੱਕੀ ਕੁਕੀ-ਜੋ ਅੱਤਵਾਦੀਆਂ ਵਿਚਾਲੇ ਹੋਈ ਗੋਲੀਬਾਰੀ ਵਿਚ 10 ਅੱਤਵਾਦੀਆਂ ਦੇ ਮਾਰੇ ਜਾਣ ਤੋਂ ਬਾਅਦ ਹੋਈ। ਬਾਅਦ ਵਿੱਚ ਉਨ੍ਹਾਂ 6 ਲੋਕਾਂ ਦੀਆਂ ਲਾਸਾਂ ਬਰਾਮਦ ਕੀਤੀਆਂ ਗਈਆਂ।

# ਫੜਨਵੀਸ ਦੇ ਸਹੁੰ ਚੁੱਕ ਸਮਾਗਮ 'ਚ ਪ੍ਰਧਾਨ ਮੰਤਰੀ

**ਸਿੰਮੀ ਕੌਰ ਬੱਬਰ**

ਮੁੰਬਈ 5 ਦਸੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਮੰਤਰੀਆਂ ਅਮਿਤ ਸਾਹ, ਨਿਤਿਨ ਗਡਕਰੀ ਅਤੇ ਰਾਜਨਾਥ ਸਿੰਘ, ਐੱਨ.ਡੀ.ਏ. ਸਾਸਿਤ ਰਾਜਾਂ ਦੇ ਮੁੱਖ ਮੰਤਰੀ ਅਤੇ ਉਦਯੋਗ ਅਤੇ ਫਿਲਮ ਜਗਤ ਦੀਆਂ ਕਈ ਪ੍ਰਮੁੱਖ ਸਖਸੀਅਤਾਂ ਵੀਰਵਾਰ ਨੂੰ ਮਹਾਰਾਸਟਰ ਦੇ ਮੁੱਖ ਮੰਤਰੀ ਵਜੋਂ ਦੇਵੇਂਦਰ ਫੜਨਵੀਸ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਹੋਈਆਂ। ਭਾਜਪਾ ਨੇਤਾ ਫੜਨਵੀਸ ਨੇ ਅੱਜ ਸਾਮ ਦੱਖਣੀ ਮੁੰਬਈ ਦੇ ਵਿਸਾਲ ਆਜਾਦ ਮੈਦਾਨ 'ਚ ਆਯੋਜਿਤ ਇਕ ਸਾਨਦਾਰ ਸਮਾਰੋਹ 'ਚ ਤੀਜੀ ਵਾਰ ਸੂਬੇ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਸ਼ਿਵ ਸੈਨਾ ਦੇ ਪ੍ਰਧਾਨ ਏਕਨਾਥ ਸ਼ਿੰਦੇ ਅਤੇ ਰਾਸਟਰਵਾਦੀ ਕਾਂਗਰਸ ਪਾਰਟੀ (ਐੱਨ.ਸੀ.ਪੀ.) ਦੇ ਮੁਖੀ ਅਜੀਤ ਪਵਾਰ ਨੇ ਉਪ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਸਮਾਰੋਹ ਵਿਚ ਯੋਗੀ ਆਦਿਤਿਆਨਾਥ (ਉੱਤਰ ਪ੍ਰਦੇਸ), ਨਿਤੀਸ ਕੁਮਾਰ (ਬਿਹਾਰ), ਚੰਦਰਬਾਬੂ ਨਾਇਡੂ (ਆਂਧਰਾ ਪ੍ਰਦੇਸ), ਪੁਸਕਰ ਸਿੰਘ ਧਾਮੀ (ਉੱਤਰਾਖੰਡ), ਨਾਇਬ ਸਿੰਘ ਸੈਣੀ



(ਹਰਿਆਣਾ), ਭੂਪੇਂਦਰ ਪਟੇਲ (ਗੁਜਰਾਤ) ਅਤੇ ਪ੍ਰਮੋਦ ਸਾਵੰਤ (ਗੋਆ) ਸਮੇਤ ਐੱਨ.ਡੀ.ਏ. ਸਾਸਿਤ ਕਈ ਰਾਜਾਂ ਦੇ ਮੁੱਖ ਮੰਤਰੀ ਵੀ ਸਾਮਲ ਹੋਏ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪ੍ਰਧਾਨ ਜੇਪੀ ਨੱਡਾ, ਕੇਂਦਰੀ ਮੰਤਰੀ ਨਿਰਮਲਾ ਸੀਤਾਰਮਨ, ਸ਼ਿਵਰਾਜ ਸਿੰਘ ਚੌਹਾਨ, ਜਯੋਤੀਰਾਦਿਤਿਆ ਸਿੰਧੀਆ ਅਤੇ ਰਾਮਦਾਸ ਅਠਾਵਲੇ ਵੀ ਸਮਾਗਮ ਵਿੱਚ ਮੰਚ 'ਤੇ ਮੌਜੂਦ ਸਨ। ਉਦਯੋਗਪਤੀ ਮੁਕੇਸ ਅੰਬਾਨੀ ਅਤੇ ਕੁਮਾਰ ਮੰਗਲਮ ਬਿਰਲਾ ਅਤੇ ਅਭਿਨੇਤਾ ਸਾਹਰੁਖ ਖਾਨ, ਸਲਮਾਨ ਖਾਨ, ਰਣਬੀਰ ਕਪੂਰ, ਮਾਧੁਰੀ ਦੀਕਸ਼ਿਤ-ਨੇਨੇ, ਸੰਜੇ ਦੱਤ ਅਤੇ ਕ੍ਰਿਕਟ ਦੇ ਦਿੱਗਜ ਸਚਿਨ ਤੇਂਦੁਲਕਰ ਵੀ ਇਸ ਸਮਾਰੋਹ ਵਿੱਚ ਮੌਜੂਦ ਸਨ।


ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਹਾਨ ਸ਼ਹਾਦਤ ਨੂੰ



ਕੋਟਿ ਕੋਟਿ ਨਮਨ


# ਮੈਂ ਆਪਣਾ ਡੀ.ਐੱਨ.ਏ. ਟੈਸਟ ਕਰਵਾਉਣ ਲਈ ਤਿਆਰ: ਅਖਿਲੇਸ਼ ਯਾਦਵ

**ਨਵਦੀਪ ਸਿੰਘ ਸਾਹਨੀ**

ਕਾਨਪੁਰ 5 ਦਸੰਬਰ। ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ ਡੀ.ਐੱਨ.ਏ. ਸਬੰਧੀ ਬਿਆਨ 'ਤੇ ਸਮਾਜਵਾਦੀ ਪਾਰਟੀ (ਸਪਾ) ਦੇ ਮੁਖੀ ਅਖਿਲੇਸ ਯਾਦਵ ਨੇ ਵੀਰਵਾਰ ਨੂੰ ਕਿਹਾ ਕਿ ਉਹ ਆਪਣਾ ਡੀ.ਐੱਨ.ਏ. ਟੈਸਟ ਕਰਵਾਉਣ ਲਈ ਤਿਆਰ ਹਨ, ਬਸਰਤੇ ਮੁੱਖ ਮੰਤਰੀ ਵੀ ਆਪਣਾ ਡੀ.ਐੱਨ.ਏ. ਟੈਸਟ ਕਰਵਾਉਣ। ਅਯੁੱਧਿਆ 'ਚ ਰਾਮਾਇਣ ਮੇਲੇ ਦੇ ਉਦਘਾਟਨ ਤੋਂ ਬਾਅਦ ਯੋਗੀ ਨੇ ਵਿਰੋਧੀ ਪਾਰਟੀਆਂ 'ਤੇ ਸਮਾਜ ਨੂੰ ਵੰਡਣ ਦਾ ਦੋਸ ਲਗਾਉਂਦੇ ਹੋਏ ਕਿਹਾ ਕਿ ਅਯੁੱਧਿਆ ਅਤੇ ਸੰਭਲ 'ਚ ਮੁਗਲ ਸਾਸਕ ਬਾਬਰ ਦੀ ਫੌਜ ਨੇ ਜੋ ਕੀਤਾ ਅਤੇ ਜੋ ਅੱਜ ਬੰਗਲਾਦੇਸ 'ਚ ਹੋ ਰਿਹਾ ਹੈ, ਉਸ ਦਾ ਡੀ.ਐੱਨ.ਏ. ਇਕ ਹੀ ਹੈ। ਅਖਿਲੇਸ ਨੇ ਕਾਨਪੁਰ 'ਚ ਪੱਤਰਕਾਰਾਂ ਨੂੰ ਕਿਹਾ, "ਮੈਨੂੰ ਨਹੀਂ ਪਤਾ ਕਿ ਮੁੱਖ ਮੰਤਰੀ ਕਿੰਨਾ ਵਿਗਿਆਨ ਜਾਣਦੇ ਹਨ ਅਤੇ ਉਨ੍ਹਾਂ ਨੇ ਕਿੰਨੀ ਬਾਇਓਲੋਜੀ ਪੜ੍ਹੀ ਹੈ ਪਰ ਮੈਂ ਉਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਡੀ.ਐੱਨ.ਏ. ਬਾਰੇ ਗੱਲ ਨਹੀਂ ਕਰਨੀ ਚਾਹੀਦੀ। ਜੇਕਰ ਉਹ ਡੀ.ਐੱਨ.ਏ. ਦੀ ਗੱਲ ਕਰਦੇ ਹਨ ਤਾਂ ਮੈਂ ਡੀ.ਐੱਨ.ਏ. ਟੈਸਟ ਕਰਵਾਉਣ ਲਈ ਤਿਆਰ ਹਾਂ ਅਤੇ ਮੁੱਖ ਮੰਤਰੀ ਨੂੰ ਵੀ ਆਪਣਾ ਡੀ.ਐੱਨ.ਏ. ਟੈਸਟ ਕਰਵਾਉਣਾ ਚਾਹੀਦਾ ਹੈ। ਡੀ.ਐੱਨ.ਏ. ਬਾਰੇ ਗੱਲ ਕਰਨਾ ਉਨ੍ਹਾਂ (ਮੁੱਖ ਮੰਤਰੀ ਯੋਗੀ) ਨੂੰ ਸ਼ੋਭਾ ਨਹੀਂ ਦਿੰਦੀ। ਇੱਕ ਸੰਤ, ਭਗਵੇ ਕੱਪੜੇ ਧਾਰਨ ਕੀਤੇ ਇਕ ਯੋਗੀ ਹੋਣ ਦੇ ਨਾਤੇ ਉਨ੍ਹਾਂ ਨੂੰ ਡੀ.ਐੱਨ.ਏ. ਬਾਰੇ ਗੱਲ ਨਹੀਂ ਕਰਨੀ ਚਾਹੀਦੀ। " ਅਖਿਲੇਸ ਇੱਥੇ ਇੱਕ ਨਿੱਜੀ ਪ੍ਰੋਗਰਾਮ ਵਿੱਚ ਸਾਮਲ ਹੋਣ ਲਈ ਪੁੱਜੇ ਸਨ।

## ਦੰਗਾਕਾਰੀਆਂ ਤੋਂ ਹੀ ਹੋਵੇਗੀ ਸੰਭਲ ਹਿੰਸਾ ਦੇ ਨੁਕਸਾਨ ਦੀ ਭਰਪਾਈ

ਸੰਭਲ 5 ਦਸੰਬਰ। ਉੱਤਰ ਪ੍ਰਦੇਸ ਦੇ ਸੰਭਲ ਵਿਚ ਹੋਈ ਹਿੰਸਾ 'ਤੇ ਯੋਗੀ ਆਦਿੱਤਿਆਨਾਥ ਨੇ ਕਿਹਾ ਸੀ ਕਿ ਦੰਗਾਕਾਰੀਆਂ ਤੋਂ ਹੀ ਨੁਕਸਾਨ ਦੀ ਭਰਪਾਈ ਕਰਵਾਈ ਜਾਏਗੀ। ਇਸ ਦੇ ਨਾਲ ਹੀ ਹੁਣ ਐੱਸ. ਪੀ. ਕ੍ਰਿਸਨ ਕੁਮਾਰ ਵਿਸਨੋਈ ਨੇ ਵੀਰਵਾਰ ਨੂੰ ਕਿਹਾ ਕਿ ਸੰਭਲ 'ਚ ਵਾਪਰੀ ਘਟਨਾ ਬਹੁਤ ਮੰਦਭਾਗੀ ਸੀ। ਐੱਸ. ਪੀ. ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਭਲ 'ਚ 24 ਨਵੰਬਰ ਨੂੰ ਜੋ ਘਟਨਾ ਵਾਪਰੀ ਸੀ, ਉਸ ਸਬੰਧੀ ਹੁਣ ਤੱਕ 34 ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ। 83 ਲੋਕਾਂ ਨੂੰ ਸਾਹਮਣੇ ਲਿਆਂਦਾ ਗਿਆ ਹੈ। 400 ਤੋਂ ਵੱਧ ਲੋਕਾਂ ਦੀਆਂ ਫੋਟੋਆਂ ਦੀ ਪਛਾਣ ਕੀਤੀ ਜਾ ਚੁੱਕੀ ਹੈ। ਦੂਜੇ ਪਾਸੇ ਸੁੱਕਰਵਾਰ ਦੀ ਨਮਾਜ ਦੇ ਪ੍ਰਬੰਧਾਂ ਨੂੰ ਲੈ ਕੇ ਐੱਸ. ਪੀ. ਕ੍ਰਿਸਨ ਕੁਮਾਰ ਵਿਸਨੋਈ ਨੇ ਡੀ. ਐੱਮ. ਡਾ. ਰਜਿੰਦਰ ਪੰਸੀਆ ਨਾਲ ਫਲੈਗ ਮਾਰਚ ਕੀਤਾ। ਸੰਭਲ ਦਾ ਇਲਾਕਾ ਜਵਾਨਾਂ ਦੇ ਬੂਟਾਂ ਦੀ ਆਵਾਜ ਨਾਲ ਗੂੰਜ ਉੱਠਿਆ।

## ਭਾਰਤੀ ਜਲ ਸੈਨਾ ਦੇ ਹੈਲੀਕਾਪਟਰ ਨੇ ਝੋਨੇ ਦੇ ਖੇਤ 'ਚ ਕੀਤੀ ਐਮਰਜੈਂਸੀ ਲੈਂਡਿੰਗ

ਬਾਰੀਪੜਾ/ਓਡੀਸਾ 5 ਦਸੰਬਰ। ਭਾਰਤੀ ਜਲ ਸੈਨਾ ਦੇ ਇਕ ਹੈਲੀਕਾਪਟਰ ਨੇ ਓਡੀਸਾ ਦੇ ਮਯੂਰਭੰਜ ਜਿਲ੍ਹੇ ਵਿਚ ਝੋਨੇ ਦੇ ਖੇਤ ਵਿਚ ਐਮਰਜੈਂਸੀ ਲੈਂਡਿੰਗ ਕੀਤੀ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਹੈਲੀਕਾਪਟਰ ਰਸਗੋਵਿੰਦਪੁਰ ਥਾਣਾ ਖੇਤਰ ਦੇ ਪਿੰਡ ਅਰਮਾਡਾ 'ਚ ਉਤਾਰਿਆ ਗਿਆ, ਜਿਸ ਨਾਲ ਖੇਤਾਂ 'ਚ ਕੰਮ ਕਰ ਰਹੇ ਕਿਸਾਨ ਹੈਰਾਨ ਰਹਿ ਗਏ। ਉਨ੍ਹਾਂ ਦੱਸਿਆ ਕਿ ਹੈਲੀਕਾਪਟਰ ਨੂੰ ਉਤਾਰਨ ਤੋਂ ਬਾਅਦ ਚਾਲਕ ਬਾਹਰ ਆਇਆ ਅਤੇ ਇਸ ਦੀ ਜਾਂਚ ਕੀਤੀ।

# ਇਸਰੋ ਦੀ ਇਕ ਹੋਰ ਉਪਲੱਬਧੀ, ਯੂਰਪੀਅਨ ਪੁਲਾੜ ਏਜੰਸੀ ਦਾ 'ਪ੍ਰੋਬਾ-3' ਮਿਸ਼ਨ

**ਤੇਜਿੰਦਰ ਕੌਰ ਬੱਬਰ**

ਸ਼੍ਰੀਹਰਿਕੋਟਾ 5 ਦਸੰਬਰ। ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਭਰੋਸੇਮੰਦ ਪੀਐੱਸਐੱਲਵੀ ਰਾਕੇਟ ਨੇ ਵੀਰਵਾਰ ਨੂੰ ਯੂਰਪੀਅਨ ਪੁਲਾੜ ਏਜੰਸੀ (ਈਐੱਸਏ) ਦੇ 2 ਸੈਟੇਲਾਈਟਾਂ ਨੂੰ ਲੈ ਕੇ ਇੱਥੋਂ ਦੇ ਪੁਲਾੜ ਕੇਂਦਰ ਤੋਂ ਉਡਾਣ ਭਰੀ। ਇਸਰੋ ਨੇ ਮੂਲ ਰੂਪ 'ਚ ਯੂਰਪੀਅਨ ਪੁਲਾੜ ਏਜੰਸੀ ਦੇ 'ਪ੍ਰੋਬਾ-3' ਮਿਸਨ ਨੂੰ ਇੱਥੇ ਸਥਿਤ ਲਾਂਚ ਸੈਂਟਰ ਤੋਂ ਬੁੱਧਵਾਰ ਸਾਮ 4.08 ਵਜੇ ਲਾਂਚ ਕਰਨ ਦੀ ਯੋਜਨਾ ਬਣਾਈ ਸੀ। ਹਾਲਾਂਕਿ, ਸੈਟੇਲਾਈਟ ਪ੍ਰੋਪਲਸਨ ਪ੍ਰਣਾਲੀ 'ਚ ਇਕ ਵਿਗਾੜ ਪਾਏ ਜਾਣ ਤੋਂ ਬਾਅਦ ਲਾਂਚ ਨੂੰ ਵੀਰਵਾਰ ਲਈ ਦੁਬਾਰਾ ਤਹਿ ਕੀਤਾ ਗਿਆ ਸੀ। ਕਾਊਂਟਡਾਊਨ ਖਤਮ ਹੋਣ ਦੇ ਨਾਲ -59 ਨੇ 'ਪ੍ਰੋਬਾ-3' ਪੁਲਾੜ ਯਾਨ ਨੂੰ ਇੱਛਤ ਔਰਬਿਟ 'ਚ ਰੱਖਣ ਲਈ ਉਤਾਰਿਆ। ਇਸਰੋ ਮੁਤਾਬਕ 44.5 ਮੀਟਰ ਲੰਬਾ ਪੋਲਰ ਸੈਟੇਲਾਈਟ ਲਾਂਚ ਵਹੀਕਲ (ਪੀ.ਐੱਸ.ਐੱਲ.ਵੀ.) ਨੂੰ ਸਾਮ 4.04 ਵਜੇ ਪਹਿਲੇ ਲਾਂਚ ਸਾਈਟ ਤੋਂ ਲਾਂਚ ਕੀਤਾ ਗਿਆ। ਲਾਂਚ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਪੋਸਟ 'ਚ



ਇਸਰੋ ਨੇ ਕਿਹਾ, "ਲਾਂਚ ਸਫਲ ਰਿਹਾ। -59 ਨੇ ਸਫਲਤਾਪੂਰਵਕ ਉਡਾਣ ਭਰੀ, ਜਿਸ ਨਾਲ ਇਸਰੋ ਦੀ ਤਕਨੀਕੀ ਮਾਹਿਰਤਾ ਨਾਲ ਐੱਨ.ਐੱਸ.ਆਈ.ਐੱਲ. ਦੀ ਅਗਵਾਈ 'ਚ ਗਲੋਬਲ ਮਿਸ਼ਨ ਦੀ ਸ਼ੁਰੂਆਤ ਹੋਈ, ਜਿਸ ਦਾ ਉਦੇਸ਼ ਈ.ਐੱਸ.ਈ. ਦੇ ਪ੍ਰੋਬਾ-3 ਸੈਟੇਲਾਈਟਾਂ ਨੂੰ ਤਾਇਨਾਤ ਕਰਨਾ ਹੈ। ਇਹ ਅੰਤਰਰਾਸ਼ਟਰੀ ਸਹਿਯੋਗ ਅਤੇ ਭਾਰਤ ਦੀਆਂ ਪੁਲਾੜ ਉਪਲੱਬਧੀਆਂ ਦੇ ਤਾਲਮੇਲ ਦਾ ਜਸ਼ਨ ਮਨਾਉਣ ਦਾ ਮਾਣ ਵਾਲਾ ਪਲ ਹੈ।" ਪ੍ਰੋਬਾ-3 (ਪ੍ਰਾਜੈਕਟ ਫਾਰ ਆਨਬੋਰਡ ਐਨਾਟਾਮੀ) 'ਚ 2 ਸੈਟੇਲਾਈਟ- ਕੋਰੋਨਾਗ੍ਰਾਫ (310 ਕਿਲੋਗ੍ਰਾਮ) ਅਤੇ ਆਕੁਲਟਰ (240 ਕਿਲੋਗ੍ਰਾਮ) ਹੈ। ਇਸ 'ਚ 2 ਪੁਲਾੜ ਯਾਨ ਨੇ ਇਕੱਠੇ ਉਡਾਣ ਭਰੀ। ਇਸਰੋ ਨੇ ਕਿਹਾ ਕਿ ਪ੍ਰੋਬਾ-3 ਮਿਸ਼ਨ ਦੇ ਅਧੀਨ ਪੀ.ਐੱਸ.ਐੱਲ.ਵੀ. ਰਾਕੇਟ 'ਤੇ ਸਵਾਰ 2 ਸੈਟੇਲਾਈਟ ਸਫਲਤਾਪੂਰਵਕ ਵੱਖ ਹੋ ਗਏ ਹਨ। ਇਸਰੋ ਦੀ ਵਪਾਰਕ ਇਕਾਈ ਨਿਊਸਪੇਸ ਇੰਡੀਆ ਲਿਮਟਿਡ (ਐੱਨ.ਐੱਸ.ਆਈ.ਐੱਲ.) ਨੂੰ ਈ.ਐੱਸ.ਈ. ਤੋਂ ਲਾਂਚ ਦਾ ਆਰਡਰ ਮਿਲਿਆ ਹੈ। 'ਪ੍ਰੋਬਾ' ਲੈਟਿਨ ਦਾ ਸ਼ਬਦ ਹੈ, ਜਿਸ ਦਾ ਮਤਲਬ ਹੈ, "ਕੋਸ਼ਿਸ਼ ਕਰਦੇ ਹਾਂ।" ਬੁੱਧਵਾਰ ਨੂੰ ਲਾਂਚ ਤੋਂ ਪਹਿਲੇ, ਇਸਰੋ ਨੇ 2001 'ਚ ਯੂਰਪੀ ਪੁਲਾੜ ਏਜੰਸੀ ਦੇ 'ਪ੍ਰੋਬਾ-1' ਮਿਸ਼ਨ ਦਾ ਸਫਲਤਾਪੂਰਵਕ ਲਾਂਚ ਕੀਤਾ ਸੀ।

## ਮਣੀਪੁਰ 'ਚ ਹਥਿਆਰਾਂ ਤੇ ਗੋਲਾ-ਬਾਰੂਦ ਦਾ ਭੰਡਾਰ ਬਰਾਮਦ

ਇੰਫਾਲ, 5 ਦਸੰਬਰ। ਮਣੀਪੁਰ ਦੇ ਥੌਬਲ ਜ਼ਿਲੇ 'ਚ ਸਰਚ ਆਪ੍ਰੇਸ਼ਨ ਦੌਰਾਨ ਸੁਰੱਖਿਆ ਫੋਰਸਾਂ ਨੇ ਹਥਿਆਰਾਂ ਅਤੇ ਗੋਲਾ-ਬਾਰੂਦ ਦਾ ਭੰਡਾਰ ਬਰਾਮਦ ਕੀਤਾ ਹੈ। ਪੁਲਸ ਨੇ ਦੱਸਿਆ ਕਿ ਫੁਗੀ ਚਿੰਗ ਨਗਾਮੁਖੋਂਗ ਖੇਤਰ 'ਚ ਤਲਾਸ਼ੀ ਦੌਰਾਨ 16 ਹਥਿਆਰ, 36 ਐੱਚ. ਈ. ਦੇ 6 ਗ੍ਰੇਨੇਡ, 2 ਡੈਟੋਨੇਟਰ, ਗੋਲਾ-ਬਾਰੂਦ ਅਤੇ ਵਾਕੀ-ਟਾਕੀ ਬਰਾਮਦ ਕੀਤਾ ਗਿਆ ਪਰ ਇਸ ਸਿਲਸਿਲੇ 'ਚ ਕਿਸੇ ਨੂੰ ਗ੍ਰਿਫਤਾਰੇ ਨਹੀਂ ਕੀਤਾ ਗਿਆ। ਪਿਛਲੇ ਸਾਲ ਮਈ ਤੋਂ ਇੰਫਾਲ ਘਾਟੀ ਦੇ ਮੈਤੇਈ ਅਤੇ ਆਸ-ਪਾਸ ਦੇ ਪਹਾੜੀ ਖੇਤਰਾਂ ਦੇ ਕੁਕੀ ਭਾਈਚਾਰਿਆਂ ਵਿਚਾਲੇ ਹੋਈ ਜਾਤੀ ਹਿੰਸਾ 'ਚ 250 ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ।

## ਸੈਕਸ ਸੋਸ਼ਣ ਐਕਟ ਨੂੰ ਲੈ ਕੇ ਸੁਪਰੀਮ ਕੋਰਟ ਦਾ ਸਖਤ ਨਿਰਦੇਸ਼

ਨਵੀਂ ਦਿੱਲੀ 5 ਦਸੰਬਰ। ਸੁਪਰੀਮ ਕੋਰਟ ਨੇ ਸਾਰੇ ਸੂਬਿਆਂ ਤੇ ਕੇਂਦਰ ਸਾਸਿਤ ਪ੍ਰਦੇਸਾਂ ਨੂੰ ਕੰਮ ਵਾਲੀ ਥਾਂ 'ਤੇ ਔਰਤਾਂ ਦੇ ਸੈਕਸ ਸੋਸਣ (ਰੋਕਥਾਮ, ਮਨਾਹੀ ਅਤੇ ਨਿਵਾਰਣ) ਐਕਟ, 2013 ਦੀ ਦੇਸ ਪੱਧਰੀ ਪਾਲਣਾ ਨੂੰ ਯਕੀਨੀ ਬਣਾਉਣ ਦੇ ਨਿਰਦੇਸ ਦਿੱਤੇ। ਅਦਾਲਤ ਨੇ ਕਿਹਾ ਕਿ ਸਾਰੇ ਸਰਕਾਰੀ ਵਿਭਾਗਾਂ ਤੇ ਅਦਾਰਿਆਂ 'ਚ ਅੰਦਰੂਨੀ ਸ਼ਿਕਾਇਤ ਕਮੇਟੀਆਂ ਦਾ ਗਠਨ ਕਰਨਾ ਚਾਹੀਦਾ ਹੈ। ਜਸਟਿਸ ਬੀ. ਵੀ. ਨਾਗਰਤਨਾ ਤੇ ਜਸਟਿਸ ਐੱਨ. ਕੋਟਿਸਵਰ ਸਿੰਘ ਦੀ ਡਿਵੀਜਨ ਬੈਂਚ ਨੇ ਸਾਰੇ ਸੂਬਿਆਂ ਤੇ ਕੇਂਦਰ ਸਾਸਿਤ ਪ੍ਰਦੇਸਾਂ ਦੇ ਮੁੱਖ ਸਕੱਤਰਾਂ ਨੂੰ ਨਿਰਦੇਸ ਦਿੱਤੇ ਕਿ ਉਹ ਐਕਟ ਨੂੰ ਲਾਗੂ ਕਰਨ ਦੀ ਨਿਗਰਾਨੀ ਕਰਨ ਲਈ ਹਰ ਜ਼ਿਲੇ 'ਚ ਜ਼ਿਲਾ ਅਧਿਕਾਰੀਆਂ ਦੀ ਨਿਯੁਕਤੀ ਨੂੰ ਯਕੀਨੀ ਬਣਾਉਣ। ਸੈਕਸ਼ਨ 5 ਦੇ ਉਪਬੰਧਾਂ ਅਧੀਨ ਇਨ੍ਹਾਂ ਅਧਿਕਾਰੀਆਂ ਨੂੰ ਅੰਦਰੂਨੀ ਸ਼ਿਕਾਇਤ ਕਮੇਟੀਆਂ ਤੋਂ ਬਿਨਾਂ ਜ਼ਿਲਿਆਂ 'ਚ ਕੰਮ ਵਾਲੀ ਥਾਂ 'ਤੇ ਪ੍ਰੇਸਾਨੀ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਧਾਰਾ 6 'ਚ ਨਿਰਧਾਰਤ ਸਥਾਨਕ ਕਮੇਟੀਆਂ ਦਾ ਗਠਨ ਕਰਨ ਦੀ ਲੋੜ ਹੁੰਦੀ ਹੈ। ਇਨ੍ਹਾਂ ਕਮੇਟੀਆਂ ਅਤੇ ਅਧਿਕਾਰੀਆਂ ਦੀ ਅਹਿਮ ਭੂਮਿਕਾ 'ਤੇ ਜੋਰ ਦਿੰਦੇ ਹੋਏ ਜਸਟਿਸ ਨਾਗਰਤਨਾ ਨੇ ਕਿਹਾ ਕਿ ਜ਼ਿਲਾ ਅਧਿਕਾਰੀਆਂ ਨੂੰ ਹਰ ਸ਼ਹਿਰ ਜਾਂ ਖੇਤਰ 'ਚ ਨੋਡਲ ਅਫਸਰ ਵੀ ਨਿਯੁਕਤ ਕਰਨੇ ਚਾਹੀਦੇ ਹਨ ਤਾਂ ਜੋ ਸ਼ਿਕਾਇਤ ਪ੍ਰਬੰਧਨ ਤੇ ਸਥਾਨਕ ਕਮੇਟੀਆਂ ਨੂੰ ਸਿੱਧੀਆਂ ਬੇਨਤੀਆਂ ਕਰਨ ਦੀ ਸਹੂਲਤ ਦਿੱਤੀ ਜਾ



ਸਕੇ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਬੰਧਾਂ ਨੂੰ ਉਨ੍ਹਾਂ ਸੂਬਿਆਂ ਤੇ ਕੇਂਦਰ ਸਾਸਿਤ ਪ੍ਰਦੇਸਾਂ 'ਚ ਲਾਗੂ ਕਰਨ ਦੀ ਸਖਤ ਲੋੜ ਹੈ ਜਿੱਥੇ ਇਨ੍ਹਾਂ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ। ਪਾਰਦਰਸਤਾ ਤੇ ਪਹੁੰਚ ਦੀ ਲੋੜ 'ਤੇ ਜੋਰ ਦਿੰਦੇ ਹੋਏ ਸਿਖਰਲੀ ਅਦਾਲਤ ਨੇ ਨਿਰਦੇਸ ਦਿੱਤਾ ਕਿ ਨੋਡਲ ਅਫਸਰਾਂ ਦੇ ਨਾਂ 'ਸੀ-ਬਾਕਸ' ਪੋਰਟਲ 'ਤੇ ਜਨਤਕ ਤੌਰ 'ਤੇ ਉਪਲਬਧ ਹੋਣੇ ਚਾਹੀਦੇ ਹਨ, ਜੋ ਸੈਕਸ ਸੋਸਣ ਦੀਆਂ ਸ਼ਿਕਾਇਤਾਂ ਦਾਇਰ ਕਰਨ ਲਈ ਇਕ ਕੇਂਦਰੀ ਆਨਲਾਈਨ ਪਲੇਟਫਾਰਮ ਹੈ।

## ਬੁਰੇ ਫਸੇ ਪੱਪੂ ਯਾਦਵ ! ਜੈੱਡ ਸਕਿਓਰਿਟੀ ਲਈ ਲਾਰੈਂਸ ਦੇ ਨਾਂ ਦੀ ਕੀਤੀ ਵਰਤੋਂ

ਪਟਨਾ, 5 ਦਸੰਬਰ। ਪਿਛਲੇ ਡੇਢ ਮਹੀਨੇ ਤੋਂ ਪੂਰਨੀਆ ਤੋਂ ਸੰਸਦ ਮੈਂਬਰ ਪੱਪੂ ਯਾਦਵ ਲਗਾਤਾਰ ਸ਼ਿਕਾਇਤਾਂ ਕਰ ਰਹੇ ਸਨ ਕਿ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ ਅਤੇ ਇਹ ਧਮਕੀ ਹੋਰ ਕੋਈ ਨਹੀਂ ਸਗੋਂ ਬਦਨਾਮ ਲਾਰੈਂਸ ਬਿਸਨੋਈ ਗੈਂਗ ਦੇ ਲੋਕ ਹੀ ਦੇ ਰਹੇ ਹਨ। ਇਨ੍ਹਾਂ ਧਮਕੀਆਂ ਤੋਂ ਬਾਅਦ



ਪੱਪੂ ਯਾਦਵ ਸੁਰੂ ਤੋਂ ਹੀ ਕੇਂਦਰ ਸਰਕਾਰ ਤੋਂ ਆਪਣੀ ਸੁਰੱਖਿਆ ਵਧਾਉਣ ਦੀ ਮੰਗ ਕਰਦੇ ਆ ਰਹੇ ਹਨ। ਪੱਪੂ ਯਾਦਵ ਕੋਲ ਫਿਲਹਾਲ ਵਾਈ ਸਕਿਓਰਿਟੀ ਹੈ, ਪਰ ਉਹ ਜੈੱਡ ਸਕਿਓਰਿਟੀ ਦੀ ਮੰਗ ਕਰ ਰਹੇ ਹਨ। ਇਸ ਦੌਰਾਨ ਪੁਲਸ ਨੇ ਵੱਡਾ ਖੁਲਾਸਾ ਕੀਤਾ ਹੈ। ਦਰਅਸਲ, ਬੀਤੇ ਦਿਨ ਪੱਪੂ ਯਾਦਵ ਨੂੰ ਧਮਕੀ ਦੇਣ ਦੇ ਦੋਸ ਵਿਚ ਪੁਲਸ ਨੇ ਇਕ ਮੁਲਜਮ ਨੂੰ ਗ੍ਰਿਫਤਾਰ ਕੀਤਾ ਸੀ। ਉਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਸੰਸਦ ਮੈਂਬਰ ਦੇ ਸਮਰਥਕਾਂ ਨੇ ਉਨ੍ਹਾਂ ਨੂੰ ਪੈਸਿਆਂ ਦਾ ਲਾਲਚ ਦਿੱਤਾ ਸੀ ਅਤੇ ਕਿਹਾ ਕਿ ਨੇਤਾ ਜੀ ਦੀ ਸੁਰੱਖਿਆ ਵਧਾਉਣ ਦੀ ਲੋੜ ਹੈ। ਇਸ ਲਈ ਉਨ੍ਹਾਂ ਨੂੰ ਧਮਕੀ ਭਰੀਆਂ ਮੇਲਾਂ ਕੀਤੀਆਂ ਗਈਆਂ। ਕੰਮ ਤੋਂ ਪਹਿਲਾਂ 2000 ਰੁਪਏ ਦਿੱਤੇ ਗਏ ਸਨ ਅਤੇ ਕਿਹਾ ਗਿਆ ਸੀ ਕਿ ਕੰਮ ਹੋਣ ਤੋਂ ਬਾਅਦ 2 ਲੱਖ ਰੁਪਏ ਦਿੱਤੇ ਜਾਣਗੇ।




## ਸੰਗਰੂਰ ‘ਚ ਚਿੱਟੇ ਦਿਨ ਲੁਟੇਰਿਆਂ ਦੀ ਦਹਿਸ਼ਤ, ਚਾਕੂ ਦੀ ਨੋਕ ‘ਤੇ ਔਰਤ ਨੂੰ ਬੰਧਕ ਬਣਾ ਲੁੱਟੇ 80 ਹਜਾਰ ਰੁਪਏ

ਸੁਨਾਮ, ਊਧਮ ਸਿੰਘ ਵਾਲਾ 5 ਦਸੰਬਰ। ਸੁਨਾਮ ਸਹਿਰ ਦੇ ਸੰਘਣੀ ਆਬਾਦੀ ਵਾਲੇ ਇਲਾਕੇ ’ਚ ਨਕਾਬਪੋਸ ਲੁਟੇਰਿਆਂ ਨੇ ਇਕ ਘਰ ’ਚ ਦਾਖਲ ਹੋ ਕੇ ਚਾਕੂ ਦੀ ਨੋਕ ’ਤੇ 80 ਹਜਾਰ ਰੁਪਏ ਲੁੱਟ ਕੇ ਫਰਾਰ ਹੋ ਗਏ। ਘਟਨਾ ਦੌਰਾਨ ਔਰਤ ਦੇ ਸੱਟਾਂ ਲੱਗੀਆਂ ਹਨ ਅਤੇ ਉਸਨੂੰ ਇਲਾਜ ਲਈ ਨਿੱਜੀ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਹੈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਦੋ ਨਕਾਬਪੋਸ ਲੁਟੇਰੇ ਬੇਖੌਫ ਹੋ ਕੇ ਘਰ ’ਚ ਦਾਖਲ ਹੋਏ। ਹਸਪਤਾਲ ’ਚ ਜੇਰੇ ਇਲਾਜ ਪੀੜਤ ਲਕਸਮੀ ਦੇਵੀ (45) ਨੇ ਦੱਸਿਆ ਕਿ ਉਹ ਬੁੱਧਵਾਰ ਸਵੇਰੇ ਕਰੀਬ 8.30 ਵਜੇ ਘਟਨਾ ਦੌਰਾਨ ਔਰਤ ਦੇ ਸੱਟਾਂ ਲੱਗੀਆਂ ਹਨ ਅਤੇ ਉਸਨੂੰ ਇਲਾਜ ਲਈ ਨਿੱਜੀ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਹੈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਦੋ ਨਕਾਬਪੋਸ ਲੁਟੇਰੇ ਬੇਖੌਫ ਹੋ ਕੇ ਘਰ ’ਚ ਦਾਖਲ ਹੋਏ। ਹਸਪਤਾਲ ’ਚ ਜੇਰੇ ਇਲਾਜ ਪੀੜਤ ਲਕਸਮੀ ਦੇਵੀ (45) ਨੇ ਦੱਸਿਆ ਕਿ ਉਹ ਬੁੱਧਵਾਰ ਸਵੇਰੇ ਕਰੀਬ 8.30 ਵਜੇ ਨ੍ਹ ਲਿਆ ਅਤੇ ਫਿਰ ਉਸਦੀਆਂ ਬਾਹਾਂ ’ਚ ਰੱਸੀਆਂ ਪਾ ਕੇ ਕੁਰਸੀ ਨਾਲ ਬੰਨ੍ਹ ਦਿੱਤਾ। ਰੌਲਾ ਪਾਉਣ ’ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਕਰੀਬ ਅੱਠ-ਦਸ ਮਿੰਟ ਤੱਕ ਘਰ ਦੀ ਤਲਾਸੀ ਲੈਂਦੇ ਰਹੇ ਅਤੇ ਅਲਮਾਰੀ ’ਚ ਰੱਖੇ 80 ਹਜਾਰ ਰੁਪਏ ਲੁੱਟ ਕੇ ਫਰਾਰ ਹੋ ਗਏ। ਪੀੜਤ ਲਕਸਮੀ ਦੇਵੀ ਨੇ ਦੱਸਿਆ ਕਿ ਉਸਦੇ ਹੱਥਾਂ ’ਚ ਪਈਆਂ ਚਾਂਦੀ ਦੀਆਂ ਚੂੜੀਆਂ ਲੁੱਟਣ ਦੀ ਕੋਸ?ਿਸ ਕੀਤੀ ਗਈ ਪਰ ਲੁਟੇਰੇ ਇਸ ’ਚ ਕਾਮਯਾਬ ਨਹੀਂ ਹੋ ਸਕੇ। ਹਾਲਾਂਕਿ ਉਸ ਦੀ ਬਾਂਹ ’ਤੇ ਸੱਟਾਂ ਹਨ। ਲੁਟੇਰਿਆਂ ਦੇ ਜਾਣ ਤੋਂ ਬਾਅਦ ਪੀੜਤਾ ਨੇ ਕਿਸੇ ਤਰ੍ਹਾਂ ਰੱਸੇ ਤੋਂ ਛੁਡਵਾ ਕੇ ਆਪਣੇ ਪਤੀ ਨੂੰ ਬੁਲਾਇਆ। ਉਸਦੇ ਪਤੀ ਵਿਨੋਦ ਕੁਮਾਰ ਨੇ ਘਰ ਪਹੁੰਚ ਕੇ ਜਖਮੀ ਪਤਨੀ ਨੂੰ ਸੰਭਾਲਿਆ। ਇਲਾਜ ਲਈ ਨਿੱਜੀ ਹਸਪਤਾਲ ’ਚ ਦਾਖਲ ਕਰਵਾਇਆ। ਘਟਨਾ ਕਾਰਨ ਇਲਾਕੇ ’ਚ ਦਹਿਸਤ ਫੈਲ ਗਈ ਹੈ। ਐੱਸ. ਐੱਚ. ਓ. ਅਜੇ ਕੁਮਾਰ ਨੇ ਦੱਸਿਆ ਕਿ ਘਟਨਾ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਸਬੰਧਤ ਖੇਤਰ ਦੇ ਸੀ. ਸੀ. ਟੀ. ਵੀ. ਦੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ

# 3 ਪੇਜ ਦਾ ਲਗਭਗ ਸੁਸਾਈਡ ਨੋਟ ਲਿਖ 11ਵੀਂ ਦੀ ਵਿਦਿਆਰਥਣ ਘਰੋਂ ਭੱਜੀ

ਲੁਧਿਆਨਾ 5 ਦਸੰਬਰ। ਥਾਣਾ ਜਮਾਲਪੁਰ ਦੇ ਖੇਤਰ ਗੁਰੂ ਰਾਮ ਦਾਸ ਕਾਲੋਨੀ ਤਾਜਪੁਰ ਇਲਾਕੇ ਵਿਚ ਇਕ 11ਵੀਂ ਦੀ ਵਿਦਿਆਰਥਣ ਨੂੰ ਦੋ ਨੌਜਵਾਨਾਂ ਵੱਲੋਂ ਫੋਟੋ ਅਤੇ ਵੀਡੀਓ ਵਾਇਰਲ ਕਰਨ ਦੀਆਂ ਧਮਕੀਆਂ ਦੇ ਕੇ ਬਲੈਕਮੇਲ ਕਰ ਕੇ ਪੈਸੇ ਮੰਗਣ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਤੋਂ ਬਾਅਦ ਵਿਦਿਆਰਥਣ ਨੇ ਇਨ੍ਹਾਂ ਤੋਂ ਤੰਗ ਆ ਕੇ ਖੁਦਕੁਸ਼ੀ ਕਰਨ ਲਈ ਮਜਬੂਰ ਕਰਨ ਦੀ ਸਾਰੀ ਸੱਚਾਈ ਇਕ ਨੋਟ ਵਿਚ ਲਿਖ ਦਿਤੀ, ਜਿਸ ਦੇ ਬਾਅਦ ਵਿਦਿਆਰਥਣ ਦੇ ਰਿਸ਼ਤੇਦਾਰਾਂ ਨੇ ਘਰੋਂ ਕਿਧਰੇ ਜਾਣ ਦੀ ਸ਼ਿਕਾਇਤ ਪੁਲਸ ਕੋਲ ਦਰਜ ਕਰਵਾਈ ਪਰ ਹੁਣ ਤੱਕ ਪੁਲਸ ਵਿਦਿਆਰਥਣ ਨੂੰ ਬਰਾਮਦ ਨਹੀਂ ਕਰ ਸਕੀ ਹੈ। ਮੇਰੀ ਖੁਦਕੁਸ਼ੀ ਦਾ ਕਾਰਨ ਰੋਹਿਤ ਅਤੇ ਸੰਜੀਵ ਹਨ, ਰੋਹਿਤ ਉਹ ਹੈ ਜਿਸ ਨੂੰ ਮੈਂ ਪਿਆਰ ਕਰਦੀ ਸੀ, ਜਿਸ ਦੇ ਨਾਲ ਮੇਰੀਆਂ ਤਿੰਨ ਚਾਰ ਫੋਟੋਆਂ ਹਨ। ਇਹ ਫੋਟੋ ਸੰਜੀਵ ਨੇ ਦੇਖ ਲਈਆਂ ਅਤੇ ਚੋਰੀ ਛੁਪੇ ਆਪਣੇ ਮੋਬਾਇਲ ਵਿਚ ਲੈ ਲਈਆਂ ਅਤੇ ਰੋਹਿਤ ਨੂੰ ਬਲੈਕਮੇਲ ਕਰ ਕੇ ਪੈਸੇ ਮੰਗਣ ਲੱਗਾ ਕਿ ਜੇਕਰ ਉਸ ਨੇ ਪੈਸੇ ਨਹੀਂ ਦਿੱਤੇ ਤਾਂ ਫੋਟੋ ਇੰਸਟਾਗ੍ਰਾਮ ਫੇਸਬੁਕ ’ਤੇ ਪਾ ਦੇਵੇਗਾ। ਰੋਹਿਤ ਨੇ ਬਦਨਾਮੀ ਦੇ ਡਰ ਨਾਲ ਉਸਨੂੰ ਪੈਸੇ ਦਿੱਤੇ। ਫਿਰ ਵੀ ਸੰਜੀਵ ਨੇ ਫੋਟੋ ਡਿਲੀਟ ਨਹੀਂ ਕੀਤੀਆਂ। ਇਕ ਦਿਨ ਰੋਹਿਤ ਦਾ ਮੈਸੇਜ ਆਇਆ ਕਿ ਸੰਜੀਵ ਨੇ ਸਾਡੀਆਂ ਫੋਟੋ ਇਕ ਸਾਥ ਭੇਜੀਆਂ ਹਨ ਤੇ



ਕਿਹਾ ਜੇਕਰ ਮੇਰੀ ਗੱਲ ਨਾ ਮੰਨੀ ਤਾਂ ਮੇਰੀ ਮੰਮੀ ਅਤੇ ਸੋਸ਼ਲ ਸਾਈਟਾਂ ’ਤੇ ਪਾ ਦੇਵੇਗਾ। ਮੈਂ ਉਸਦੀ ਗੱਲ ਮੰਨ ਲਈ ਅਤੇ ਜਿਵੇਂ ਉਸ ਨੇ ਕਿਹਾ ਕਿ ਉਸੇ ਤਰ੍ਹਾਂ ਕੀਤਾ, ਜਿਸ ਦੀ ਉਸ ਨੇ ਵੀਡੀਓ ਬਣਾ ਲਈ। ਵਿਦਿਆਰਥਣ ਨੇ ਇਹ ਵੀ ਲਿਖਿਆ ਹੈ ਕਿ ਮੇਰਾ ਫੋਨ ਕੇਵਲ ਲੇਡੀਜ ਮੁਲਾਜ਼ਮ ਨੂੰ ਦਿਖਾਇਆ ਜਾਵੇ ਇਸ ਵਿਚ ਮੇਰੀ ਚੋਰੀ ਨਾਲ ਵੀਡੀਓ ਬਣਾਈ ਗਈ ਹੈ। ਸੰਜੀਵ ਮੇਰੇ ਨਾਮ ਦੀ ਫਰਜ਼ੀ ਆਈ ਬਣਾ ਕੇ ਦੋਸਤਾਂ ਨੂੰ ਗੰਦੇ ਮੈਸੇਜ ਭੇਜਦਾ ਸੀ ਅਤੇ ਮੈਨੂੰ ਡਰਾਵੁੰਦਾ ਸੀ ਕਿ ਤੇਰੇ ਗੁਆਂਢੀਆਂ ਨੂੰ ਤੇਰੀ ਵੀਡੀਓ ਭੇਜਾਂਗਾ। ਲੜਕੀ ਨੇ ਸੁਸਾਈਡ ਨੋਟ ਵਿਚ ਕਿਹਾ ਕਿ ਮੇਰਾ ਫੋਨ ਸਿਰਫ ਲੇਡੀ ਮੁਲਾਜ਼ਮ ਨੂੰ ਦਿਖਾਇਆ ਜਾਵੇ ਕਿਉਂਕਿ ਮੇਰੀਆਂ ਅਪੱਤੀਜਨਕ ਫੋਟੋ ਫੋਨ ’ਚ ਹਨ। ਵਿਦਿਆਰਥਣ ਨੇ ਲਿਖਿਆ ਕਿ 11ਵੀਂ ਕਲਾਸ ਦੀ ਵਿਦਿਆਰਥਣ ਹੈ ਉਸਦੇ ਪੇਪਰ ਚੱਲ ਰਹੇ ਹਨ ਪਰ ਟੈਂਸ਼ਨ ਦੀ ਵਜ੍ਹਾ ਨਾਲ ਪੇਪਰ ਨਹੀਂ ਦੇ ਪਾ ਰਹੀ ਕਿਉਂਕਿ ਡਰ ਲੱਗਦਾ ਹੈ ਕਿ ਰੋਹਿਤ ਅਤੇ ਸੰਜੀਵ ਦੋਵੇਂ ਮਿਲ ਕੇ ਕਿਤੇ ਵੀਡੀਓ ਅਤੇ ਫੋਟੋ ਮੇਰੇ ਮਾਤਾ ਪਿਤਾ ਨੂੰ ਨਾ ਦਿਖਾ ਦੇਣ। ਜਿਸ ਤੋਂ ਤੰਗ ਆ ਕੇ ਗੰਦੇ ਨਾਲੇ ਵਿਚ ਸੁਸਾਈਟ ਕਰਨ ਦੀ ਗੱਲ ਲਿਖੀ ਹੈ। ਲੜਕੀ ਦੇ ਮਾਤਾ ਪਿਤਾ ਦੇ ਮੁਤਾਬਕ ਸੀ. ਸੀ. ਟੀ. ਵੀ ਵਿਚ ਲਗਭਗ ਰਾਤ ਦੇ 2 ਵਜੇ ਉਹ ਗੰਦੇ ਨਾਲੇ ਦੀ ਪੁਲੀ ਤੱਕ ਜਾਂਦੀ ਮਿਲੀ ਪਰ ਉਸਦੇ ਬਾਅਦ ਉਹ ਉਥੇ ਨਹੀਂ ਸੀ ਉਨਾਂ ਨੂੰ ਸ਼ੱਕ ਹੈ ਕਿ ਕਿਤੇ ਉਸਨੇ ਗੰਦੇ ਨਾਲੇ ਛਾਲ ਨਾ ਮਾਰ ਦਿਤੀ ਹੋਵੇ ਇਸ ਸਬੰਧੀ ਪੁਲਸ ਨੂੰ ਵੀ ਕਿਹਾ ਗਿਆ ਸੀ ਪਰ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ। ਮਾਮਲੇ ਸਬੰਧੀ ਥਾਣਾ ਜਮਾਲਪੁਰ ਵਿਚ ਗੱਲ ਕਰਨ ’ਤੇ ਪਤਾ ਲੱਗਾ ਕਿ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਮੁਲਜ਼ਮਾਂ ਤੋਂ ਪੁੱਛਗਿਛ ਕੀਤੀ ਜਾ ਰਹੀ ਹੈ।

# ਕਪੂਰਥਲਾ ਜਿਲ੍ਹੇ ’ਚ ਵੱਡੇ ਪੱਧਰ ’ਤੇ ਚੈਕਿੰਗ ਮੁਹਿੰਮ, 15 ਥਾਣਾ ਖੇਤਰਾਂ ਦੀ ਪੁਲਸ ਨੇ ਕੀਤੀ ਵਿਸ਼ੇਸ਼ ਨਾਕਾਬੰਦੀ

ਕਪੂਰਥਲਾ 5 ਦਸੰਬਰ। ਸ਼ਨੀਵਾਰ ਨੂੰ ਪੰਜਾਬ ਪੁਲਸ ਵੱਲੋਂ ਸੂਬੇ ਭਰ ’ਚ ਜਾਰੀ ਕੀਤੇ ਗਏ ਹਾਈ ਅਲਰਟ ਨੂੰ ਵੇਖਦੇ ਹੋਏ ਕਪੂਰਥਲਾ ਪੁਲਸ ਨੇ ਪੂਰੇ ਜ਼ਿਲ੍ਹੇ ’ਚ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਹਨ, ਜਿਸ ਦੇ ਤਹਿਤ ਜਿੱਥੇ ਜ਼ਿਲ੍ਹੇ ਦੇ ਸਾਰੇ 15 ਖੇਤਰਾਂ ਦੀ ਪੁਲਸ ਨੂੰ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਤਾਇਨਾਤ ਕੀਤਾ ਗਿਆ ਹੈ ਉਥੇ ਹੀ ਜ਼ਿਲ੍ਹੇ ਦੇ ਪ੍ਰਮੁੱਖ ਸੰਵੇਦਨਸ਼ੀਲ ਥਾਵਾ ’ਤੇ ਪੁਲਸ ਨੇ ਵੱਡੇ ਪੱਧਰ ’ਤੇ ਨਾਕਾਬੰਦੀ ਕਰਕੇ ਵੱਡੀ ਗਿਣਤੀ ’ਚ ਵਾਹਨਾਂ ਦੀ ਤਲਾਸ਼ੀ ਲਈ। ਜ਼?ਿਕਰਯੋਗ ਹੈ ਕਿ ਸ਼ਨੀਵਾਰ ਨੂੰ ਪੰਜਾਬ ਪੁਲਸ ਨੇ ਅੰਮ੍ਰਿਤਪਾਲ ਸਿੰਘ ਖ਼?ਿਲਾਫ ਵੱਡੇ ਪੱਧਰ ’ਤੇ ਕਾਰਵਾਈ ਕੀਤੀ ਹੈ, ਜਿਸ ਦੇ ਤਹਿਤ ਪੰਜਾਬ ਭਰ ’ਚ ਸੁਰੱਖਿਆ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਸਨ, ਜਿਸ ਨੂੰ ਲੈ ਕੇ ਐੱਸ. ਐੱਸ. ਪੀ. ਕਪੂਰਥਲਾ ਰਾਜਪਾਲ ਸਿੰਘ ਸੰਧੂ ਦੇ ਹੁਕਮਾਂ ’ਤੇ ਕਪੂਰਥਲਾ ਪੁਲਸ ਨੇ ਜ਼ਿਲ੍ਹੇ ਦੇ ਸਾਰੇ 15 ਥਾਣਾ ਖੇਤਰਾਂ ’ਚ ਵੱਡੇ ਪੱਧਰ ’ਤੇ ਚੈਕਿੰਗ ਮੁਹਿੰਮ ਸ਼ੁਰੂ ਕੀਤੀ। ਇਸ ਮੌਕੇ ਰਾਸ਼ਟਰੀ ਰਾਜ



ਮਾਰਗਾਂ ਅਤੇ ਪ੍ਰਮੁੱਖ ਹਾਈਵੇਜ ’ਤੇ ਪੁਲਸ ਟੀਮਾਂ ਨੇ ਨਾਕਾਬੰਦੀ ਕਰਕੇ ਆਉਣ-ਜਾਣ ਵਾਲੇ ਵਾਹਨਾਂ ਦੀ ਵੱਡੇ ਪੱਧਰ ’ਤੇ ਚੈਕਿੰਗ ਕੀਤੀ ਅਤੇ ਵਾਹਨ ਸਵਾਰਾਂ ਦੇ ਨਾਂ ਤੇ ਪਤੇ ਨੋਟ ਕੀਤੇ ਗਏ। ਡੀ. ਐੱਸ. ਪੀ. ਸਬ-ਡਿਵੀਜਨ ਮਨਿੰਦਰਪਾਲ ਸਿੰਘ ਨੇ ਕਪੂਰਥਲਾ ਸਬ-ਡਿਵੀਜਨ ਦੇ ਤਿੰਨਾਂ ਥਾਣਾ ਖੇਤਰਾਂ ਥਾਣਾ ਸਿਟੀ, ਥਾਣਾ ਸਦਰ ਅਤੇ ਥਾਣਾ ਕੋਤਵਾਲੀ ਦੀਆਂ ਪੁਲਸ ਟੀਮਾਂ ਨੂੰ ਨਾਲ ਲੈ ਕੇ ਮਾਲ ਰੋਡ, ਸੈਨਿਕ ਸਕੂਲ ਖੇਤਰ, ਫੱਤੂਢੀਂਗਾ ਚੁੰਗੀ, ਜਲੰਧਰ ਰੋਡ ਅਤੇ ਕਈ ਪ੍ਰਮੁੱਖ ਸੰਵੇਦਨਸ਼ੀਲ ਥਾਵਾਂ ’ਤੇ ਕਈ ਘੰਟਿਆਂ ਤੱਕ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕੀਤੀ। ਇਸ ਦੌਰਾਨ ਬੱਸ ਸਟੈਂਡ ਤੇ ਰੇਲਵੇ ਸਟੇਸ਼ਨ ’ਤੇ ਵਿਸ਼ੇਸ਼ ਨਜਰ ਰੱਖੀ ਗਈ। ਇਸ ਮੌਕੇ ਡੀ. ਐੱਸ. ਪੀ. ਮਨਿੰਦਰਪਾਲ ਸਿੰਘ ਦੇ ਨਾਲ ਐੱਸ. ਐੱਚ. ਓ. ਸਿਟੀ ਕ੍ਰਿਪਾਲ ਸਿੰਘ, ਐੱਸ. ਐੱਚ. ਓ. ਕੋਤਵਾਲੀ ਹਰਜੀਤ ਸਿੰਘ, ਥਾਣਾ ਸਦਰ ਕਪੂਰਥਲਾ ਦੇ ਐੱਸ. ਐੱਚ. ਓ. ਇੰਸਪੈਕਟਰ ਸੋਨਮਦੀਪ ਕੌਰ ਅਤੇ ਪੀ. ਸੀ. ਆਰ ਇੰਚਾਰਜ ਦਰਸ਼ਨ ਸਿੰਘ ਆਦਿ ਵੀ ਹਾਜਰ ਸਨ।

## ਸੋਸ਼ਲ ਮੀਡੀਆ ‘ਤੇ ਅਸ਼ਲੀਲ ਵੀਡੀਓਜ ਭੇਜਣ ਵਾਲੇ ਸਾਵਧਾਨ ! ਲੁਧਿਆਣਾ ਦੇ ਵਿਅਕਤੀ ਨੂੰ ਹੋਈ 3 ਸਾਲ ਦੀ ਕੈਦ

ਚੰਡੀਗੜ੍ਹ/ਲੁਧਿਆਣਾ 5 ਦਸੰਬਰ। ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਐੱਸ.ਏ.ਐੱਸ.ਨਗਰ ਨੇ ਲੁਧਿਆਣਾ ਦੇ ਇਕ ਵਿਅਕਤੀ ਨੂੰ ਫੇਸਬੁੱਕ ਮੈਸੇਂਜਰ ਰਾਹੀਂ ਬਾਲ ਅਸ਼ਲੀਲ ਸਮੱਗਰੀ ਪ੍ਰਸਾਰਿਤ ਕਰਨ ਦੇ ਦੋਸ਼ ਵਿਚ ਤਿੰਨ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਨਾਲ ਹੀ 10000 ਰੁਪਏ ਦਾ ਜ਼ੁਰਮਾਨਾ ਵੀ ਲਗਾਇਆ ਹੈ। ਮੁਲਜ਼ਮ ਦੀ ਪਛਾਣ ਲੁਧਿਆਣਾ ਦੇ ਪਿੰਡ ਸਾਹਨੇਵਾਲ ਦੇ ਰਹਿਣ ਵਾਲੇ ਅਨੁਜ ਕੁਮਾਰ ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਨੈਸ਼ਨਲ ਸੈਂਟਰ ਫਾਰ ਮਿਸਿੰਗ ਐਂਡ ਐਕਸਪਲੋਇਟਿਡ ਚਿਲਡਰਨ (ਐੱਨ.ਸੀ.ਐੱਮ.ਈ.ਸੀ.) ਤੋਂ ਨੈਸ਼ਨਲ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ (ਐੱਨ.ਸੀ.ਆਰ.ਪੀ.) ’ਤੇ ਪ੍ਰਾਪਤ ਬਾਲ ਅਸ਼ਲੀਲ ਸਮੱਗਰੀ ਦੇ ਪ੍ਰਸਾਰਣ ਸੰਬੰਧੀ ਮਿਲੀ ਸਾਈਬਰ ਸੂਹ ਤੋਂ ਬਾਅਦ, ਪੰਜਾਬ ਰਾਜ ਸਾਈਬਰ ਕ੍ਰਾਈਮ ਸੈੱਲ ਦੀ ਇਕਾਈ ਔਰਤਾਂ ਅਤੇ ਬੱਚਿਆਂ ਦੇ ਵਿਰੁੱਧ ਸਾਈਬਰ ਅਪਰਾਧ ਰੋਕਥਾਮ (ਸੀ.ਸੀ.ਪੀ.ਡਬਲਿਊ.ਸੀ.) ਨੇ, ਮਾਮਲੇ ਦੀ ਜਾਂਚ ਸ਼ੁਰੂ ਕੀਤੀ , ਜਿਸ ਤੋਂ ਪਤਾ ਲੱਗਾ ਹੈ ਕਿ ਸ਼ੱਕੀ ਵਿਅਕਤੀ ਨੇ 27-11-2020 ਨੂੰ ਫੇਸਬੁੱਕ ਮੈਸੇਂਜਰ ਰਾਹੀਂ ਬਾਲ ਅਸ਼ਲੀਲ ਵੀਡੀਓ ਕਲਿੱਪ ਪ੍ਰਸਾਰਿਤ ਕੀਤੀ ਸੀ। ਇਸ ਤੋਂ ਬਾਅਦ, ਬਾਲ ਅਸ਼ਲੀਲ ਸਮੱਗਰੀ ਨੂੰ ਅਪਲੋਡ/ਪ੍ਰਸਾਰਿਤ ਕਰਨ ਲਈ ਪੁਲਸ ਸਟੇਸ਼ਨ ਸਟੇਟ ਸਾਈਬਰ ਕ੍ਰਾਈਮ, ਪੰਜਾਬ ਵਿਖੇ ਆਈ.ਟੀ. ਐਕਟ ਦੀ ਧਾਰਾ 67-ਬੀ ਤਹਿਤ ਕੇਸ ਐਫਆਈਆਰ ਨੰਬਰ 18 ਮਿਤੀ 18.09.2021 ਦਰਜ ਕੀਤਾ ਗਿਆ ਸੀ। ਇਸ ਸਬੰਧ ਵਿਚ ਕੀਤੀ ਜਾਂਚ ਦੌਰਾਨ, ਵੱਖ-ਵੱਖ ਇੰਟਰਨੈਟ ਸੇਵਾ ਪ੍ਰਦਾਤਾਵਾਂ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਆਈ.ਪੀ. ਐਡਰੈਸ ਸਮੇਤ ਤਕਨੀਕੀ ਵੇਰਵੇ ਮੰਗੇ ਗਏ ਸਨ, ਤਾਂ ਜੋ ਦੋਸ਼ੀ ਦੀ ਪਛਾਣ ਕੀਤੀ ਜਾ ਸਕੇ। ਦੋਸ਼ੀ ਨੂੰ 13 ਜਨਵਰੀ, 2022 ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਅਤੇ ਉਸ ਦੇ ਕਬਜ਼ੇ ਵਿਚੋਂ ਅਪਰਾਧ ਕਰਨ ਲਈ ਵਰਤਿਆ ਗਿਆ ਮੋਬਾਈਲ ਫੋਨ ਵੀ ਬਰਾਮਦ ਕੀਤਾ ਗਿਆ ਸੀ। ਡੀ.ਆਈ.ਜੀ. ਸਾਈਬਰ ਕ੍ਰਾਈਮ ਨੀਲਾਂਬਰੀ ਜਗਦਲੇ ਨੇ ਦੱਸਿਆ ਕਿ ਇਲੈਕਟ੍ਰਾਨਿਕ ਰੂਪ ਵਿਚ ਕਿਸੇ ਵੀ ਸਮੱਗਰੀ ਨੂੰ ਪ੍ਰਕਾਸ਼ਿਤ ਜਾਂ ਪ੍ਰਦਰਸ਼ਿਤ ਕਰਨਾ ਜਿਸ ਵਿਚ ਬੱਚਿਆਂ ਨੂੰ ਅਸ਼ਲੀਲ ਹਰਕਤਾਂ ਜਾਂ ਵਿਵਹਾਰ ਵਿਚ ਸ਼ਾਮਲ ਦਿਖਾਇਆ ਗਿਆ ਹੋਵੇ ਜਾਂ ਇਤਰਾਜ਼ਯੋਗ ਟੈਕਸਟ ਜਾਂ ਡਿਜੀਟਲ ਚਿੱਤਰ ਬਣਾਏ ਗਏ ਹੋਣ, ਅਜਿਹੀ ਕਿਸੇ ਵੀ ਸਮੱਗਰੀ ਨੂੰ ਇਕੱਤਰ ਕਰਨਾ, ਖੋਜਣਾ, ਬ੍ਰਾਊਜ਼ ਕਰਨਾ, ਡਾਊਨਲੋਡ ਕਰਨਾ, ਇਸ਼ਤਿਹਾਰ ਦੇਣਾ, ਪ੍ਰਚਾਰ ਕਰਨਾ, ਅਦਾਨ-ਪ੍ਰਦਾਨ ਜਾਂ ਵੰਡਣਾ,ਜਿਸ ਵਿਚ ਇਲੈਕਟਰਾਨਿਕ ਰੂਪ ਵਿਚ ਬੱਚਿਆਂ ਦੇ ਨਿੱਜਤਾ ਅਤੇ ਜਿਣਸੀ ਸ਼ੋਸ਼ਣ ਹੋਵੇ, ਨੂੰ ਦਰਸਾਉਣਾ ਇਕ ਸਜ਼ਾਯੋਗ ਕਾਰਵਾਈ ਹੈ ਜਿਸ ਵਿਚ ਪੰਜ ਸਾਲ ਤਕ ਦੀ ਕੈਦ ਅਤੇ ਜੁਰਮਾਨੇ ਦੀ ਵਿਵਸਥਾ ਹੈ, ਜੋ 10 ਲੱਖ ਰੁਪਏ ਤੱਕ ਹੋ ਸਕਦਾ ਹੈ। ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਉਨ੍ਹਾਂ ਦੀਆਂ ਆਨਲਾਈਨ ਗਤੀਵਿਧੀਆਂ ਬਾਰੇ ਖੁੱਲ੍ਹ ਕੇ ਗੱਲ ਕਰਨ, ਬੱਚਿਆਂ ਨੂੰ ਆਪਦੀ ਨਿਗਰਾਨੀ ਹੇਠ ਸਕ੍ਰੀਨਾਂ ਅਤੇ ਡਿਵਾਈਸਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣ, ਬੱਚਿਆਂ ਦੇ ਆਨਲਾਈਨ ਦੋਸਤਾਂ ’ਤੇ ਅੱਖ ਰੱਖਣ ਅਤੇ ਬੱਚਿਆਂ ਨੂੰ ਉਨ੍ਹਾਂ ਦੀ ਨਿੱਜਤਾ ਗੁਪਤ ਰੱਖਣਾ ਸਿਖਾਉਣ ਲਈ ਕਿਹਾ। ਜ਼ਿਕਰਯੋਗ ਹੈ ਕਿ ਸੀ.ਸੀ.ਪੀ.ਡਬਲਯੂ.ਸੀ. ਔਰਤਾਂ ਅਤੇ ਬੱਚਿਆਂ ਵਿਰੁੱਧ ਸਾਈਬਰ ਅਪਰਾਧਾਂ ਨੂੰ ਰੋਕਣ ਅਤੇ ਨਜਿੱਠਣ ਲਈ ਸਥਾਪਿਤ ਕੀਤੀ ਗਈ ਇਕ ਵਿਸ਼ੇਸ਼ ਇਕਾਈ ਹੈ।

## 15 ਸਾਲਾ ਕੁੜੀ ਨੂੰ ਨਸ਼ੀਲੀ ਦਵਾਈ ਦੇ ਕੇ ਟੱਪੀਆਂ ਬੇਸ਼ਰਮੀ ਦੀਆਂ ਹੱਦਾਂ, ਜਦ ਹੋਈ ਗਰਭਵਤੀ ਤਾਂ ਉੱਡੇ ਸਭ ਦੇ ਹੋਸ਼

ਜਲੰਧਰ 5 ਦਸੰਬਰ। ਕਾਲਾ ਸੰਘਿਆਂ ਰੋਡ ਨੇੜੇ ਰਹਿਣ ਵਾਲੀ 15 ਸਾਲਾ ਨਾਬਾਲਗ ਕੁੜੀ ਨਾਲ 40 ਸਾਲਾ ਵਿਅਕਤੀ ਨਸੇ ਵਾਲਾ ਪਦਾਰਥ ਦੇ ਕੇ ਸਰੀਰਕ ਸੰਬੰਧ ਬਣਾਉਂਦਾ ਰਿਹਾ। ਇੰਨਾ ਹੀ ਨਹੀਂ ਨਾਬਾਲਗ ਕੁੜੀ ਨੂੰ ਹਵਸ ਦਾ ਸ?ਿਕਾਰ ਬਣਾਉਣ ਵਾਲਾ ਵਿਅਕਤੀ ਉਸ ਨੂੰ ਧਮਕੀਆਂ ਦਿੰਦਾ ਰਿਹਾ ਕਿ ਜੇਕਰ ਉਸ ਨੇ ਇਹ ਗੱਲ ਕਿਸੇ ਨੂੰ ਦੱਸੀ ਤਾਂ ਉਹ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰ ਦੇਵੇਗਾ। ਅਖੀਰ ਇਸ ਘਟਨਾ ਦਾ ਉਦੋਂ ਪਤਾ ਲੱਗਾ ਜਦੋਂ ਨਾਬਾਲਗ ਕੁੜੀ ਗਰਭਵਤੀ ਹੋ ਗਈ ਅਤੇ ਪੂਰੀ ਗੱਲ ਦਾ ਪਤਾ ਉਸ ਦੇ ਪਰਿਵਾਰ ਵਾਲਿਆਂ ਨੂੰ ਲੱਗਾ, ਜਿਸ ਤੋਂ ਬਾਅਦ ਮਾਮਲਾ ਪੁਲਸ ਕੋਲ ਪਹੁੰਚਿਆ। ਥਾਣਾ ਭਾਰਗੋ ਕੈਂਪ ਦੀ ਪੁਲਸ ਨੇ ਦੋਸ਼ੀ ਖ਼?ਿਲਾਫ ਕੇਸ ਦਰਜ ਕਰ ਲਿਆ ਹੈ। ਨਾਬਾਲਗ ਨੂੰ ਇਲਾਜ ਲਈ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾਬਕ ਨਾਬਾਲਗ ਦੀ ਮਾਂ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨ ’ਚ ਕਿਹਾ ਕਿ ਉਹ ਪਿਛਲੇ ਕਈ ਸਾਲਾਂ ਤੋਂ ਬਿਹਾਰ ਤੋਂ ਜਲੰਧਰ ਵਿਚ ਰਹਿ ਰਹੀ ਹੈ। ਉਸ ਦੇ ਗੁਆਂਢੀ ਅਜੈ ਸਾਉ (40) ਪੁੱਤਰ ਮੋਹਨ ਵਾਸੀ ਬਿਹਾਰ ਜੋ ਕਿ ਪਤੀ ਦੀ ਗੈਰ-ਹਾਜਰੀ ’ਚ ਘਰ ਆ ਕੇ ਉਸ ਦੀ ਕੁੜੀ ਨੂੰ ਨਸੇ ਵਾਲਾ ਜੂਸ ਪਿਲਾ ਕੇ ਉਸ ਨਾਲ ਸਰੀਰਕ ਸੰਬੰਧ ਬਣਾਉਂਦਾ ਰਿਹਾ। ਅਜੈ ਕਾਫੀ ਦੇਰ ਤੱਕ ਇਹ ਕੰਮ ਕਰਦਾ ਰਿਹਾ। ਇਸ ਤੋਂ ਬਾਅਦ ਜਦੋਂ ਧੀ ਗਰਭਵਤੀ ਹੋ ਗਈ ਤਾਂ ਅਜੈ ਸਾਉ ਬੇਟੀ ਨੂੰ ਦਵਾਈਆਂ ਖਿਲਾਉਂਦਾ ਰਿਹਾ ਤਾਂ ਜੋ ਉਸ ਦਾ ਗਰਭਪਾਤ ਹੋ ਸਕੇ। ਆਖਰਕਾਰ ਅਜੈ ਫਰਾਰ ਹੋ ਗਿਆ ਤੇ ਜਦੋਂ ਧੀ ਨੇ ਸਾਰੀ ਗੱਲ ਦੱਸੀ ਤਾਂ ਧੀ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ। ਉੱਥੇ ਹੀ ਹਸਪਤਾਲ ’ਚ ਤਾਇਨਾਤ ਸਟਾਫ ਅੰਜੂ ਨੇ ਦੱਸਿਆ ਕਿ ਜਦੋਂ ਨਾਬਾਲਗ ਕੁੜੀ ਨੂੰ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਤਾਂ ਉਸ ਦੀ ਹਾਲਤ ਠੀਕ ਨਹੀਂ ਸੀ, ਉਸ ਦਾ ਕਾਫੀ ਖ਼ੂਨ ਵਹਿ ਰਿਹਾ ਸੀ। ਡਾਕਟਰਾਂ ਅਤੇ ਸਟਾਫ ਨਰਸ ਨੇ ਉਸ ਦਾ ਪੂਰਾ ਇਲਾਜ ਕੀਤਾ ਅਤੇ ਉਹ ਹੁਣ ਠੀਕ ਹੈ। ਭਾਰਗੋ ਕੈਂਪ ਥਾਣੇ ਦੀ ਐੱਸ. ਐੱਚ. ਓ. ਕਮਲੇਸ ਰਾਣੀ ਦਾ ਕਹਿਣਾ ਹੈ ਕਿ ਪੁਲਸ ਨੇ ਅਜੇ ਖ਼?ਿਲਾਫ ਕੇਸ ਦਰਜ ਕਰ ਲਿਆ ਹੈ।

## ਕੇਂਦਰੀ ਜੇਲ੍ਹ ‘ਚੋਂ ਤਲਾਸ਼ੀ ਦੌਰਾਨ ਸਿਮ ਸਣੇ ਬਰਾਮਦ ਹੋਏ 3 ਮੋਬਾਇਲ ਫੋਨ

ਫਿਰੋਜ਼ਪੁਰ 5 ਦਸੰਬਰ। ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਤਲਾਸ਼ੀ ਦੌਰਾਨ ਤਿੰਨ ਮੋਬਾਇਲ ਫੋਨ ਬਰਾਮਦ ਹੋਏ ਹਨ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਹਵਾਲਾਤੀ ਅਤੇ ਅਣਪਛਾਤੇ ਵਿਅਕਤੀਆਂ ਖਿਲਾਫ 52-ਏ ਪ੍ਰਿਜਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ



ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 14275 ਰਾਹੀਂ ਸਰਬਜੀਤ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਮਿਤੀ 5 ਦਸੰਬਰ 2023 ਨੂੰ ਰਾਤ ਕਰੀਬ 10.15 ਵਜੇ ਉਹ ਸਾਥੀ ਕਰਮਚਾਰੀਆਂ ਦੇ ਗੁਪਤ ਸੂਚਨਾ ਦੇ ਆਧਾਰ ‘ਤੇ ਵਾਰਡ ਨੰਬਰ 3 ਦੀ ਤਲਾਸ਼ੀ ਕੀਤੀ ਗਈ। ਤਲਾਸ਼ੀ ਦੌਰਾਨ ਹਵਾਲਾਤੀ ਜਸਕੀਰਤ ਸਿੰਘ ਉਰਫ ਜੱਸੀ ਪੁੱਤਰ ਸਿਕੰਦਰ ਸਿੰਘ ਵਾਸੀ ਪਿੰਡ ਗਰਾਈਂ ਥਾਣਾ ਸਦਰ ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ ਕੋਲੋਂ 1 ਮੋਬਾਇਲ ਫੋਨ ਟੱਚ ਸਕਰੀਨ ਰੀਅਲਮੀ ਸਮੇਤ ਸਿਮ ਕਾਰਡ ਬਰਾਮਦ ਹੋਇਆ। ਜਾਂਚਕਰਤਾ ਗੁਰਮੇਲ ਸਿੰਘ ਨੇ ਦੱਸਿਆ ਕਿ ਇਕ ਹੋਰ ਪੱਤਰ ਨੰਬਰ 14317 ਰਾਹੀਂ ਸਰਬਜੀਤ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਮਿਤੀ 6 ਦਸੰਬਰ 2023 ਨੂੰ ਕਰੀਬ 12.50 ਵਜੇ ਦੁਪਹਿਰ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਬਲਾਕ ਨੰਬਰ 2 ਦੀ ਬੈਰਕ ਨੰਬਰ 1 ਦੀ ਅਚਾਨਕ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਬਾਥਰੂਮ ਦੀ ਫਲੱਸ਼ ਟੈਂਕੀ ਵਿਚ ਛੁਪਾ ਕੇ ਰੱਖੇ ਗਏ 2 ਮੋਬਾਇਲ ਫੋਨ ਕੀਪੈਡ ਜਿਨ੍ਹਾਂ ਵਿਚੋਂ 1 ਮੋਬਾਇਲ ਫੋਨ ਸੈਮਸੰਗ ਸਮੇਤ ਬੈਟਰੀ ਤੇ ਸਿਮ ਕਾਰਡ ਵੀਆਈ ਤੇ 1 ਮੋਬਾਇਲ ਫੋਨ ਸੈਮਸੰਗ ਸਮੇਤ ਬੈਟਰੀ ਤੇ ਸਿਮ ਕਾਰਡ ਬਰਾਮਦ ਹੋਇਆ। ਪੁਲਿਸ ਨੇ ਦੱਸਿਆ ਕਿ ਉਕਤ ਹਵਾਲਾਤੀ ਅਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਪੈਰੋਲ ਤੋਂ ਬਾਅਦ ਵਾਪਸ ਜੇਲ੍ਹ ਗਏ ਕੈਦੀ ਦੀ ਜੁੱਤੀ ‘ਚੋਂ ਮਿਲੀ ਹੈਰੋਇਨ ਤੇ ਗਾਂਜਾ

ਚੰਡੀਗੜ੍ਹ 5 ਦਸੰਬਰ। ਪੈਰੋਲ ਤੋਂ ਬਾਅਦ ਬੁੜੈਲ ਜੇਲ੍ਹ ਪਰਤੇ ਐੱਨ. ਡੀ. ਪੀ. ਐੱਸ. ਕੇਸ ‘ਚ ਸਜ਼ਾ ਕੱਟ ਰਹੇ ਕੈਦੀ ਦੀ ਜੁੱਤੀ ‘ਚੋਂ ਹੈਰੋਇਨ ਅਤੇ ਗਾਂਜਾ ਬਰਾਮਦ ਹੋਇਆ। ਜੇਲ੍ਹ ਸਟਾਫ ਨੇ ਨਸ਼ੇ ਵਾਲਾ ਪਦਾਰਥ ਜ਼ਬਤ ਕਰ ਕੇ ਪੁਲਸ ਅਤੇ ਜੇਲ੍ਹ ਪ੍ਰਸ਼ਾਸਨ ਨੂੰ ਸੂਚਨਾ ਦਿੱਤੀ। ਐਡੀਸ਼ਨਲ ਸੁਪਰੀਡੈਂਟ ਜੇਲ੍ਹ ਅਮਨਦੀਪ ਸਿੰਘ ਦੀ ਸ਼ਿਕਾਇਤ ’ਤੇ ਸੈਕਟਰ-49 ਥਾਣਾ ਪੁਲਸ ਨੇ ਮਲੋਆ ਸਥਿਤ ਸਮਾਲ ਫਲੈਟਸ ਨਿਵਾਸੀ ਵਿਕਰਮ ਉਰਫ ਮੁੰਬਈ ਖ਼?ਿਲਾਫ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਬੁੜੈਲ ਜੇਲ੍ਹ ਦੇ ਐਡੀਸ਼ਨਲ ਸੁਪਰੀਡੈਂਟ ਅਮਨਦੀਪ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਐੱਨ. ਡੀ. ਪੀ. ਐੱਸ. ਐਕਟ ਮਾਮਲੇ ਵਿਚ 10 ਸਾਲ ਦੀ ਸਜ਼ਾ ਕੱਟ ਰਹੇ ਕੈਦੀ ਮਲੋਆ ਸਥਿਤ ਸਮਾਲ ਫਲੈਟਸ ਨਿਵਾਸੀ ਵਿਕਰਮ ਉਰਫ ਮੁੰਬਈ ਨੂੰ 17 ਫਰਵਰੀ ਨੂੰ ਪੈਰੋਲ ਮਿਲੀ ਸੀ। 18 ਮਾਰਚ ਨੂੰ ਜੇਲ੍ਹ ਵਿਚ ਆਤਮ-ਸਮਰਪਣ ਕਰਨ ਲਈ ਕਿਹਾ ਗਿਆ ਸੀ। ਪੈਰੋਲ ਦੌਰਾਨ ਉਹ ਧਨਾਸ ਸਥਿਤ ਆਪਣੇ ਘਰ ਗਿਆ ਹੋਇਆ ਸੀ। 18 ਮਾਰਚ ਨੂੰ ਜਦੋਂ ਜੇਲ੍ਹ ਪਹੁੰਚਿਆ ਤਾਂ ਸ਼ਾਮ 6 ਵਜੇ ਵਾਰਡਨ ਨੇ ਚੈਕਿੰਗ ਕੀਤੀ। ਉਸਦੀ ਜੁੱਤੀ ਦੇ ਤਲੇ ਵਿਚੋਂ ਦੋ ਸ਼ੱਕੀ ਪਾਊਚ ਨਿਕਲੇ। ਜਾਂਚ ਕੀਤੀ ਤਾਂ ਇਹ 6.1 ਗ੍ਰਾਮ ਹੈਰੋਇਨ ਅਤੇ 37.4 ਗਾਂਜਾ ਸੀ। ਸੈਕਟਰ-49 ਥਾਣਾ ਪੁਲਸ ਨੇ ਕੈਦੀ ’ਤੇ ਮਾਮਲਾ ਦਰਜ ਕੀਤਾ। ਚੰਡੀਗੜ੍ਹ ਪੁਲਸ ਨੇ ਮਲੋਆ ਸਥਿਤ ਸਮਾਲ ਫਲੈਟਸ ਨਿਵਾਸੀ ਵਿਕਰਮ ਨੂੰ ਐੱਨ. ਡੀ. ਪੀ. ਐੱਸ. ਐਕਟ ਕੇਸ ‘ਚ ਗ੍ਰਿਫਤਾਰ ਕੀਤਾ ਗਿਆ ਸੀ। 18 ਜਨਵਰੀ 2019 ਨੂੰ ਸੈਕਟਰ-36 ਥਾਣਾ ਪੁਲਸ ਨੇ ਮੁਲਜ਼ਮ ’ਤੇ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕੀਤਾ ਸੀ।

## ਨਹੀਂ ਰੁਕ ਰਹੀ ਹੈਰੀਟੇਜ ਫਰਨੀਚਰ ਦੀ ਨਿਲਾਮੀ, ਡਿਜਾਈਨ ਟੇਬਲ 5.36 ਲੱਖ ’ਚ ਹੋਇਆ ਨਿਲਾਮ

ਚੰਡੀਗੜ੍ਹ 5 ਦਸੰਬਰ। ਯੂ. ਟੀ. ਪ੍ਰਸ਼ਾਸਨ ਸ਼ਹਿਰ ਦੇ ਵਿਰਾਸਤੀ ਫਰਨੀਚਰ ਦੀ ਵਿਦੇਸ਼ਾਂ ‘ਚ ਹੋਣ ਵਾਲੀ ਨਿਲਾਮੀ ਨੂੰ ਰੋਕਣ ਦੇ ਸਮਰੱਥ ਨਹੀਂ ਹੈ। ਫਰਾਂਸ ਦੀ ਟੀਮ ਦੀ ਫੇਰੀ ਦਾ ਵੀ ਕੋਈ ਖਾਸ ਅਸਰ ਦਿਖਾਈ ਨਹੀਂ ਦੇ ਰਿਹਾ ਕਿਉਂਕਿ ਸ਼ਹਿਰ ਦਾ ਫਰਨੀਚਰ ਅਜੇ ਵੀ ਵਿਦੇਸ਼ਾਂ ‘ਚ ਵੇਚਿਆ ਜਾ ਰਿਹਾ ਹੈ। ਨਵੀਂ ਨਿਲਾਮੀ ਅਮਰੀਕਾ ਦੇ ਬੋਨਹੈਮਸ ਸ਼ਹਿਰ ‘ਚ ਹੋਈ। ਇੱਥੇ ਪੀਅਰੇ ਜੇਨਰੇ ਵਲੋਂ ਡਿਜ਼ਾਈਨ ਕੀਤਾ ਗਿਆ ਇਕ ਟੇਬਲ ਲਗਭਗ 5.36 ਲੱਖ ਰੁਪਏ ‘ਚ ਵਿਕਿਆ ਹੈ। ਚੰਡੀਗੜ੍ਹ ਹੈਰੀਟੇਜ ਆਈਟਮਜ਼ ਪ੍ਰੋਟੈਕਸ਼ਨ ਸੈੱਲ ਦੇ ਮੈਂਬਰ ਅਜੇ ਜੱਗਾ ਨੇ ਰਾਜ ਸਭਾ ਦੇ ਸਕੱਤਰ ਜਨਰਲ ਨੂੰ ਸ਼ਿਕਾਇਤ ਦੇ ਕੇ ਨਿਲਾਮੀ ਦੀ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਭਾਰਤ ਸਰਕਾਰ ਦੇ ਬਿਨਾਂ ਕਿਸੇ ਵਿਰੋਧ ਦੇ ਵਿਦੇਸ਼ਾਂ ‘ਚ ਵਿਰਾਸਤੀ ਵਸਤਾਂ ਦੀ ਬਾਕਾਇਦਾ ਨਿਲਾਮੀ ਕੀਤੀ ਜਾ ਰਹੀ ਹੈ। ਹੈਰਾਨੀ ਦੀ ਗੱਲ ਹੈ ਕਿ ਨਿਲਾਮੀ ਘਰ ਹੁਣ ਚੰਡੀਗੜ੍ਹ ‘ਚ ਵਿਰਾਸਤੀ ਫਰਨੀਚਰ ਦੀ ਨਿਲਾਮੀ ਲਈ ਪਛਾਣ ਚਿੰਨ੍ਹ ਐਲਾਨ ਰਹੇ ਹਨ। ਉਦਾਹਰਣ ਵਜੋਂ 14 ਮਾਰਚ ਨੂੰ ਜਿਹੜੇ ਮੇਜ ਦੀ ਨਿਲਾਮੀ ਕੀਤੀ ਗਈ ਸੀ, ਉਸ ’ਤੇ ਪੀ. ਯੂ. ਈ. ਸੀ. ਲਿਖਿਆ ਹੈ, ਜੋ ਦਰਸਾਉਂਦਾ ਹੈ ਕਿ ਇਹ ਮੇਜ ਪੰਜਾਬ ਯੂਨੀਵਰਸਿਟੀ ਈਵਨਿੰਗ ਕਾਲਜ (ਪੀ. ਯੂ. ਈ. ਸੀ. ) ਦਾ ਹੋ ਸਕਦਾ ਹੈ। ਫਰਨੀਚਰ ਨੂੰ ਕਰੀਬ 5.36 ਲੱਖ ਰੁਪਏ ’ਚ ਵੇਚਿਆ ਗਿਆ ਹੈ। ਸ਼ਿਕਾਇਤ ‘ਚ ਉਨ੍ਹਾਂ ਕਿਹਾ ਹੈ ਕਿ ਇਨ੍ਹਾਂ ਵਸਤਾਂ ਨੂੰ ਦੇਸ਼ ਤੋਂ ਬਾਹਰ ਲਿਆਉਣ ਲਈ ਵਰਤੇ ਗਏ ਦਸਤਾਵੇਜ਼ਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜੋ ਵੀ ਫਰਨੀਚਰ ਦੀ ਤਸਕਰੀ ‘ਚ ਸ਼ਾਮਲ ਹਨ, ਉਨ੍ਹਾਂ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਸਥਾਨਕ ਪੱਧਰ ’ਤੇ ਵੀ ਇਸ ਦੀ ਚੋਰੀ ਨੂੰ ਰੋਕਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਵਿਰਾਸਤੀ ਫਰਨੀਚਰ ਨੂੰ ਸੰਭਾਲਣ ਲਈ ਵੀ ਨਿਯਮ ਬਣਾਉਣ ਦੀ ਲੋੜ ਹੈ ਕਿਉਂਕਿ ਪਿਛਲੇ ਕੁੱਝ ਸਾਲਾਂ ਦੌਰਾਨ ਸ਼ਹਿਰ ਦੇ ਕਰੋੜਾਂ ਰੁਪਏ ਦੇ ਵਿਰਾਸਤੀ ਫਰਨੀਚਰ ਦੀ ਅਮਰੀਕਾ, ਯੂ. ਕੇ., ਫਰਾਂਸ ਅਤੇ ਜਰਮਨੀ ਸਮੇਤ ਹੋਰਨਾਂ ਦੇਸ਼ਾਂ ‘ਚ ਨਿਲਾਮੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਵਿਰਾਸਤੀ ਵਸਤੂਆਂ ਲਈ ਸਖ਼ਤ ਨਿਯਮ ਬਣਾਉਣ ਦੀ ਲੋੜ ਹੈ, ਤਾਂ ਜੋ ਇਸ ਦੀ ਚੋਰੀ ਅਤੇ ਤਸਕਰੀ ਨੂੰ ਰੋਕਿਆ ਜਾ ਸਕੇ ਅਤੇ ਇਸ ਤਰ੍ਹਾਂ ਸ਼ਹਿਰ ਦੀਆਂ ਵਿਰਾਸਤੀ ਵਸਤੂਆਂ ਦੀ ਵਿਦੇਸ਼ਾਂ ‘ਚ ਨਿਲਾਮੀ ਨਾ ਹੋਵੇ।


**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POON-AM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BAL-JEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ੀਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜ਼ਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma



**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAG-WAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**BHAI BIBA SINGH KHALSA SR. SEC. SCHOOL**
**MOTI NAGAR, NEW DELHI-110015**
**( SCHOOL ID- 1516074)**
**( RELIGIOUS AND LINGUISTIC MINORITY GOVT. AIDED SCHOOL)**

Applications are invited to fill up the following posts through Direct Recruitment in Bhai Biba Singh Khalsa Sr.Sec.School.

| Sr.No. | Name of the Post | Vacant Post |
|---|---|---|
| 1. | Assistant Teacher | 5 |
| 2. | Lecturer Economics | 1 |
| 3. | Lecturer Fine Art | 1 |
| 4. | Lecturer Home Science | 1 |
| 5. | TGT English | 1 |
| 6. | TGT Hindi | 1 |
| 7. | TGT Maths | 1 |
| 8. | TGT Natural Science | 1 |
| 9. | TGT Punjabi | 1 |
| 10. | TGT Social Science | 1 |
| 11. | Special Edu. Teacher | 1 |
| 12. | Drawing Teacher | 1 |
| 13. | Music Teacher | 1 |
| 14. | Physical Education Teacher | 1 |
| 15. | Lab Assistant | 2 |
| 16. | UDC | 1 |
| 17 | Peon | 1 |

- Basic knowledge of Punjabi Language is essential for all candidates. Preference will be given to Sikh/Punjabi language known candidates to safeguard the status and interest of a Minority School.
- Only one post of Lab Assistant is reserved for PwBD candidate, rest all posts are in UR Category.
- As per the Central government's order of January 16th, 2006, total 10 years age relaxation will be given to the children/family members of those, whose family members were died during the November 1984 violence/genocide.
- Age, Qualifications etc. as per the latest recruitment rules for Govt. Aided school/Directorate of Education, GNCT of Delhi and the latest Delhi High Court directions shall be applicable.
- Pay Scale is as per 7th CPC.
- Applicants already employed in GOVT. / Govt. Undertaking / Govt. Aided / recognized schools should forward their application through proper channel. Experience Certificate (if any) must mention designation of the post, Pay Scale, Period and must be countersigned by the concerned DDE Zone.
- Only shortlisted candidates will be called for the Interview.
- Duly filled Application form along with self attested copies of all required certificates and mark sheets (all semester and years) of all qualification, experience certificate (if applicable) & certificate of disability (if applicable) should be sent through Speed Post/Regd. Post to the Chairman/Manager BHAI BIBA SINGH KHALSA Sr. Sec. School, Moti Nagar, New Delhi-110015 within 21 days from the date of Advertisement. Thereafter no Application will be accepted.
- No application will be received by hand. Incomplete filled / incomplete form (i.e. without required documents) will be rejected without informing the applicant.
- The application form along with all other related information is available at our school website i.e., http://www.bbskhalsa.com.
- ENVELOP MUST BE SUPERSCRIBED ON TOP "APPLICATION FOR THE POST OF ..... (Name of Post) ........". Separate applications to be submitted for each post if any applicant is desirous of applying for more than one post.

Applicants should have passed from a Recognised Board/ University/Institute and preference will be given to the candidates from English Medium background.

Sd/-
Manager

Punjab Land of Unlimited Opportunities

ਮੁੱਖ ਮੰਤਰੀ

# ਭਗਵੰਤ ਸਿੰਘ ਮਾਨ

ਵੱਲੋਂ ਸ਼ਹੀਦ-ਏ-ਆਜ਼ਮ

# ਸਰਦਾਰ ਭਗਤ ਸਿੰਘ

## ਦਾ 30 ਫੁੱਟ ਉੱਚਾ ਬੁੱਤ

ਦੇਸ਼ ਨੂੰ ਸਮਰਪਿਤ

(ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ, ਐਸ.ਏ.ਐਸ. ਨਗਰ, ਮੋਹਾਲੀ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਟ੍ਹਸਐਪ ਚੈਨਲ ਨਾਲ ਜੁੜੋ



“ਸ਼ਹੀਦ ਭਗਤ ਸਿੰਘ ਭਾਰਤ ਦੇ ਨੌਜਵਾਨਾਂ ਦੇ ਬੇਮਿਸਾਲ ਜਜ਼ਬੇ ਤੇ ਹੌਸਲੇ ਦੇ ਪ੍ਰਤੀਕ ਹਨ। ਉਨ੍ਹਾਂ ਦੀ ਕੁਰਬਾਨੀ ਸਾਨੂੰ ਹਮੇਸ਼ਾ ਦੇਸ਼ ਪ੍ਰਤੀ ਸਮਰਪਿਤ ਰਹਿਣ ਲਈ ਪ੍ਰੇਰਿਤ ਕਰਦੀ ਰਹੇਗੀ”

ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਸ਼੍ਰੀ ਬਾਲਾ ਜੀ ਟਰੱਸਟ ਸੁਨਾਮ ਵੱਲੋਂ ਆਯੋਜਿਤ ਚਾਰਧਾਮ ਯਾਤਰਾ ਸਫਲਤਾਪੂਰਵਕ ਹੋਈ ਸੰਪੰਨ



**ਸੁਨਾਮ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਤ ਸਿਰੋਮਣੀ ਇੱਛਾਪੂਰਤੀ ਸ਼੍ਰੀ ਬਾਲਾ ਜੀ ਟਰੱਸਟ ਸੁਨਾਮ ਦੁਆਰਾ ਚਾਰਧਾਮ ਯਾਤਰਾ ਸਫਲਤਾਪੂਰਵਕ ਸੰਪੰਨ ਹੋਈ।

ਜਾਣਕਾਰੀ ਦਿੰਦਿਆ ਹੋਏ ਗੌਰਵ ਬਾਂਸਲ ਜਨਾਲੀਆ ਨੇ ਦੱਸਿਆ ਕਿ ਸ਼੍ਰੀ ਬਾਲਾਜੀ ਮਹਾਰਾਜ ਦੀ ਅਪਾਰ ਕਿਰਪਾ ਸਦਕਾ ਚਾਰ ਧਾਮ ਯਾਤਰਾ ਬਿਨਾ ਕਿਸੇ ਰੁਕਾਵਟ ਤੋਂ ਸੰਪੰਨ ਹੋਈ ਅਤੇ ਸ਼ਰਧਾਲੂਆਂ ਉਪਰ ਸ਼੍ਰੀ ਬਾਲਾਜੀ ਮਹਾਰਾਜ ਦੀ ਅਪਾਰ ਕਿਰਪਾ ਹੋਈ।

ਉਨ੍ਹਾਂ ਦੱਸਿਆ ਕਿ ਇਸ ਯਾਤਰਾ ਦੌਰਾਨ ਸ਼ਰਧਾਲੂਆਂ ਨੂੰ ਸ਼੍ਰੀ ਵਰਿੰਦਾਵਨ ਧਾਮ, ਸ਼੍ਰੀ ਮਹਿੰਦੀਪੁਰ ਧਾਮ, ਸ਼੍ਰੀ ਸਾਲਾਸਰ ਧਾਮ ਅਤੇ ਸ਼੍ਰੀ ਖਾਟੂ ਧਾਮ ਦੇ ਦਰਸ਼ਨ ਕਰਵਾਏ ਗਏ।

ਸ੍ਰੀ ਬਾਲਾ ਜੀ ਟਰੱਸਟ ਵੱਲੋਂ ਸ਼੍ਰੀ ਰਾਮ ਆਸ਼ਰਮ ਮਹਿੰਦੀਪੁਰ,ਰਾਜਸਥਾਨ ਵਿਚ ਸੰਕੀਰਤਨ ਕੀਤਾ ਗਿਆ,ਜਿਸ ਵਿਚ ਵਿਸ਼ੇਸ਼ ਤੌਰ 'ਤੇ ਸਦਗੁਰੁਦੇਵ ਸ਼੍ਰੀ ਮੋਹਨਪੁਰੀ ਗੋਸਵਾਮੀ ਜੀ ਮਹਾਰਾਜ ਨੇ ਪਹੁੰਚ ਕੇ ਪਵਿੱਤਰ ਜੋਤੀ ਪ੍ਰਚੰਡ ਕੀਤੀ ਅਤੇ ਸੰਗਤਾਂ ਨੂੰ ਆਸ਼ੀਰਵਾਦ ਦੀਤਾ। ਸ੍ਰੀ ਰਾਮ ਆਸ਼ਰਮ ਮਹਿੰਦੀਪੁਰ ਦੇ ਫਾਈਨਾਂਸ ਸੈਕਟਰੀ ਵਿਕਾਸ ਗੁਪਤਾ ਦਿੱਲੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਸਨਮਾਨਿਤ ਕੀਤਾ ਗਿਆ। ਭਜਨ ਗਾਇਕ ਮੁਨੀਸ਼ ਅਰੋੜਾ ਨੇ ਭਜਨ ਸੁਣਾਕੇ ਸਮੂਹ ਸੰਗਤਾਂ ਨੂੰ ਨਿਹਾਲ ਕੀਤਾ। ਸੰਕੀਰਤਨ ਵਿੱਚ ਸਮੂਹ ਸ਼ਰਧਾਲੂ ਸ਼੍ਰੀ ਬਾਲਾਜੀ ਮਹਾਰਾਜ ਦੇ ਰੰਗ ਵਿੱਚ ਰੰਗੇ ਨਜ਼ਰ ਆਏ ਅਤੇ ਸਮੂਹਿਕ ਰੂਪ ਵਿੱਚ ਬਾਲਾ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ। ਸ੍ਰੀ ਬਾਲਾ ਜੀ ਟਰੱਸਟ ਵਲੋਂ ਧਾਰਮਿਕ ਸਥਾਨਾਂ 'ਤੇ ਪਹਿਲੀ ਵਾਰ ਮੱਥਾ ਟੇਕਣ ਆਏ ਸ਼ਰਧਾਲੂਆਂ ਨੂੰ ਸਾਰੇ ਧਾਰਮਿਕ ਸਥਾਨਾਂ ਦੇ ਇਤਿਹਾਸ ਬਾਰੇ ਵਿਸਤਾਰਪੂਰਵਕ ਜਾਣਕਾਰੀ ਦਿੱਤੀ ਗਈ ਸ਼੍ਰੀ ਬਾਲਾ ਜੀ ਟਰੱਸਟ ਦੇ ਇਸ ਕਦਮ ਦੀ ਸ਼ਰਧਾਲੂਆਂ ਵੱਲੋਂ ਸ਼ਲਾਘਾ ਕੀਤੀ ਗਈ ਅਤੇ ਸ਼ਰਧਾਲੂਆਂ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਟਰੱਸਟ ਭਵਿੱਖ ਵਿੱਚ ਵੀ ਅਜਿਹੀਆਂ ਧਾਰਮਿਕ ਯਾਤਰਾਵਾਂ ਦਾ ਆਯੋਜਨ ਕਰਦਾ ਰਹੇ ਤਾਂ ਜੋ ਅਸੀਂ ਸਮੇਂ-ਸਮੇਂ 'ਤੇ ਇਨ੍ਹਾਂ ਧਾਰਮਿਕ ਸਥਾਨਾਂ 'ਤੇ ਮੱਥਾ ਟੇਕਣ ਜਾ ਸਕੀਏ। ਸ਼੍ਰੀ ਬਾਲਾਜੀ ਟਰੱਸਟ ਵੱਲੋਂ ਸਾਰੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ ਗਿਆ ਅਤੇ ਸ਼ਰਧਾਲੂਆਂ ਵੱਲੋਂ ਟਰੱਸਟ ਨੂੰ ਦਿੱਤੇ ਹਰ ਤਰ੍ਹਾਂ ਦੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਐਡਵੋਕੇਟ ਨਵੀਨ ਗਰਗ, ਰਾਜੀਵ ਮਿੱਤਲ ਮਹਿੰਦੀਪੁਰ,ਧਰਮਪਾਲ ਜਖੇਪਲ, ਅਨਿਲ ਕੁਮਾਰ ਲੀਲਾ, ਸ. ਪਾਲਾ ਸਿੰਘ, ਪਰਮਾਨੰਦ, ਸੁਭਾਸ਼ ਖੱਟਕ, ਮਨੀ ਗੁਪਤਾ ,ਬਿਮਲ ਜੈਨ, ਕੇਸ਼ਵ ਗੁਪਤਾ, ਪੰਕਜ ਆਹੂਜਾ, ਅਜੈ ਕਾਂਗੜਾ, ਜਸ਼ਨ, ਵਿਜੇ ਕੁਮਾਰ, ਹਰੀਸ਼, ਗੌਤਮ ,ਸਚਿਨ ਆਦਿ ਹਾਜ਼ਰ ਸਨ।

# ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਕਰਵਾਈ ਜਾ ਰਹੀ ਸ਼੍ਰੀ ਰਾਮ ਕਥਾ ਸੰਬੰਧੀ ਹੋਇਆ ਭੂਮੀ ਪੂਜਨ



**ਸੁਨਾਮ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ 12 ਦਸੰਬਰ ਤੋਂ 18 ਦਸੰਬਰ ਤੱਕ ਸਥਾਨਕ ਨਿਊ ਦੁਸ਼ਹਿਰਾ ਗਰਾਊਂਡ ਵਿਖੇ ਕਰਵਾਈ ਜਾ ਰਹੀ ਸ਼੍ਰੀ ਰਾਮ ਕਥਾ ਦੇ ਸਬੰਧ ਵਿੱਚ ਸਥਾਨਕ ਆਸ਼ਰਮ ਦੀਆਂ ਸਾਧਵੀ ਭੈਣਾਂ ਅਤੇ ਸਵਾਮੀ ਉਮੇਸ਼ਾਨੰਦ ਜੀ ਦੀ ਅਗਵਾਈ ਹੇਠ ਭੂਮੀ ਪੂਜਨ ਕਰਵਾਇਆ ਗਿਆ ਜਿਸ ਦੌਰਾਨ ਮੁੱਖ ਯਜਮਾਨ ਪੁਨੀਤ ਗੋਇਲ ਵੱਲੋਂ ਵਿਧੀਪੂਰਵਕ ਭੂਮੀ ਪੂਜਨ ਕੀਤਾ ਗਿਆ ਅਤੇ ਸ਼੍ਰੀ ਰਾਮ ਜੀ ਦੇ ਨਾਂਅ ਦੀ ਝੰਡਾ ਰਸਮ ਵੀ ਅਦਾ ਕੀਤੀ ਗਈ।

ਇਸ ਮੌਕੇ ਸਵਾਮੀ ਉਮੇਸ਼ਾਨੰਦ ਨੇ ਆਖਿਆ ਕਿ ਸ਼੍ਰੀ ਰਾਮ ਕਥਾ ਮਨੁੱਖ ਦੇ ਤਨ-ਮਨ ਨੂੰ ਪਵਿੱਤਰ ਕਰਕੇ ਉਜਵਲ ਕਰਨ ਦੇ ਨਾਲ-ਨਾਲ ਜੀਵਨਸ਼ੈਲੀ ਅਤੇ ਆਤਮਾ ਨੂੰ ਨਵਾਂ ਰੂਪ ਦਿੰਦੀ ਹੈ।

ਉਹਨਾਂ ਕਿਹਾ ਕਿ ਸ਼੍ਰੀ ਰਾਮ ਕਥਾ ਦਾ ਮਹੱਤਵ ਹਮੇਸ਼ਾ ਨਾਲ ਹੈ ਅਤੇ ਅੱਗੇ ਵੀ ਰਹੇਗਾ ਅਤੇ ਇਹ ਭਗਵਾਨ ਦੀ ਲੀਲਾ, ਚਰਿੱਤਰ ਅਤੇ ਗੁਣਾਂ ਦੀ ਗਾਥਾ ਹੈ ਅਤੇ ਇਹ ਕਥਾ ਮਨੁੱਖ ਨੂੰ ਜੀਵਨ ਜਿਉਣ ਦੀ ਕਲਾ ਵੀ ਸਿਖਾਉਂਦੀ ਹੈ।

ਉਹਨਾਂ ਦੱਸਿਆ ਕਿ ਇਸ ਕਥਾ ਦੌਰਾਨ ਪ੍ਰਸਿੱਧ ਮਹਾਂ ਮਾਨਸਵਨੀ ਸਾਧਵੀ ਸ਼੍ਰੇਆ ਭਾਰਤੀ ਜੀ ਆਪਣੀ ਟੀਮ ਸਮੇਤ ਦਿੱਲੀ ਤੋਂ 11 ਦਸੰਬਰ ਨੂੰ ਕਥਾ ਸੁਣਾਉਣ ਲਈ ਸੁਨਾਮ ਵਿਖੇ ਪਹੁੰਚਣਗੇ। ਉਹਨਾਂ ਦੱਸਿਆ ਕਿ ਇਸ ਆਨੰਦਮਈ ਕਥਾ ਦੀ ਸਫਲਤਾ ਲਈ ਇਲਾਕੇ ਅਤੇ ਸੰਗਤਾਂ ਵੱਲੋਂ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ ਅਤੇ ਸੰਗਤਾਂ ਦੀਆਂ ਡਿਊਟੀਆਂ ਵੀ ਲਗਾਈਆਂ ਜਾ ਚੁੱਕੀਆਂ ਹਨ। ਇਸ ਮੌਕੇ ਸ਼ਸ਼ੀ ਗਰਗ, ਰਾਜੇਸ਼ ਕੁਮਾਰ, ਬਾਬੂ ਰਾਮ, ਵੇਦ ਪ੍ਰਕਾਸ਼, ਜਰਨੈਲ ਸਿੰਘ ਚੌਹਾਨ, ਓਮ ਰਾਜ, ਡਾ. ਹਰਪ੍ਰੀਤ, ਬਲਵਿੰਦਰ ਕੰਡਾ, ਭਗਵਤੀ ਪ੍ਰਸਾਦ ਵੀ ਮੌਜੂਦ ਸਨ।

# ਡਿਪਟੀ ਕਮਿਸ਼ਨਰ ਵੱਲੋਂ ਯਤੀਮ ਬੱਚਿਆਂ ਨੂੰ ਵੰਡੇ ਗਏ ਸਕੂਲੀ ਬੈਗ

## ਬੱਚਿਆਂ ਵੱਲੋਂ ਭੇਂਟ ਕੀਤੀ ਪੇਂਟਿੰਗਜ਼ ਦੀ ਕੀਤੀ ਸ਼ਲਾਘਾ



**ਪਟਿਆਲਾ, 5 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਜ਼ਿਲ੍ਹੇ ਦੇ ਵੱਖ-ਵੱਖ ਬਾਲ ਘਰ੍ਹਾਂ ਵਿੱਚ ਰਹਿਣ ਵਾਲੇ ਯਤੀਮ 50 ਬੱਚਿਆਂ ਦਾ ਡੀ.ਸੀ. ਦਫਤਰ ਵਿਖੇ ਆਉਣ ਤੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ । ਉਹਨਾਂ ਬੱਚਿਆਂ ਨੂੰ ਪੜ੍ਹਨ ਲਈ ਪ੍ਰੇਰਿਤ ਕੀਤਾ ਤਾਂ ਜੋ ਬੱਚੇ ਪੜ੍ਹ ਲਿਖ ਕੇ ਚੰਗਾ ਮੁਕਾਮ ਹਾਸਿਲ ਕਰ ਸਕਣ । ਬੱਚਿਆਂ ਵੱਲੋਂ ਡਿਪਟੀ ਕਮਿਸ਼ਨਰ ਨੂੰ ਆਪਣੇ ਹੱਥੀਂ ਬਣਾਈ ਪੇਂਟਿੰਗ ਭੇਂਟ ਵਜੋਂ ਦਿੱਤੀ ਗਈ । ਡਿਪਟੀ ਕਮਿਸ਼ਨਰ ਨੇ ਬੱਚਿਆਂ ਵੱਲੋਂ ਭੇਂਟ ਕੀਤੀ ਪੇਂਟਿੰਗ ਦੀ ਸਰਾਹਨਾ ਕੀਤੀ। ਉਹਨਾਂ ਬੱਚਿਆਂ ਨੂੰ ਸਕੂਲੀ ਬੈਗ ਵੰਡੇ ਅਤੇ ਖਾਣ ਪੀਣ ਦੀ ਸਮੱਗਰੀ ਵੀ ਦਿੱਤੀ। ਡਿਪਟੀ ਕਮਿਸ਼ਨਰ ਨੇ ਦਫਤਰ ਵਿੱਚ ਮੌਜੂਦ ਬਾਲ ਸੁਰੱਖਿਆ ਅਫਸਰ ਸ਼ਾਇਨਾ ਕਪੂਰ ਨੂੰ ਕਿਹਾ ਕਿ ਉਹ ਬੱਚਿਆਂ ਨੂੰ ਡਿਪਟੀ ਕਮਿਸ਼ਨਰ ਦਫਤਰ ਦੇ ਕੰਮ ਕਾਜ ਬਾਰੇ ਉਹਨਾਂ ਨੂੰ ਜਾਣਕਾਰੀ ਦੇਣ । ਸ਼ਾਇਨਾ ਕਪੂਰ ਬੱਚਿਆਂ ਨੂੰ ਐਸ.ਐਸ.ਪੀ. ਦਫਤਰ ਵਿਖੇ ਵੀ ਲੈ ਕੇ ਗਏ ਅਤੇ ਉੱਥੇ ਮੌਜੂਦ ਐਸ.ਪੀ. ਯੋਗੇਸ਼ ਸ਼ਰਮਾ ਵੱਲੋਂ ਵੀ ਬੱਚਿਆਂ ਦਾ ਭਰਵਾਂ ਸਵਾਗਤ ਕੀਤਾ ਗਿਆ । ਉਹਨਾਂ ਵੱਲੋਂ ਬੱਚਿਆਂ ਨੂੰ ਜ਼ਿਲ੍ਹਾ ਰੋਜ਼ਗਾਰ ਦਫਤਰ ਵੀ ਲਜਾਇਆ ਗਿਆ ਤਾਂ ਜੋ ਬੱਚਿਆਂ ਨੂੰ ਰੋਜ਼ਗਾਰ ਸਬੰਧੀ ਜਾਣਕਾਰੀ ਵੀ ਮਿਲ ਸਕੇ ।

ਇਸ ਮੌਕੇ ਰੈਡ ਕਰਾਸ ਸਕੱਤਰ ਪ੍ਰਿਤਪਾਲ ਸਿੰਘ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਦੇ ਅਧਿਕਾਰੀ/ਕਰਮਚਾਰੀ ਅਤੇ ਵੱਖ ਵੱਖ ਬਾਲ ਘਰ੍ਹਾਂ ਵਿਚੋਂ ਆਏ ਕਰਮਚਾਰੀ ਵੀ ਸ਼ਾਮਲ ਸਨ।

# ਡੀ.ਸੀ ਨੇ ਸਬ-ਰਜਿਸਟਰਾਰ ਲੁਧਿਆਣਾ ਪੱਛਮੀ ਦਫਤਰ ਦਾ ਕੀਤਾ ਅਚਨਚੇਤ ਦੌਰਾ



**ਲੁਧਿਆਣਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਸੋਮਵਾਰ ਨੂੰ ਸਬ-ਰਜਿਸਟਰਾਰ ਦਫ਼ਤਰ (ਲੁਧਿਆਣਾ ਪੱਛਮੀ) ਦਾ ਅਚਨਚੇਤ ਨਿਰੀਖਣ ਕੀਤਾ। ਇਸ ਨਿਰੀਖਣ ਦੌਰਾਨ ਉਨ੍ਹਾਂ ਨੇ ਜ਼ਮੀਨ ਦੀ ਰਜਿਸਟਰੀ ਕਰਵਾਉਣ ਆਏ ਵਿਅਕਤੀਆਂ ਨਾਲ ਗੱਲਬਾਤ ਕੀਤੀ ਅਤੇ ਸਬ-ਰਜਿਸਟਰਾਰ ਦਫ਼ਤਰ ਅਤੇ ਇਸ ਦੇ ਕਰਮਚਾਰੀਆਂ ਬਾਰੇ ਉਨ੍ਹਾਂ ਤੋਂ ਫੀਡਬੈਕ ਲਈ ਅਤੇ ਰਜਿਸਟਰਾਰ ਦਫ਼ਤਰ ਸਬੰਧੀ ਉਨ੍ਹਾਂ ਦੇ ਤਜ਼ਰਬਿਆਂ ਬਾਰੇ ਵੇਰਵੇ ਇਕੱਤਰ ਕੀਤੇ ਅਤੇ ਸੁਧਾਰਾਂ ਬਾਰੇ ਸੁਝਾਅ ਲਏ।ਸ੍ਰੀ ਜਤਿੰਦਰ ਜੋਰਵਾਲ ਨੇ ਸਟਾਫ਼ ਦਾ ਹਾਜ਼ਰੀ ਰਿਕਾਰਡ ਵੀ ਚੈੱਕ ਕੀਤਾ ਅਤੇ ਪਟਵਾਰੀਆਂ ਦੇ ਦਫ਼ਤਰਾਂ ਅਤੇ ਰਿਕਾਰਡ ਰੂਮਾਂ ਸਮੇਤ ਵੱਖ-ਵੱਖ ਹਿੱਸਿਆਂ ਦਾ ਦੌਰਾ ਕੀਤਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਰਜਿਸਟਰੀ ਦੇ ਰਿਕਾਰਡ ਦਾ ਨਿਰੀਖਣ ਕੀਤਾ ਅਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੀਆਂ ਰਜਿਸਟਰੀਆਂ 'ਤੇ ਦਸਤਖਤ ਕੀਤੇ ਜਾਣ ਅਤੇ ਉਸੇ ਦਿਨ ਮਾਲਕਾਂ ਨੂੰ ਸੌਂਪੇ ਜਾਣ ਨੂੰ ਯਕੀਨੀ ਬਣਾਇਆ ਜਾਵੇ।

ਉਹਨਾਂ ਨੇ ਸਾਰੀਆਂ ਰਜਿਸਟਰੀਆਂ ਲਈ ਇੰਤਕਾਲਾਂ ਦੀ ਤੁਰੰਤ ਪ੍ਰਕਿਰਿਆ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਸਟਾਫ ਨੂੰ ਜ਼ੀਰੋ-ਪੈਂਡੈਂਸੀ ਸਥਿਤੀ ਬਣਾਈ ਰੱਖਣ ਲਈ ਕਿਹਾ।

ਡਿਪਟੀ ਕਮਿਸ਼ਨਰ ਨੇ ਬੈਠਣ ਦੀ ਕਮੀ ਦੀ ਪਛਾਣ ਕੀਤੀ ਅਤੇ ਅਧਿਕਾਰੀਆਂ ਨੂੰ ਤੁਰੰਤ ਵਾਧੂ ਕੁਰਸੀਆਂ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਇਮਾਰਤ ਦੇ ਅੰਦਰ ਸਾਫ-ਸਫਾਈ ਦੀ ਮਹੱਤਤਾ ਰੱਖਣ 'ਤੇ ਵੀ ਜ਼ੋਰ ਦਿੱਤਾ ਅਤੇ ਸਟਾਫ ਨੂੰ ਹਦਾਇਤ ਕੀਤੀ ਕਿ ਉਹ ਕੰਮ ਲਈ ਆਉਣ ਵਾਲੇ ਵਿਅਕਤੀਆਂ ਨੂੰ ਬਿਨਾਂ ਕਿਸੇ ਅਸੁਵਿਧਾ ਦੇ ਉਨ੍ਹਾਂ ਦੇ ਕੰਮਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ।

# ਪਟਿਆਲਾ ਜ਼ਿਲ੍ਹੇ 'ਚ ਕੌਮੀ ਲੋਕ ਅਦਾਲਤ 14 ਦਸੰਬਰ ਨੂੰ

**ਪਟਿਆਲਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 14 ਦਸੰਬਰ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਦੌਰਾਨ ਮਾਲ ਵਿਭਾਗ ਨਾਲ ਸਬੰਧਤ ਮਾਮਲਿਆਂ ਦੇ ਨਿਪਟਾਰੇ ਲਈ ਮਾਲ ਅਧਿਕਾਰੀਆਂ ਵੱਲੋਂ ਵੀ ਅਦਾਲਤਾਂ ਆਪਣੇ ਦਫ਼ਤਰਾਂ ਵਿੱਚ ਲਗਾਈਆਂ ਜਾਣਗੀਆਂ। ਜਿਥੇ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਮਾਲ ਵਿਭਾਗ ਨਾਲ ਸਬੰਧਤ ਕੇਸ ਜਾਂ ਕੋਈ ਹੋਰ ਕੇਸ ਜੋ ਵਿਚਾਰ ਅਧੀਨ ਹਨ ਉਨ੍ਹਾਂ ਦਾ ਪਹਿਲ ਦੇ ਆਧਾਰ ਉਤੇ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਲੰਬਿਤ ਪਏ ਕੇਸਾਂ ਨਾਲ ਸਬੰਧਤ ਧਿਰਾਂ ਨੂੰ ਪਹਿਲਾਂ ਸੁਣਵਾਈ ਸਬੰਧੀ ਜਾਣੂ ਕਰਵਾਉਣ ਦੀ ਹਦਾਇਤ ਕੀਤੀ।

# ਰੇਸ਼ਮ ਉਦਪਾਦਕਾਂ ਅਤੇ ਕਾਰੀਗਰਾਂ ਨੂੰ ਉਤਸ਼ਾਹਿਤ ਕਰਨਾ ਹੈ ਮੁੱਖ ਮੰਤਵ : ਮੋਹਿੰਦਰ ਭਗਤ



**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ 'ਚ ਰੇਸ਼ਮ ਦੇ ਕਿੱਤੇ ਨਾਲ ਸਬੰਧਤ ਰੇਸ਼ਮ ਕੀਟ ਪਾਲਕਾਂ ਅਤੇ ਰੇਸ਼ਮ ਦੇ ਕਾਰੀਗਰਾਂ, ਸੈਲਫ ਹੈਲਪ ਗਰੁੱਪਾਂ ਅਤੇ ਵਿਸ਼ੇਸ ਤੌਰ ਤੇ ਔਰਤਾਂ ਨੂੰ ਉਤਸ਼ਾਹਿਤ ਕਰਨ ਅਤੇ ਉਹਨਾਂ ਦੀ ਆਮਦਨ ਵਧਾਉਣ ਦੇ ਉਦੇਸ਼ ਨਾਲ ਸਿਲਕ ਐਕਸਪੋ-2024 ਦਾ ਆਯੋਜ਼ਨ ਕੀਤਾ ਜਾ ਰਿਹਾ ਹੈ।

ਪੰਜਾਬ ਦੇ ਬਾਗਬਾਨੀ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਲਕ ਐਕਸਪੋ 4 ਦਸੰਬਰ ਤੋਂ 9 ਦਸੰਬਰ-2024 ਤੱਕ ਕਿਸਾਨ ਭਵਨ ਸੈਕਟਰ-35, ਚੰਡੀਗੜ੍ਹ ਵਿਖੇ ਲਗਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਐਕਸਪੋ ਸਿਲਕ ਮਾਰਕ ਆਰਗੇਨਾਈਜੇਸ਼ਨ ਆਫ ਇੰਡੀਆ ਅਤੇ ਬਾਗਬਾਨੀ ਵਿਭਾਗ ਪੰਜਾਬ ਦੇ ਆਪਸੀ ਸਹਿਯੋਗ ਨਾਲ ਆਯੋਜਿਤ ਕੀਤਾ ਜਾ ਰਿਹਾ ਹੈ।

ਸ੍ਰੀ ਭਗਤ ਨੇ ਅੱਗੇ ਦੱਸਿਆ ਕਿ ਇਸ ਸਮਾਰੋਹ ਵਿੱਚ ਭਾਰਤ ਦੇ ਸਮੂਹ ਰਾਜਾਂ ਦੇ ਕਾਰੀਗਰ, ਵਪਾਰੀ, ਰੇਸ਼ਮ ਬੋਰਡ ਦੇ ਰਜਿਸਟਰਡ ਅਦਾਰੇ, ਸੁਸ਼ਾਇਟੀਜ਼ ਵੱਲੋਂ ਸਿਲਕ ਨਾਲ ਸਬੰਧਤ ਵੱਖ-ਵੱਖ ਕਿਸਮਾਂ ਦੇ ਸਟਾਲ ਲਗਾਏ ਜਾਣਗੇ।

# ਕੌਮੀ ਬਾਗਬਾਨੀ ਮਿਸ਼ਨ ਤਹਿਤ ਕਿਸਾਨਾਂ ਨੂੰ ਦਿੱਤੀ ਜਾਂਦੀ ਹੈ ਵਿੱਤੀ ਸਹਾਇਤਾ : ਸੰਦੀਪ ਗਰੇਵਾਲ

**ਪਟਿਆਲਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਖੇਤੀ ਵਿਭਿੰਨਤਾ ਨੂੰ ਪ੍ਰਫੁਲਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਲੜੀ ਤਹਿਤ ਬਾਗ਼ਬਾਨੀ ਵਿਭਾਗ ਪਟਿਆਲਾ ਵੱਲੋਂ ਫ਼ਸਲੀ ਵਿਭਿੰਨਤਾ ਤਹਿਤ ਫੁੱਲਾਂ, ਫਲਾ, ਸਬਜ਼ੀਆਂ ਅਤੇ ਖੁੰਬਾਂ ਆਦਿ ਦੇ ਉਤਪਾਦਨ ਵਿੱਚ ਤਕਨੀਕੀ ਅਤੇ ਵਿੱਤੀ ਸਹਾਇਤਾ ਉਪਲਬਧ ਕਰਵਾਈ ਜਾ ਰਹੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਬਾਗਬਾਨੀ ਸੰਦੀਪ ਗਰੇਵਾਲ ਨੇ ਦੱਸਿਆ ਕਿ ਕਣਕ, ਝੋਨੇ ਦੇ ਫ਼ਸਲੀ ਚੱਕਰ ਵਿਚੋਂ ਬਾਹਰ ਨਿਕਲ ਕੇ ਬਾਗ਼ਬਾਨੀ ਵੱਲ ਰੁਝਾਨ ਵਧਾਉਣ ਦੀ ਲੋੜ ਹੈ, ਜਿਸ ਨਾਲ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਅਤੇ ਕੁਦਰਤੀ ਸਰੋਤਾਂ ਨੂੰ ਬਚਾਉਣ ਲਈ ਬਾਗ਼ਬਾਨੀ ਇੱਕ ਵਧੀਆ ਵਿਕਲਪ ਹੈ। ਉਨ੍ਹਾਂ ਦੱਸਿਆ ਕਿ ਬਾਗ਼ਬਾਨੀ ਮੰਤਰੀ ਪੰਜਾਬ ਸ਼੍ਰੀ ਮਹਿੰਦਰ ਭਗਤ ਅਤੇ ਡਾਇਰੈਕਟਰ ਬਾਗ਼ਬਾਨੀ ਪੰਜਾਬ ਸ਼੍ਰੀਮਤੀ ਸ਼ੈਲਿਦਰ ਕੌਰ (ਆਈ.ਐਫ.ਐਸ) ਦੀ ਅਗਵਾਈ ਹੇਠ ਪੰਜਾਬ ਵਿਚ ਬਾਗ਼ਬਾਨੀ ਕਿੱਤੇ ਨਾਲ ਜੁੜੇ ਕਿਸਾਨਾਂ ਨੂੰ ਆਰਥਿਕ ਲਾਭ ਦੇਣ ਹਿੱਤ ਕੌਮੀ ਬਾਗ਼ਬਾਨੀ ਮਿਸ਼ਨ ਅਧੀਨ ਵੱਖ ਵੱਖ ਮੱਦਾਂ ਅਧੀਨ ਵਿੱਤੀ ਸਹਾਇਤਾ ਉਪਲਬੱਧ ਕਰਵਾਈ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਬਾਗ਼ਬਾਨੀ ਵਿਭਾਗ ਵੱਲੋਂ ਕੌਮੀ ਬਾਗ਼ਬਾਨੀ ਮਿਸ਼ਨ ਅਧੀਨ ਨਵੇਂ ਬਾਗ ਲਗਾਉਣ ਉਪਰ 19 ਹਜ਼ਾਰ 200 ਰੁਪਏ ਪ੍ਰਤੀ ਹੈਕਟੇਅਰ (50 ), ਹਾਈਬ੍ਰਿਡ ਸਬਜ਼ੀਆਂ ਦੀ ਕਾਸ਼ਤ ਉਪਰ 40 ਹਜ਼ਾਰ ਰੁਪਏ ਪ੍ਰਤੀ ਦੋ ਹੈਕਟੇਅਰ (40 ਪ੍ਰਤੀਸ਼ਤ), ਫੁੱਲਾਂ ਦੀ ਕਾਸ਼ਤ ਉਪਰ 16 ਹਜ਼ਾਰ ਪ੍ਰਤੀ ਹੈਕਟੇਅਰ (40 ਪ੍ਰਤੀਸ਼ਤ) ,ਸੁਰੱਖਿਅਤ ਖੇਤੀ ਅਧੀਨ ਪੋਲੀ ਹਾਊਸ ਉਪਰ 1688000 ਰੁਪਏ ਪ੍ਰਤੀ 4000 ਵਰਗ ਮੀਟਰ (50 ਪ੍ਰਤੀਸ਼ਤ) ਅਤੇ ਸ਼ੈਡ ਨੈਟ ਹਾਊਸ 1420000 ਰੁਪਏ ਪ੍ਰਤੀ 4000 ਵਰਗ ਮੀਟਰ (50ਪ੍ਰਤੀਸ਼ਤ), ਵਰਮੀ ਕੰਪਸੋਟ 50000 ਰੁਪਏ (40ਪ੍ਰਤੀਸ਼ਤ), ਸ਼ਹਿਦ ਮੱਖੀ ਪਾਲਣ ਉਪਰ 1600/-ਰੁਪਏ ਪ੍ਰਤੀ ਬਕਸਾ (40 ਪ੍ਰਤੀਸ਼ਤ), ਸ਼ਹਿਦ ਕੱਢਣ ਵਾਲੀ ਮਸ਼ੀਨ ਉਪਰ 8000 ਰੁਪਏ (40 ਪ੍ਰਤੀਸ਼ਤ), ਖੁੰਬਾਂ ਦੀ ਕਾਸ਼ਤ ਅਧੀਨ ਪ੍ਰੋਡਕਸ਼ਨ ਯੂਨਿਟ 800000 ਰੁ. (40 ਪ੍ਰਤੀਸ਼ਤ) ਅਤੇ ਕੰਪੋਸਟ ਯੂਨਿਟ ਉਪਰ 800000 ਰੁਪਏ (40 ਪ੍ਰਤੀਸ਼ਤ) ਤਹਿਤ ਉਪਦਾਨ ਦੀ ਵਿਵਸਥਾ ਹੈ। ਇਸ ਤੋਂ ਇਲਾਵਾ ਮਸ਼ੀਨਰੀ ਅਧੀਨ 20 ਐਚ.ਪੀ. ਟਰੈਕਟਰ 75000 ਰੁਪਏ (25 ਪ੍ਰਤੀਸ਼ਤ) ਪਾਵਰ ਟਿੱਲ 8 ਐਪ.ਪੀ ਤੋਂ ਵੱਧ ਉਪਰ 75000 ਰੁਪਏ (40 ਪ੍ਰਤੀਸ਼ਤ) ਟਰੈਕਟਰ ਮਾਉਂਟਡ ਸਪਰੇਅ ਪੰਪ ਉਪਰ 50000 (40 ਪ੍ਰਤੀਸ਼ਤ), ਨੈਪ ਸੈਕ ਸਪਰੇਅ ਪੰਪ ਉਪਰ 8000 ਰੁਪਏ (40 ਪ੍ਰਤੀਸ਼ਤ), ਕੋਲਡ ਸਟੋਰ (ਟਾਈਪ-2) ਉਪਰ 35 ਪ੍ਰਤੀਸ਼ਤ ਸਬਸਿਡੀ ਅਤੇ ਰਾਈਪਨਿੰਗ ਚੈਂਬਰ ਉਪਰ 35 ਪ੍ਰਤੀਸ਼ਤ, ਲੋਅ ਕਾਸਟ ਪਿਆਜ਼ ਸਟੋਰੇਜ ਲਈ 87500 ਰੁਪਏ ਪ੍ਰਤੀ (50 ਪ੍ਰਤੀਸ਼ਤ) ਸਬਸਿਡੀ ਮੁਹੱਈਆ ਕਰਵਾਈ ਜਾਂਦੀ ਹੈ।



ਮਿਊਜ਼ਿਕ ਲਵਰਸ ਕਲੱਬ ਵੱਲੋਂ 9ਵੀਂ ਕੈਰੋਕੇ ਨਾਈਟ (ਸੰਗੀਤਮਈ), ਮੰਡੀ ਗੋਬਿੰਦਗੜ੍ਹ ਵਿਖੇ ਮਨਾਈ ਗਈ । ਪ੍ਰੋਗਰਾਮ ਵਿੱਚ ਦੂਰੋਂ ਦੂਰੋਂ ਪਹੁੰਚੇ ਗਾਇਕ, ਕਲੱਬ ਦੇ ਪ੍ਰਧਾਨ ਜਗਦੀਸ਼ ਅਰੋੜਾ, ਵਰਿੰਦਰ ਧੀਮਾਨ ਅਤੇ ਪ੍ਰੈਸ ਸਕੱਤਰ ਜਗਪ੍ਰੀਤ ਸਿੰਘ ਮਹਾਜਨ । ਫ਼ੋਟੋ ਤੇ ਵੇਰਵਾ :ਅਮਰਜੀਤ ਸਿੰਘ

# ਆਰੀਆ ਸਮਾਜ ਸਮਾਣਾ ਦਾ ਪੰਜ ਦਿਨਾਂ ਸਲਾਨਾ ਸਮਾਗਮ ਸ.ਫਲਤਾ ਪੂਰਵਕ ਸੰਪੰਨ, ਸਾਂਸਦ ਧਰਮਵੀਰ ਗਾਂਧੀ ਵੱਲੋਂ ਸ਼ਿਰਕਤ



ਹਵਨ ਯੱਗ 'ਚ ਸ਼ਿਰਕਤ ਕਰਦੇ ਹੋਏ ਸਾਂਸਦ ਡਾ: ਧਰਮਵੀਰ ਗਾਂਧੀ,ਰਛਪਾਲ ਸਿੰਘ ਜੋੜਾਮਾਜਰਾ ਤੇ ਹੋਰ।

**ਸਮਾਣਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਰੀਆ ਸਮਾਜ ਸਮਾਣਾ ਦਾ ਪੰਜ ਦਿਨਾਂ ਦਾ ਸਲਾਨਾ ਸਮਾਗਮ ਮਾਤਾ ਨੈਣਾਂ ਆਰੀਆ ਧਰਮਸਾਲਾ 'ਚ ਪੂਰਨ ਅਹੁੱਤੀ ਉਪਰੰਤ ਸਪੰਨ ਹੋ ਗਿਆ। ਸੰਸਥਾ ਪ੍ਰਧਾਨ ਯਸਪਾਲ ਸਿੰਗਲਾ ਦੀ ਅਗਵਾਈ ਵਿੱਚ ਚੱਲ ਰਹੇ ਸਮਾਗਮ ਦੇ ਪੰਜਵੇ ਦਿਨ ਦੇ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸਾਂਸਦ ਪਟਿਆਲਾ ਡਾ: ਧਰਮਵੀਰ ਗਾਂਧੀ ਨੇ ਸ਼ਿਰਕਤ ਕਰਦਿਆਂ ਝੰਡੇ ਦੀ ਰਸਮ ਆਪਣੇ ਕਰ-ਕਮਲਾ ਰਾਹੀ ਅਦਾ ਕੀਤੀ। ਸਮਾਗਮ ਦੌਰਾਨ 101 ਹਵਨ ਕੁੰਡਾ ਨਾਲ ਅੰਜਲੀ ਆਰੀਆ ਦੁਆਰਾ ਵੇਦ ਮੰਤਰਾ ਦੇ ਉਚਾਰਨਾ ਦੇ ਨਾਲ ਯੱਗ ਕਰਵਾ ਕੇ ਪੁਰਨ ਅਹੁਤੀ ਕੀਤੀ ਤੇ ਪੰਜ ਦਿਨਾਂ ਆਰੀਆ ਸਮਾਜ ਦੇ ਸਲਾਨਾ ਉੱਤਸਵ ਨੂੰ ਸੰਪੂਰਨ ਕਰਵਾਇਆ ਗਿਆ।

ਬੀਤੀ ਰਾਤ ਦੇ ਸਮਾਗਮ ਵਿਚ ਅੰਜਲੀ ਆਰੀਆ ਨੇ ਆਪਣੇ ਪ੍ਰਵਚਨਾ ਵਿੱਚ ਕਿਹਾ ਕਿ ਸੰਸਾਰ ਦੇ ਕਲਿਆਣ ਲਈ ਸਾਨੂੰ ਦਿਨ ਵਿੱਚ ਇੱਕ ਵਾਰ ਯੱਗ ਜ਼ਰੂਰ ਕਰਨਾ ਚਾਹੀਦਾ ਹੈ। ਇਸ ਮੌਕੇ ਤੇ ਸਹਿਰ ਦੀਆਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਆਗੂਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਅੱਜ ਦੇ ਯੱਗ 'ਚ ਰਛਪਾਲ ਸਿੰਘ ਜੋੜਾਮਾਜਰਾ, ਮਦਨ ਲਾਲ ਸਿੰਗਲਾ, ਅਜੇ ਬਾਂਸਲ, ਟੇਕ ਚੰਦ ਗੋਇਲ , ਰਘੂਨਾਥ ਬਾਂਸਲ, ਜਵਾਹਰ ਲਾਲ ਗੋਇਲ ,ਯਸ਼ ਸਿੰਗਲਾ ,ਕਿੱਟੀ ਗਰਗ ਨੇ ਸਮੂਲੀਅਤ ਕੀਤੀ ।

ਇਸ ਮੌਕੇਂ ਤੇ ਉਦਯੋਗਪਤੀ ਰਾਮੇਸ਼ ਗਰਗ , ਸ਼ਨ ਮਿੱਤਲ ਦੋਦੜੇ ਵਾਲੇ, ਸ਼ਾਮ ਲਾਲ ਗਰਗ, ਰਾਜ ਸੱਚਦੇਵਾ, ਜੀਵਨ ਗਰਗ, ਡਾ. ਕੇ.ਕੇ ਜੌਹਰੀ, ਡਾ. ਅਸ਼ੋਕ, ਡਾ. ਪ੍ਰੇਮ ਪਾਲ, ਪ੍ਰਦੀਪ ਗੋਇਲ ਮੀਕਾ, ਡਾ. ਹੇਮਰਾਜ ਗੋਇਲ, ਪ੍ਰਮੋਦ ਸਿੰਗਲਾ , ਜੀ ਸੀ ਗੋਇਲ, ਪਵਨ ਬਾਂਸਲ, ਮਹਿੰਦਰ ਧੀਮਾਨ, ਕ੍ਰਿਸ਼ਨ ਬਾਂਸਲ, ਪਵਨ ਸ਼ਾਸ਼ਤਰੀ, ਮਾਸਟਰ ਜਸਵੀਰ ਸਿੰਘ, ਜਗਦੀਸ਼ ਵਰਮਾ, ਮੌਜੂਦ ਸਨ ।

# ਵਰਲਡ ਏਡਜ਼ ਡੇ ਦਿਵਸ ਮਨਾਇਆ ਗਿਆ




**ਨਾਭਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਰਲਡ ਏਡਜ ਡੇ ਦਿਵਸ ਮਨਾਇਆ ਗਿਆ ਨਾਭਾ ਫਾਊਂਡੇਸ਼ਨ ਨਾਭਾ ਵੱਲੋਂ ਅੱਜ ਵਰਲਡ ਏਡਜ ਡੇ ਦਿਵਸ ਮਨਾਇਆ ਗਿਆ ਜਿਸ ਵਿੱਚ ਇੱਕ ਰੈਲੀ ਕੱਢੀ ਗਈ ਇਸ ਰੈਲੀ ਦੀ ਸ਼ੁਰੂਆਤ ਡਾਕਟਰ ਪਮੇਲਾ ਚੋਪੜਾ ਦੁਆਰਾ ਹਰੀ ਝੰਡੀ ਦੇਕੇ ਕੀਤੀ ਗਈ ਇਸ ਰੈਲੀ ਵਿੱਚ ਲੋਕਾਂ ਨੂੰ ਐਚ ਆਈਵੀ ਏਡਜ ਬਾਰੇ ਜਾਣਕਾਰੀ ਦਿੱਤੀ ਗਈ ਲੋਕਾਂ ਨੂੰ ਇਸ ਰੈਲੀ ਵਿੱਚ ਲੋਕਾਂ ਨੂੰ ਐਚ ਆਈ ਵੀ ਏਡਜ ਬਾਰੇ ਜਾਣਕਾਰੀ ਦਿੱਤੀ ਗਈ ਲੋਕਾਂ ਨੂੰ ਐਚ ਆਈਵੀ ਏਡਸ ਦੇ ਲੱਛਣਾਂ, ਕਾਰਨਾਂ ਅਤੇ ਇਸਦੇ ਬਿਠਾਉ ਲਈ ਪਰਹੇਜ ਦੱਸੇ ਗਏ ਅਤੇ ਇਲਾਜ ਬਾਰੇ ਵੀ ਦੱਸਿਆ ਗਿਆ ਇਸ ਰੈਲੀ ਵਿੱਚ ਨਾਭਾ ਫੈਡਰੇਸ਼ਨ ਦਾ ਸਾਰਾ ਸਟਾਫ ਸ਼ਾਮਿਲ ਸੀਭਾ ਫਾਊਂਡੇਸ਼ਨ ਨਾਭਾ ਵੱਲੋਂ ਅੱਜ ਵਰਲਡ ਏਡਜ ਡੇ ਦਿਵਸ ਮਨਾਇਆ ਗਿਆ ਜਿਸ ਵਿੱਚ ਇੱਕ ਰੈਲੀ ਕੱਢੀ ਗਈ ਇਸ ਰੈਲੀ ਦੀ ਸ਼ੁਰੂਆਤ ਡਾਕਟਰ ਪਮੇਲਾ ਚੋਪੜਾ ਦੁਆਰਾ ਹਰੀ ਝੰਡੀ ਦੇਕੇ ਕੀਤੀ ਗਈ ਇਸ ਰੈਲੀ ਵਿੱਚ ਲੋਕਾਂ ਨੂੰ ਐਚ ਆਈਵੀ ਏਡਜ ਬਾਰੇ ਜਾਣਕਾਰੀ ਦਿੱਤੀ ਗਈ ਲੋਕਾਂ ਨੂੰ ਇਸ ਰੈਲੀ ਵਿੱਚ ਲੋਕਾਂ ਨੂੰ ਐਚ ਆਈ ਵੀ ਏਡਜ ਬਾਰੇ ਜਾਣਕਾਰੀ ਦਿੱਤੀ ਗਈ ਲੋਕਾਂ ਨੂੰ ਐਚ ਆਈਵੀ ਏਡਸ ਦੇ ਲੱਛਣਾਂ, ਕਾਰਨਾਂ ਅਤੇ ਇਸਦੇ ਬਿਠਾਉ ਲਈ ਪਰਹੇਜ ਦੱਸੇ ਗਏ ਅਤੇ ਇਲਾਜ ਬਾਰੇ ਵੀ ਦੱਸਿਆ ਗਿਆ ਇਸ ਰੈਲੀ ਵਿੱਚ ਨਾਭਾ ਫੈਡਰੇਸ਼ਨ ਦਾ ਸਾਰਾ ਸਟਾਫ ਸ਼ਾਮਿਲ ਸੀ।

# ਪੈਰਾਡਾਈਜ਼ ਇੰਟਰਨੈਸ਼ਨਲ ਦਾ 22ਵਾਂ ਇਨਾਮ ਵੰਡ ਅਦੁੱਤੀ ਹੋ ਨਿਬੜਿਆ



**ਘੱਗਾ, 5 ਦਸੰਬਰ /ਕੀਰਤੀ ਗਰਗ**
**-ਕੌਮੀ ਪੱਤ੍ਰਿਕਾ ਬਿਊਰੋ-**

ਦਫ਼ਤਰੀ ਵਾਲਾ 22ਵਾਂ ਇਨਾਮ ਵੰਡ ਸਮਾਰੋਹ ਸਕੂਲ ਦੇ ਵੇਹੜੇ ਵਿੱਚ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਦੀ ਅਗਵਾਈ ਵਿਚ ਕਰਵਾਇਆ ਅਦੁੱਤੀ ਹੋ ਨਿਬੜਿਆ। ਇਸ ਸਮਾਗਮ ਵਿੱਚ 900 ਤੋਂ ਵੱਧ ਵਿਦਿਆਰਥੀਆ ਨੇ ਹਿੱਸਾ ਲਿਆ ਅਤੇ ਵੱਖ-ਵੱਖ ਸਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ ਜਿਸ ਵਿੱਚ ਹਰਿਆਣਵੀ ਡਾਂਸ, ਡੋਗਰੀ ਡਾਂਸ, ਰੈਟਰੋ ਮੈਟਰੋ, ਭੰਗੜਾ, ਰਾਇਮ, ਲਾਵਨੀ ਆਦਿ ਪ੍ਰਮੁੱਖ ਰਹੇ।

ਇਸ ਪ੍ਰੋਗਰਾਮ ਵਿਚ ਪੰਜਾਬ ਤੋਂ ਹੋ ਰਹੇ ਪ੍ਰਵਾਸ ਨੂੰ ਦਰਸਾਉਂਦੀ ਸਕਿੱਟ ਵਤਨ ਵਾਪਸੀ, ਲੁੱਡੀ ਅਤੇ ਝੂੰਮਰ ਦੀ ਪੇਸ਼ਕਾਰੀ ਸਮਾਗਮ ਨੂੰ ਸਿਖਰਾਂ ਤੱਕ ਲੈ ਗਈ। ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਦੱਸਿਆ ਹੈ ਕਿ ਸਕੂਲ ਨੇ ਸਿਲਵਰ ਜੁਬਲੀ ਵਰ੍ਹੇ ਦੀ ਸ਼ੁਰੂਆਤ ਕੀਤੀ ਹੈ ਅਗਲੇ ਵਰ੍ਹੇ ਸੰਸਥਾ 25 ਸਾਲ ਪੂਰੇ ਕਰਨ ਜਾ ਰਿਹਾ ਹੈ। ਅੱਜ ਪੰਜਾਬੀ ਫਿਲਮ ਇੰਡਸਟਰੀ ਦੀ ਪ੍ਰਮੁੱਖ ਸਖਸ਼ੀਅਤ ਹੋਬੀ ਧਾਲੀਵਾਲ ਤੇ ਪ੍ਰੋ. ਦੇਵਿੰਦਰ ਸਿੰਘ ਸਿੱਧੂ ਪ੍ਰੋ-ਵਾਇਸ ਚਾਂਸਲਰ, ਚੰਡੀਗੜ੍ਹ ਯੂਨੀਵਰਸਿਟੀ ਨੇ ਮੁੱਖ ਮਹਿਮਾਨਾਂ ਦੇ ਤੌਰ ਸ਼ਮੂਲੀਅਤ ਕੀਤੀ ਹੈ ਐਸ.ਡੀ. ਐਮ.ਪਾਤੜਾਂ ਅਸ਼ੋਕ ਕੁਮਾਰ,ਅਤੇ ਐਸ.ਡੀ.ਐਮ. ਲਹਿਰਾਗਾਗਾ ਸੂਬਾ ਸਿੰਘ ਨੇ ਵਿਸ਼ੇਸ ਮਹਿਮਾਨਾਂ ਦੇ ਤੌਰ ਤੇ ਸਿਰਕਤ ਕੀਤੀ ਹੈ । ਉਨ੍ਹਾਂ ਸਕੂਲ ਦੀਆਂ ਅਕਾਦਮਿਕ ਅਤੇ ਖੇਡਾਂ ਵਿਚ ਪ੍ਰਾਪਤੀਆਂ ਅਤੇ ਸਲਾਨਾ ਗਤੀਵਿਧੀਆਂ ਨੂੰ ਦਰਸਾਉਂਦੀ ਇੱਕ ਪ੍ਰਭਾਵਸ਼ਾਲੀ ਰਿਪੋਰਟ ਪੇਸ਼ ਕੀਤੀ। ਮੁੱਖ ਮਹਿਮਾਨਾਂ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਅਤੇ ਹੋਰ ਅਕਾਦਮਿਕ ਖੇਤਰਾਂ ਵਿੱਚ ਅੱਗੇ ਵੱਧਣ ਲਈ ਪ੍ਰੇਰਿਆ ਤਾਂ ਜੋ ਵਧੀਆਂ ਸਮਾਜ ਸਿਰਜ ਸਕੀਏ । ਸਲਾਨਾ ਗਤੀਵਿਧੀਆਂ ਦੇ ਆਧਾਰ ਤੇ ਬੈਸਟ ਹਾਊਸ ਦੀ ਟਰਾਫੀ ਸਤਲੁਜ ਹਾਊਸ ਦੇ ਹਿੱਸੇ ਆਈ । ਉਨ੍ਹਾਂ ਸੀਬੀਐਸਈ ਦੇ ਦਸਵੀਂ ਅਤੇ ਬਾਰਵੀਂ ਦੇ ਸਲਾਨਾ ਨਤੀਜ਼ਿਆਂ ਵਿੱਚੋਂ ਮੋਹਰੀ ਰਹੇ ਵਿਦਿਆਰਥੀਆਂ, ਪੁਰਾਣੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆ ਅਤੇ ਐਮਬੀਬੀਐਸ, ਬੀ.ਟੈਕ, ਬੀ.ਫਾਰਮੇਸੀ ਅਤੇ ਲਾਅ ਕਰ ਰਹੇ ਵਿਦਿਆਰਥੀਆਂ ਬੂਮਿਸ਼ ਗਰਗ, ਪਾਰੂਲ, ਹਰਸ਼ਿਤ ਸਿੰਗਲਾ, ਨਕੁਲ ਸ਼ਰਮਾ, ਕ੍ਰਿਸ਼ ਗੋਇਲ, ਅਨਮੋਲ ਸ਼ਰਮਾ ਅਤੇ ਲਵਪ੍ਰੀਤ ਸਿੰਘ ਅਤੇ ਹੋਰਨਾ ਨੂੰ ਸਨਮਾਨਿਤ ਕੀਤਾ ਗਿਆ।

ਸਮਾਗਮ ਵਿੱਚ ਪਹੁੰਚੇ ਮਹਿਮਾਨਾ ਅਤੇ ਪਤਵੰਤੇ ਸੱਜਣਾ ਦਾ ਸਕੂਲ ਮੈਨੇਜਮੈਂਟ ਵੱਲੋਂ ਧੰਨਵਾਦ ਕੀਤਾ ਗਿਆ।

# ਐਚ.ਆਈ.ਵੀ-ਏਡਜ਼ ਅਵੇਅਰਨੈਸ ਦਿਵਸ ਮੌਕੇ ਇੰਡੀਅਨ ਰੈਡ ਕ੍ਰਾਸ ਅਤੇ ਸਾਕੇਤ ਹਸਪਤਾਲ ਨੇ ਕਰਵਾਇਆ ਜਾਗਰੂਕਤਾ ਅਭਿਆਨ




**ਪਟਿਆਲਾ, 5 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਡੀਅਨ ਰੈਡ ਕ੍ਰੌਸ ਸੁਸਾਇਟੀ, ਪੰਜਾਬ ਸਟੇਟ ਬ੍ਰਾਂਚ, ਚੰਡੀਗੜ੍ਹ ਦੇ ਸਕੱਤਰ ਸਰਦਾਰ ਸ਼ਿਵ ਦੁਲਾਰ ਸਿੰਘ ਢਿੱਲੋਂ (ਆਈ.ਏ.ਐਸ. ਰਿਟਾਇਰਡ) ਦੀ ਅਗਵਾਈ ਹੇਠ ਗੌਰਮੈਂਟ ਗਰਲਜ਼ ਸਮਾਰਟ ਸੀਨੀਅਰ ਸੈਕੰਡਰੀ ਸਕੂਲ, ਪਾਵਰ ਹਾਊਸ ਕਲੋਨੀ, ਪਟਿਆਲਾ ਵਿਖੇ ਵਰਲਡ ਐਚ.ਆਈ.ਵੀ/ਏਡਸ ਦਿਵਸ ਮੌਕੇ ਇੱਕ ਰੋਜ਼ਾ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।

ਇਸ ਪ੍ਰੋਗਰਾਮ ਵਿੱਚ ਪੰਜਾਬ ਰੈਡ ਕ੍ਰੌਸ ਦੇ ਮੁੜ ਵਸੇਬਾ ਕੇਂਦਰ ਸਕੇਤ ਹਸਪਤਾਲ ਪਟਿਆਲਾ ਦੀ ਟੀਮ ਨੇ ਹਿੱਸਾ ਲਿਆ ਅਤੇ ਅਵੇਅਰਨੈਸ ਲੈਕਚਰ ਪ੍ਰਸਤੁਤ ਕੀਤੇ। ਪ੍ਰੋਜੈਕਟ ਡਾਇਰੈਕਟਰ ਸ਼੍ਰੀਮਤੀ ਪਰਮਿੰਦਰ ਕੌਰ ਮਨਚੰਦਾ ਨੇ ਐਚ.ਆਈ.ਵੀ/ਏਡਸ ਦੇ ਫੈਲਣ ਦੇ ਕਾਰਨ, ਰੋਕਥਾਮ ਅਤੇ ਇਲਾਜ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਮੈਡੀਕਲ ਅਫਸਰ ਡਾ. ਸੰਦੀਪ ਸਿੰਘ ਨੇ ਵੀ ਆਪਣੇ ਅਣਮੁੱਲੇ ਵਿਚਾਰ ਸਾਂਝੇ ਕੀਤੇ। ਸਕੇਤ ਹਸਪਤਾਲ ਤੋਂ ਪੁਲਿਸ ਇੰਸਪੈਕਟਰ ਅਤੇ ਹੋਰ ਮੁਲਾਜ਼ਮਾਂ ਨੇ ਵੀ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ। ਰੈਡ ਕ੍ਰੌਸ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦੇਣ ਲਈ ਸ੍ਰੀਕਾਰਾਂ ਵਰਮਾ ਜੀ ਨੇ ਸੀ.ਪੀ.ਆਰ. ਅਤੇ ਜ਼ਿੰਦਗੀ ਬਚਾਉਣ ਵਾਲੇ ਹੋਰ ਉਪਕਰਮਾਂ ਬਾਰੇ ਦੱਸਿਆ।

**ਰੈਲੀ ਅਤੇ ਹੋਰ ਗਤੀਵਿਧੀਆਂ**

ਇਸ ਮੌਕੇ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮੁਲਾਜ਼ਮਾਂ ਨੇ ਨਸ਼ਿਆਂ ਅਤੇ ਐਚ.ਆਈ.ਵੀ/ਏਡਸ ਤੋਂ ਬਚਾਅ ਲਈ ਇੱਕ ਜਾਗਰੂਕਤਾ ਰੈਲੀ ਕੱਢੀ। ਸਕੇਤ ਹਸਪਤਾਲ ਦੇ ਕੌਂਸਲਰ ਅਤੇ ਹੋਰ ਸਟਾਫ ਨੇ ਸਮਾਜ ਨੂੰ ਜਾਗਰੂਕ ਕਰਨ ਦੇ ਪ੍ਰਾਸਥਿਤਿਕ ਯਤਨਾਂ ਨੂੰ ਆਗੇ ਵਧਾਇਆ। ਸਕੂਲ ਅਤੇ ਸਕੇਤ ਹਸਪਤਾਲ ਵੱਲੋਂ ਰੰਗੋਲੀ ਬਣਾਈ ਗਈ, ਜਿਸ ਰਾਹੀਂ ਨਸ਼ਿਆਂ ਅਤੇ ਐਚ.ਆਈ.ਵੀ/ਏਡਸ ਤੋਂ ਬਚਾਅ ਦਾ ਸੰਦੇਸ਼ ਦਿੱਤਾ ਗਿਆ। ਇਹ ਪ੍ਰੋਗਰਾਮ ਸਿਰਫ ਸਕੂਲ ਤੱਕ ਸੀਮਤ ਨਹੀਂ ਰਿਹਾ ਬਲਕਿ ਵੱਖ-ਵੱਖ ਥਾਵਾਂ 'ਤੇ ਵੀ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਸ ਵਿਚ ਕੁੰਡਮ ਵੰਡਣ ਜਿਹੀਆਂ ਕਾਰਵਾਈਆਂ ਰਾਹੀਂ ਬਿਮਾਰੀ ਤੋਂ ਬਚਾਅ ਲਈ ਉਪਾਇ ਦੱਸੇ ਗਏ। ਇਹ ਅਭਿਆਨ ਸਮਾਜ ਨੂੰ ਸੁਰੱਖਿਅਤ ਅਤੇ ਨਸ਼ਾ ਮੁਕਤ ਭਵਿੱਖ ਵੱਲ ਮੋੜਨ ਦਾ ਸਪਸ਼ਟ ਸੰਦੇਸ਼ ਦਿੰਦਾ ਹੈ।

# ਪਿੰਡ ਪੰਡੋਰੀ 'ਚ ਬਾਂਦਰ ਦੀ ਦਹਿਸ਼ਤ; ਸਕੂਲ ਜਾਂਦੇ ਬੱਚਿਆਂ ਤੇ ਔਰਤਾਂ 'ਤੇ ਕਰਦਾ ਹੈ ਹਮਲਾ



**ਗੜ੍ਹਸ਼ੰਕਰ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤ ਇਲਾਕੇ ਦੇ ਪਿੰਡ ਪੰਡੋਰੀ 'ਚ ਇਕ ਬਾਂਦਰ ਲੋਕਾਂ ਵਿਚ ਦਹਿਸ਼ਤ ਦਾ ਕਾਰਨ ਬਣਿਆ ਹੋਇਆ ਹੈ। ਇਹ ਬਾਂਦਰ ਅੱਡਾ ਪੰਡੋਰੀ ਤੋਂ ਪਿੰਡ ਨੂੰ ਜਾਂਦੀ ਮੁੱਖ ਸੜਕ ਨੇੜੇ ਤੇੜੇ ਘੁੰਮਦਾ ਰਹਿੰਦਾ ਹੈ ਅਤੇ ਸੜਕ ਤੋਂ ਲੰਘਣ ਵਾਲੇ ਸਕੂਲੀ ਬੱਚਿਆਂ ਅਤੇ ਔਰਤਾਂ 'ਤੇ ਅਚਾਨਕ ਹਮਲਾ ਕਰ ਦਿੰਦਾ ਹੈ। ਇਹ ਬਾਂਦਰ ਹੁਣ ਤਕ ਕਰੀਬ ਇੱਕ ਦਰਜਨ ਤੋਂ ਵਧ ਸਕੂਲੀ ਬੱਚਿਆਂ ਨੂੰ ਜ਼ਖ਼ਮੀ ਵੀ ਕਰ ਚੁੱਕਿਆ ਹੈ। ਪਿੰਡ ਦੇ ਸਰਪੰਚ ਠੇਕੇਦਾਰ ਸੁਭਾਸ਼ ਚੰਦਰ, ਸਾਬਕਾ ਸਰਪੰਚ ਸਰਵਣ ਕਸਾਣਾ, ਨੰਬਰਦਾਰ ਹੁਸਨ ਲਾਲ ਬਜਾੜ, ਤੀਰਥ ਰਾਮ ਬਜਾੜ, ਰੌਸ਼ਨ ਲਾਲ ਮੀਲੂ, ਵਿਜੇ ਕਾਲਸ ਨੇ ਦੱਸਿਆ ਕਿ ਕਰੀਬ ਡੇਢ ਮਹੀਨਾ ਪਹਿਲਾਂ ਇਹ ਅਵਾਰਾ ਬਾਂਦਰ ਜੰਗਲ ਵਲੋਂ ਆ ਗਿਆ ਹੈ ਤੇ ਹਰ ਵੇਲੇ - ਅੱਡੇ ਤੋਂ ਪਿੰਡ ਨੂੰ ਜਾਂਦੀ ਸੜਕ ਦੇ ਆਲੇ-ਦੁਆਲੇ ਘੁੰਮਦਾ ਰਹਿੰਦਾ ਹੈ। ਜਦ ਸਵੇਰ ਵੇਲੇ ਬੱਚੇ ਸਕੂਲ ਜਾਣ ਲਈ ਸੜਕ ਤੋਂ ਲੰਘਦੇ ਹਨ ਤਾਂ ਇਹ ਬਾਂਦਰ ਬੱਚਿਆਂ 'ਤੇ ਪਿੱਛੋਂ ਹਮਲਾ ਕਰ ਦਿੰਦਾ ਹੈ। ਇਹ ਬਾਂਦਰ ਹੁਣ ਤੱਕ ਇਕ ਦਰਜਨ ਤੋਂ ਵੱਧ ਬੱਚਿਆਂ ਨੂੰ ਜ਼ਖ਼ਮੀ ਕਰ ਚੁੱਕਾ ਹੈ, ਜਿਸ ਕਾਰਨ ਸਕੂਲੀ ਬੱਚਿਆਂ 'ਚ ਦਹਿਸ਼ਤ ਦਾ ਮਾਹੌਲ ਹੈ। ਉਨ੍ਹਾਂ ਦੱਸਿਆ ਕਿ ਇਸ ਬਾਂਦਰ ਵਾਰੇ ਕਈ ਵਾਰੀ ਜੰਗਲਾਤ ਵਿਭਾਗ ਦੇ ਕਰਮਚਾਰੀਆਂ ਨੂੰ ਸੂਚਿਤ ਕੀਤਾ ਪਰ ਸਮੱਸਿਆ ਦਾ ਹੱਲ ਨਹੀਂ ਹੋ ਸਕਿਆ। ਪਿੰਡ ਵਾਸੀਆਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਇਸ ਖੂੰਖ਼ਾਰ ਬਾਂਦਰ ਤੋਂ ਨਿਜਾਤ ਦਿਵਾਈ ਜਾਵੇ। ਇਸ ਸੰਬੰਧੀ ਸੰਪਰਕ ਕਰਨ 'ਤੇ ਜੰਗਲੀ ਜੀਵ ਵਿਭਾਗ ਦੇ ਵਣ ਰੇਂਜ ਅਫ਼ਸਰ ਗੜ੍ਹਸ਼ੰਕਰ ਰਾਜ ਪਾਲ ਸਿੰਘ ਨੇ ਦੱਸਿਆ ਕਿ ਮਾਮਲਾ ਉਨ੍ਹਾਂ ਨੇ ਨੋਟਿਸ ਵਿਚ ਹੈ ਉਨ੍ਹਾਂ ਬਾਂਦਰ ਨੂੰ ਫੜਨ ਲਈ ਪਿੰਜਰਾ ਲਗਾਇਆ ਹੋਇਆ ਹੈ।

# ਪਟਿਆਲਾ ਦੇ ਆਬਕਾਰੀ ਵਿਭਾਗ ਵਿੱਚ ਜਾਲੀ ਡਿਗਰੀ ਨਾਲ ਲਗੇ ਅਧਿਕਾਰੀਆਂ ਦੀਆਂ ਡਿਗਰੀਆਂ ਹੋਈਆਂ ਚੈਕ ; ਦਰਜਨਾਂ 'ਤੇ ਡਿਗੇਗੀ ਗਾਜ

## ਮਨਜੀਤ ਸਿੰਘ ਚੀਮਾ ਵਧੀਕ ਰਾਜ ਕਰ ਕਮਿਸ਼ਨਰ ਨੇ 100 ਤੋਂ ਵੱਧ ਇੰਸਪੈਕਟਰ ਅਤੇ ਰਿਟਾਇਰਡ ਕਰਮਚਾਰੀਆਂ ਦੇ ਕਾਗਜ ਕੀਤੇ ਚੈਕ

**ਪਟਿਆਲਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਭੁਪਿੰਦਰਾ ਰੋਡ ਆਬਕਾਰੀ ਵਿਭਾਗ ਦੇ ਕਰ ਕਮਿਸ਼ਨਰ ਦਫਤਰ ਵਿੱਚ ਅੱਜ ਅਜਿਹੇ ਕਈ ਕਰਮਚਾਰੀ ਅਤੇ ਅਧਿਕਾਰੀ ਆਪਣੇ ਸਰਟੀਫਿਕੇਟਾਂ ਨਾਲ ਹਾਜਰ ਹੋਏ ਜਿਹਨਾਂ 'ਤੇ ਵਿਭਾਗ ਨੂੰ ਜਾਲੀ ਡਿਗਰੀਆਂ ਨਾਲ ਨੌਕਰੀ ਲੈਣ ਜਾਂ ਫਿਰ ਤੱਰਕੀ ਲੈਣ ਦਾ ਸ਼ਕ ਸੀ। ਜਿਸ ਕਾਰਣ ਰਾਜ ਕਰ ਕਮਿਸ਼ਨਰ ਦੇ ਨਾਨ ਗਜਟਿਡ ਸ਼ਾਖਾ ਦੇ ਸੁਪਰਡੈਂਟ-2 ਨੇ ਜਾਲੀ ਡਿਗਰੀ ਨਾਲ ਲਗੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਡਿਗਰੀਆਂ ਚੈਕ ਕਰਵਾਉਣ ਲਈ ਹਾਜਰ ਹੋਣ ਦੇ ਵਿਭਾਗ ਵਲੋਂ ਹੁਕਮ ਜਾਰੀ ਕੀਤੇ ਸਨ। ਜਿਸ ਦਾ ਸਿਲਸਿਲਾ ਅੱਜ ਦਿਨ ਭਰ ਚਲਦਾ ਰਿਹਾ। ਜਿਸਤੋਂ ਹੁਣ ਦਰਜਨਾਂ ਕਰਮਚਾਰੀਆਂ ਅਤੇ ਅਧਿਕਾਰੀਆਂ 'ਤੇ ਗਾਜ ਡਿੱਗ ਸਕਦੀ ਹੈ।

ਭਰੋਸੇਯੋਗ ਸੂਤਰ ਦਸਦੇ ਹਨ ਕਿ ਵਿਭਾਗ ਵਿੱਚ ਅਜਿਹੇ ਕਰਮਚਾਰੀ-ਅਧਿਕਾਰੀ ਤੱਰਕੀ ਲੈ ਕੇ ਕੁਰਸੀਆਂ 'ਤੇ ਹਨ ਜਿਸ ਵਿੱਚ ਕਿਸੇ ਕੋਲ ਯੂਨੀਵਰਸਿਟੀ ਆਫ ਦਿੱਲੀ ਦੀ ਡਿਗਰੀ ਹੈ ਅਤੇ ਕਿਸੇ ਹੋਰ ਕੋਲ ਅਜਿਹੀ ਹੀ ਕਿਸੇ ਹੋਰ ਗੈਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਦੀ, ਜਿਸ ਕਾਰਣ ਵਿਭਾਗ ਵਿੱਚ ਕਰਮਚਾਰੀ ਅਤੇ ਅਧਿਕਾਰੀ ਖੌਫਜਦਾ ਰਹੇ।

## ਸੰਪਾਦਕੀ

# ਆਰ.ਐੱਸ.ਐੱਸ ਮੁਖੀ ਭਾਗਵਤ ਦੀ ਚਿਤਾਵਨੀ

ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਦੇ ਮੁਖੀ ਮੋਹਨ ਭਾਗਵਤ ਨੇ ਚਿਤਾਵਨੀ ਦੀ ਘੰਟੀ ਵਜਾ ਦਿੱਤੀ ਹੈ। ਉਨ੍ਹਾਂ ਵਿਰੋਧਾਭਾਸ ਵਰਗੀ ਸਥਿਤੀ ’ਤੇ ਚਿੰਤਾ ਜ਼ਾਹਿਰ ਕੀਤੀ ਹੈ: ਦੁਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਮੁਲਕ ’ਚ ਜਨਸੰਖਿਆ ਦੀ ਦਰ ਨਿੱਘਰ ਰਹੀ ਹੈ। ਕਿਆਮਤ ਵਰਗਾ ਚਿਤਰਨ ਕਰਦਿਆਂ ਭਾਗਵਤ ਨੇ ਚਿਤਾਵਨੀ ਦਿੱਤੀ ਹੈ ਕਿ ਜਿਹੜੇ ਸਮਾਜ ਦੀ ਕੁੱਲ ਜਣਨ ਦਰ (ਟੀਐੱਫਆਰ) 2.1 ਤੋਂ ਘੱਟ ਹੋ ਜਾਂਦੀ ਹੈ, ਉਹ ਧਰਤੀ ਦੇ ਨਕਸ਼ੇ ਤੋਂ ਮਿੱਟ ਸਕਦਾ ਹੈ। ਉਨ੍ਹਾਂ ਕੋਲ ਹੱਲ ਵੀ ਹੈ: ਹਮ ਦੋ ਹਮਾਰੇ ਤੀਨ- ਹਰ ਜੋੜਾ ਘੱਟੋ-ਘੱਟ ਤਿੰਨ ਬੱਚੇ ਪੈਦਾ ਕਰੇ। ਕੀ ਆਰਐੱਸਐੱਸ ਦੇ ਸਰਸੰਘਚਾਲਕ ਦੇਸ਼ ਵਿੱਚ ਹਰੇਕ ਸਮਾਜ ਦੇ ਮੈਂਬਰ ਤੋਂ ਇਹੀ ਚਾਹੁੰਦੇ ਹਨ- ਬਹੁਗਿਣਤੀ ਦੇ ਨਾਲ-ਨਾਲ ਘੱਟਗਿਣਤੀ ਤੋਂ ਵੀ- ਕਿ ਉਹ ਹੋਰ ਬੱਚੇ ਪੈਦਾ ਕਰਨ ? ਅਜਿਹਾ ਲੱਗਦਾ ਤਾਂ ਨਹੀਂ, ਜੇ ਅਪਰੈਲ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰਾਜਸਥਾਨ ਦੇ ਬਾਂਸਵਾੜਾ ’ਚ ਰੈਲੀ ਦੌਰਾਨ ਕੀਤੀਆਂ ਟਿੱਪਣੀਆਂ ਨੂੰ ਦੇਖਿਆ ਜਾਵੇ। ਬਾਰੀਕ ਜਿਹੇ ਲਹਿਜ਼ੇ ’ਚ ਲੁਕਵੇਂ ਰੂਪ ’ਚ ਵਿਸ਼ੇਸ਼ ਭਾਈਚਾਰੇ ਨੂੰ ਨਿਸ਼ਾਨਾ ਬਣਾਉਂਦਿਆਂ ਪ੍ਰਧਾਨ ਮੰਤਰੀ ਨੇ ‘ਘੁਸਪੈਠੀਆਂ’ ਦੀ ਤੁਲਨਾ ਉਨ੍ਹਾਂ ਨਾਲ ਕੀਤੀ ਸੀ ਜਿਨ੍ਹਾਂ ਦੇ ਜ਼ਿਆਦਾ ਬੱਚੇ ਹਨ।

ਭਾਗਵਤ ਨੂੰ ਚਿੰਤਾ ਹੋਣ ਦਾ ਵੱਡਾ ਕਾਰਨ ਆਰਥਿਕ ਸਲਾਹਕਾਰ ਕੌਂਸਲ ਵੱਲੋਂ ਪ੍ਰਧਾਨ ਮੰਤਰੀ ਨੂੰ ਸੌਂਪਿਆ ਉਹ ਖੋਜ ਪੱਤਰ ਹੋ ਸਕਦਾ ਹੈ ਜਿਸ ’ਚ ਕਿਹਾ ਗਿਆ ਸੀ ਕਿ ਭਾਰਤ ਦੀ ਆਬਾਦੀ ’ਚ ਹਿੰਦੂਆਂ ਦਾ ਹਿੱਸਾ 1950 ਤੋਂ ਲੈ ਕੇ 2015 ਤੱਕ 7.82 ਪ੍ਰਤੀਸ਼ਤ ਦੀ ਦਰ ਨਾਲ ਘਟਿਆ ਹੈ ਅਤੇ ਮੁਸਲਮਾਨਾਂ ਦਾ ਹਿੱਸਾ 43 ਪ੍ਰਤੀਸ਼ਤ ਦੀ ਦਰ ਨਾਲ ਵਧਿਆ ਹੈ। ਇਹ ‘ਵਰਕਿੰਗ ਪੇਪਰ’ ਕੌਂਸਲ ਨੇ ਮੋਦੀ ਦੇ ਵਿਵਾਦਤ ਭਾਸ਼ਣ ਤੋਂ ਕੁਝ ਹਫਤਿਆਂ ਬਾਅਦ ਪ੍ਰਧਾਨ ਮੰਤਰੀ ਨੂੰ ਸੌਂਪਿਆ ਸੀ।

ਆਰਐੱਸਐੱਸ ਮੁਖੀ ਨੂੰ ਸਭ ਤੋਂ ਵੱਡਾ ਭੈਅ ਇਸ ਚੀਜ਼ ਦਾ ਹੈ ਕਿ ਕਿਤੇ ਬਹੁਗਿਣਤੀ ਸਮਾਜ ਘੱਟਗਿਣਤੀ ਬਣ ਕੇ ਨਾ ਰਹਿ ਜਾਵੇ। ਵਿਅੰਗਾਤਮਕ ਹੈ ਕਿ 11 ਜੁਲਾਈ ਨੂੰ ਸੰਸਾਰ ਜਨਸੰਖਿਆ ਦਿਹਾੜੇ ’ਤੇ ਸਿਹਤ ਮੰਤਰੀ ਜੇਪੀ ਨੱਢਾ ਨੇ ਇੱਕ ਬੈਠਕ ’ਚ ਕਿਹਾ ਸੀ ਕਿ ‘ਛੋਟੇ ਪਰਿਵਾਰ’ ਵਿਕਸਿਤ ਭਾਰਤ ਦੇ ਟੀਚੇ ਨੂੰ ਸਰ ਕਰਨ ਵਿੱਚ ਸਹਾਈ ਹੋ ਸਕਦੇ ਹਨ। ਇਹ ਸੱਚ ਹੈ ਕਿ ਭਾਰਤ ਦੀ ਜਣਨ ਦਰ ਕਾਫੀ ਘਟੀ ਹੈ ਜਿਸ ਵਿੱਚ ਗਰਭ ਨਿਰੋਧਕਾਂ ਦਾ ਵੱਡਾ ਰੋਲ ਹੈ।

ਘੱਟ ਰਹੀ ਟੀਐੱਫਆਰ ਨੇ ਆਂਧਰਾ ਪ੍ਰਦੇਸ਼ ਨੂੰ ‘ਦੋ ਬੱਚਿਆਂ’ ਦੀ ਨੀਤੀ ਖ਼ਤਮ ਕਰਨ ਲਈ ਮਜਬੂਰ ਕਰ ਦਿੱਤਾ ਹੈ; ਤਿਲੰਗਾਨਾ ਵੀ ਇਸੇ ਰਾਹ ਉੱਤੇ ਚੱਲਣਾ ਚਾਹੁੰਦਾ ਹੈ। ਹੋਰਨਾਂ ਰਾਜਾਂ ਨੂੰ ਪਰਿਵਾਰ ਨਿਯੋਜਨ ਦੇ ਪਰਖੇ ਹੋਏ ਢੰਗ-ਤਰੀਕਿਆਂ ਤੋਂ ਪਾਸਾ ਵੱਟਣ ਤੋਂ ਪਹਿਲਾਂ ਉਪਲੱਬਧ ਸਾਧਨਾਂ ਦਾ ਜਾਇਜ਼ਾ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ। ਕੀ ਉਹ ਸਿਹਤ ਸੰਭਾਲ, ਸਿੱਖਿਆ, ਰੁਜ਼ਗਾਰ ਉਤਪਤੀ ਤੇ ਗ਼ਰੀਬੀ ਘਟਾਉਣ ਦੇ ਨੁਕਤੇ ਤੋਂ ਵਾਧੂ ਆਬਾਦੀ ਦਾ ਬੋਝ ਬਰਦਾਸ਼ਤ ਕਰ ਸਕਦੇ ਹਨ ? ਸਿਆਸੀ ਤੇ ਧਾਰਮਿਕ ਆਗੂਆਂ ਨੂੰ ਅੰਕੜਿ ?ਆਂ ਦੀ ਖੇਡ ਖੇਡਣਾ ਅਤੇ ਫ਼ਿਰਕੂ ਅੱਗ ਭੜਕਾਉਣਾ ਲੁਭਾਉਣਾ ਲੱਗਦਾ ਹੈ ਪਰ ਉਨ੍ਹਾਂ ਨੂੰ ਇਸ ਦੇ ਭਾਰਤ ਦੀ ਸਮਾਜਿਕ ਤੇ ਆਰਥਿਕ ਸਥਿਰਤਾ ਉੱਤੇ ਪੈਣ ਵਾਲੇ ਅਸਰਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਇਤਿਹਾਸ ਗਵਾਹ ਹੈ ਕਿ ਫਿ ?ਰਕੂ ਅੱਗ ਨੇ ਵਿਕਾਸ ਦਾ ਪਹੀਆ ਸਿਰਫ਼ ਰੋਕਿਆ ਹੀ ਨਹੀਂ ਸਗੋਂ ਇਸ ਨੂੰ ਸਦਾ ਪਿਛਾਂਹ ਵੱਲ ਪੁੱਠਾ ਗੇੜਾ ਹੀ ਦਿੱਤਾ ਹੈ। ਅਜਿਹੀਆਂ ਜਮਾਤਾਂ ਨੂੰ ਇਨ੍ਹਾਂ ਗੱਲਾਂ ਅਤੇ ਤੱਥਾਂ ਦਾ ਧਿਆਨ ਹਰ ਹਾਲ ਰੱਖਣਾ ਚਾਹੀਦਾ ਹੈ।

# ਨਸ਼ਿਆਂ ਦੇ ਜੜ੍ਹੋਂ ਖ਼ਾਤਮੇ ਲਈ ਸਾਰੀਆਂ ਰਾਜਨੀਤਕ ਪਾਰਟੀਆਂ ਇਕ ਪਲੇਟਫਾਰਮ ਤੇ ਇੱਕਠੀਆਂ ਹੋਣ : ਸੁਖਜਿੰਦਰ ਸਿੰਘ, ਪਰਮਿੰਦਰ ਭਲਵਾਨ




**ਪਟਿਆਲਾ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਯੁਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ ਦੇ ਸਹਿਯੋਗ ਨਾਲ ਨਸਾ ਮੁਕਤ ਭਾਰਤ ਅਭਿਆਨ ਸਮਾਜਿਕ ਨਿਆਂ ਅਤੇ ਸੰਸਕਤੀਕਰਨ ਮੰਤਰਾਲਾ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਮਿਸ਼ਨ ਤੰਦਰੁਸਤ ਪੰਜਾਬ ਤਹਿਤ ਨਸ਼ਿਆਂ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ,ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਮਾਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਉਂ, ਡੀ ਆਈ ਜੀ ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ, ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ,ਐਸ ਪੀ ਹੈਡਕੁਆਰਟਰ ਓਲੰਪੀਅਨ ਹਰਵੰਤ ਕੌਰ ਦੀ ਸਰਪ੍ਰਸਤੀ ਹੇਠ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਅਤੇ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਐਸ ਆਈ ਗੁਰਕੀਰਤ ਕੋਰ ਇੰਚਾਰਜ ਸਾਂਝ ਕੇਂਦਰ ਨਾਭਾ ਨੇ ਕੀਤੀ, ਪ੍ਰੋਗਰਾਮ ਦਾ ਉਦਘਾਟਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਕੀਤੀ, ਵਿਸ਼ੇਸ਼ ਤੌਰ ਤੇ ਸਟੇਟ ਐਵਾਰਡੀ ਰੁਪਿੰਦਰ ਕੌਰ ,ਰੁਦਰਪ੍ਰਤਾਪ ਸਿੰਘ ਪ੍ਰਧਾਨ ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ, ਵਰਿੰਦਰ ਸਿੰਘ ਨੇ ਸ਼ਿਰਕਤ ਕੀਤੀ, ਇਸ ਮੌਕੇ ਨੋਜਵਾਨਾ ਨੂੰ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਨਸ਼ਿਆਂ ਕਾਰਨ ਹਰ ਰੋਜ਼ ਨੋਜਵਾਨਾਂ ਦੀਆਂ ਮੋਤਾ ਹੋ ਰਹੀਆਂ ਹਨ ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ।

ਉਹਨਾਂ ਕਿਹਾ ਕਿ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖੋਖਲਾ ਕਰਦੇ ਜਾ ਰਹੇ ਹਨ ਇਸ ਲਈ ਸਾਨੂੰ ਸਾਰਿਆਂ ਨੂੰ ਆਪਸੀ ਮੱਤਭੇਦ ਭੁੱਲਾਕੇ ਰਾਜਨੀਤੀ ਤੋਂ ਉੱਪਰ ਉੱਠ ਕੇ ਆਪਣੀ ਨੋਜਾਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਇੱਕਜੁੱਟ ਹੋ ਕੇ ਅੱਗੇ ਆਉਣਾ ਪਵੇਗਾ , ਉਹਨਾਂ ਕਿਹਾ ਕਿ ਪੰਜਾਬ ਵਿਚੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਾਰੀਆਂ ਰਾਜਨੀਤਕ ਪਾਰਟੀਆਂ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਅਤੇ ਸਕੂਲਾਂ ਕਾਲਜਾਂ ਦਾ ਸਹਿਯੋਗ ਜ਼ਰੂਰੀ ਹੈ ਤਾਂ ਹੀ ਅਸੀਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰ ਸਕਾਂਗੇ, ਇਸ ਮੌਕੇ ਨੋਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪ੍ਰਚਾਰ ਸਮੱਗਰੀ ਵੀ ਵੰਡੀ ਗਈ, ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵਲੋਂ ਨੋਜਵਾਨਾਂ ਨੂੰ ਨਸ਼ਿਆਂ ਵਿਰੁੱਧ ਚੱਲਣ ਲਈ ਸੋਹ ਵੀ ਚੁਕਾਈ ਗਈ।

# ਡੀ.ਸੀ ਨੇ ਸਬ-ਰਜਿਸਟਰਾਰ ਲੁਧਿਆਣਾ ਪੱਛਮੀ ਦਫਤਰ ਦਾ ਕੀਤਾ ਅਚਨਚੇਤ ਦੌਰਾ



**ਲੁਧਿਆਣਾ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਸੋਮਵਾਰ ਨੂੰ ਸਬ-ਰਜਿਸਟਰਾਰ ਦਫ਼ਤਰ (ਲੁਧਿਆਣਾ ਪੱਛਮੀ) ਦਾ ਅਚਨਚੇਤ ਨਿਰੀਖਣ ਕੀਤਾ।

ਇਸ ਨਿਰੀਖਣ ਦੌਰਾਨ ਉਨ੍ਹਾਂ ਨੇ ਜ਼ਮੀਨ ਦੀ ਰਜਿਸਟਰੀ ਕਰਵਾਉਣ ਆਏ ਵਿਅਕਤੀਆਂ ਨਾਲ ਗੱਲਬਾਤ ਕੀਤੀ ਅਤੇ ਸਬ-ਰਜਿਸਟਰਾਰ ਦਫ਼ਤਰ ਅਤੇ ਇਸ ਦੇ ਕਰਮਚਾਰੀਆਂ ਬਾਰੇ ਉਨ੍ਹਾਂ ਤੋਂ ਫੀਡਬੈਕ ਲਈ ਅਤੇ ਰਜਿਸਟਰਾਰ ਦਫ਼ਤਰ ਸਬੰਧੀ ਉਨ੍ਹਾਂ ਦੇ ਤਜ਼ਰਬਿਆਂ ਬਾਰੇ ਵੇਰਵੇ ਇਕੱਤਰ ਕੀਤੇ ਅਤੇ ਸੁਧਾਰਾਂ ਬਾਰੇ ਸੁਝਾਅ ਲਏ।

ਸ੍ਰੀ ਜਤਿੰਦਰ ਜੋਰਵਾਲ ਨੇ ਸਟਾਫ਼ ਦਾ ਹਾਜ਼ਰੀ ਰਿਕਾਰਡ ਵੀ ਚੈੱਕ ਕੀਤਾ ਅਤੇ ਪਟਵਾਰੀਆਂ ਦੇ ਦਫ਼ਤਰਾਂ ਅਤੇ ਰਿਕਾਰਡ ਰੂਮਾਂ ਸਮੇਤ ਵੱਖ-ਵੱਖ ਹਿੱਸਿਆਂ ਦਾ ਦੌਰਾ ਕੀਤਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਰਜਿਸਟਰੀ ਦੇ ਰਿਕਾਰਡ ਦਾ ਨਿਰੀਖਣ ਕੀਤਾ ਅਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੀਆਂ ਰਜਿਸਟਰੀਆਂ ’ਤੇ ਦਸਤਖ਼ਤ ਕੀਤੇ ਜਾਣ ਅਤੇ ਉਸੇ ਦਿਨ ਮਾਲਕਾਂ ਨੂੰ ਸੌਂਪੇ ਜਾਣ ਨੂੰ ਯਕੀਨੀ ਬਣਾਇਆ ਜਾਵੇ। ਉਹਨਾਂ ਨੇ ਸਾਰੀਆਂ ਰਜਿਸਟਰੀਆਂ ਲਈ ਇੰਤਕਾਲਾਂ ਦੀ ਤੁਰੰਤ ਪ੍ਰਕਿਰਿਆ ਦੀ ਲੋੜ ’ਤੇ ਜ਼ੋਰ ਦਿੱਤਾ ਅਤੇ ਸਟਾਫ ਨੂੰ ਜ਼ੀਰੋ-ਪੈਂਡੈਂਸੀ ਸਥਿਤੀ ਬਣਾਈ ਰੱਖਣ ਲਈ ਕਿਹਾ।

ਡਿਪਟੀ ਕਮਿਸ਼ਨਰ ਨੇ ਬੈਠਣ ਦੀ ਕਮੀ ਦੀ ਪਛਾਣ ਕੀਤੀ ਅਤੇ ਅਧਿਕਾਰੀਆਂ ਨੂੰ ਤੁਰੰਤ ਵਾਧੂ ਕੁਰਸੀਆਂ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਇਮਾਰਤ ਦੇ ਅੰਦਰ ਸਾਫ-ਸਫਾਈ ਦੀ ਮਹੱਤਤਾ ਰੱਖਣ ’ਤੇ ਵੀ ਜ਼ੋਰ ਦਿੱਤਾ ਅਤੇ ਸਟਾਫ ਨੂੰ ਹਦਾਇਤ ਕੀਤੀ ਕਿ ਉਹ ਕੰਮ ਲਈ ਆਉਣ ਵਾਲੇ ਵਿਅਕਤੀਆਂ ਨੂੰ ਬਿਨਾਂ ਕਿਸੇ ਅਸੁਵਿਧਾ ਦੇ ਉਨ੍ਹਾਂ ਦੇ ਕੰਮਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ।

# ਸਿਹਤ ਸਹੂਲਤਾਂ ਅਤੇ ਸਕੀਮਾਂ ਦਾ ਲੋਕਾ ਨੂੰ ਦਿੱਤਾ ਜਾਵੇਗਾ ਪੂਰਾ ਫਾਇਦਾ : ਸਿਵਲ ਸਰਜਨ ਲਹਿੰਬਰ ਰਾਮ



**ਫਾਜ਼ਿਲਕਾ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹੇ ਦੇ ਨਵ ਨਿਯੁਕਤ ਸਿਵਲ ਸਰਜਨ ਡਾਕਟਰ ਲਹਿੰਬਰ ਰਾਮ ਨੇ ਫਾਜ਼ਿਲਕਾ ਦਫ਼ਤਰ ਵਿਖੇ ਸਮੂਹ ਸਟਾਫ ਦੀ ਮੀਟਿੰਗ ਕੀਤੀ ਅਤੇ ਹਦਾਇਤ ਜਾਰੀ ਕੀਤੀ ਕਿ ਸਾਰਾ ਸਟਾਫ ਇਮਾਨਦਾਰੀ ਅਤੇ ਤਨਦੇਹੀ ਨਾਲ ਆਪਣੀ ਡਿਊਟੀ ਕਰੇ ਤਾਂਕਿ ਆਮ ਜਨਤਾ ਨੂੰ ਇਸ ਦਾ ਫਾਇਦਾ ਮਿਲ ਸਕੇ।

ਸਿਵਲ ਸਰਜਨ ਡਾ. ਲਹਿੰਬਰ ਰਾਮ ਨੇ ਇਹ ਵੀ ਵਿਭਾਗ ਵਿਚ ਕਰਪਸ਼ਨ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਨੇ ਦੱਸਿਆ ਕਿ ਉਹਨਾਂ ਦੀ ਨਿਯੁਕਤੀ ਤੋਂ ਬਾਦ ਉਹਨਾਂ ਦੀ ਕੋਸ਼ਿਸ਼ ਹੋਵੇਗੀ ਕਿ ਜੋ ਸਟਾਫ ਅਤੇ ਮੈਨ ਪਾਵਰ ਹਸਪਤਾਲ ਵਿਚ ਮੌਜੂਦ ਹੈ, ਉਹਨਾਂ ਨਾਲ ਵਧੀਆ ਤਰੀਕੇ ਨਾਲ ਲੋਕਾ ਨੂੰ ਸਿਹਤ ਸਹੂਲਤਾਂ ਮਿਲ ਸਕੇ। ਉਹਨਾਂ ਕਿਹਾ ਕਿ ਲੋਕਾ ਦੀ ਸਹੂਲਤਾਂ ਲਈ ਦਿਵਿਆਂਗ ਸਰਟੀਫਿਕੇਟ ਮੌਕੇ ਤੇ ਦਿੱਤਾ ਜਾਵੇ ਅਤੇ ਜਨਮ ਮੌਤ ਸਰਟੀਫਿਕੇਟ ਦੇ ਨਾਲ ਮੈਡੀਕਲ ਬਿਲਾ ਦੀ ਪੂਰਤੀ ਦਾ ਨਿਪਟਾਰਾ ਪਹਿਲ ਦੇ ਅਧਾਰ ਤੇ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਸਿਵਲ ਹਸਪਤਾਲਾਂ ਅਤੇ ਸਾਰੇ ਸਿਹਤ ਵਿਭਾਗ ਦੇ ਦਫਤਰਾਂ ਵਿਚ ਆਉਣ ਤੇ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਦਾ ਇਲਾਜ ਅਤੇ ਹੋਰ ਲੋੜੀਂਦੀ ਸਹਾਇਤਾ ਪਹਿਲ ਦੇ ਅਧਾਰ ਤੇ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦਾ ਜਿਲ੍ਹਾ ਮੁਖੀ ਹੋਣ ਦੇ ਨਾਤੇ ਸਿਹਤ ਵਿਭਾਗ ਦੇ ਸਾਰੇ ਸਰਕਾਰੀ ਪ੍ਰੋਗਰਾਮਾਂ ਨੂੰ ਇੰਨ-ਬਿੰਨ ਲਾਗੂ ਕਰਨਾ ਅਤੇ ਆਮ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਣਾਂ ਮੇਰਾ ਮੁੱਖ ਮਕਸਦ ਹੋਵੇਗਾ। ਜਿਲ੍ਹੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਔਰਤਾਂ ਅਤੇ ਬੱਚਿਆਂ ਦਾ ਚੈੱਕਅਪ ਅਤੇ ਇਲਾਜ ਪਹਿਲ ਦੇ ਅਧਾਰ ਤੇ ਕੀਤਾ ਜਾਵੇਗਾ ਅਤੇ ਜੱਚਾ ਬੱਚਾ ਸੇਵਾਵਾਂ ਨੂੰ ਹੋਰ ਉੱਚਾ ਚੁੱਕਣ ਲਈ ਯੋਗ ਉਪਰਾਲੇ ਕੀਤੇ ਜਾਣਗੇ।

ਉਨ੍ਹਾਂਅਹੁਦਾ ਸੰਭਾਲਦਿਆਂ ਸਿਹਤ ਵਿਭਾਗ ਦੇ ਸਮੂਹ ਅਧਿਕਾਰੀਆਂ ਅਤੇ ਸਟਾਫ ਨੂੰ ਕਿਹਾ ਕਿ ਸਿਹਤ ਸੰਸਥਾਵਾਂ ਵਿਚ ਆਉਣ ਵਾਲੇ ਲੋਕਾਂ ਨਾਲ ਨਰਮੀ ਵਾਲਾ ਵਰਤਾਓ ਕੀਤਾ ਜਾਵੇ ਅਤੇ ਪਹਿਲ ਦੇ ਅਧਾਰ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾਵੇ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਅਤੇ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ।

ਇਸ ਮੌਕੇ ਡਾ. ਕਵਿਤਾ ਸਿੰਘ, ਡਾ. ਐਡੀਸਨ ਏਰਿਕ, ਡਾ. ਰਿੰਕੂ ਚਾਵਲਾ, ਜਿਲਾ ਟੀਬੀ ਅਫ਼ਸਰ ਡਾਕਟਰ ਨੀਲੂ ਚੁੱਘ, ਡੀਪੀਐਮ ਰਾਜੇਸ਼ ਕੁਮਾਰ, ਜਿਲ੍ਹਾ ਮਾਸ ਮੀਡੀਆ ਬ੍ਰਾਂਚ ਤੋਂ ਦਿਵੇਸ਼ ਕੁਮਾਰ, ਹਰਮੀਤ ਸਿੰਘ, ਸੁਪਰਡੰਟ ਵਿਪਨ ਸ਼ਰਮਾ, ਡੀਐਮਸੀ ਬਰਾਂਚ ਤੋਂ ਸੰਜੀਵ ਕੁਮਾਰ, ਰਾਜੀਵ ਕੁਮਾਰ, ਸੀਨੀਅਰ ਸਹਾਇਕ ਸੁਨੀਲ ਕੁਮਾਰ, ਰੋਹਿਤ ਸਚਦੇਵਾ ਸਟੈਨੋ ਅਤੇ ਦਫਤਰ ਸਿਵਲ ਸਰਜਨ ਫਾਜ਼ਿਲਕਾ ਦੇ ਸਮੂਹ ਸਟਾਫ ਨੇ ਨਵੇਂ ਸਿਵਲ ਸਰਜਨ ਨੂੰ ਉਨ੍ਹਾਂ ਦੀ ਤਰੱਕੀ ਤੇ ਵਧਾਈ ਦਿੱਤੀ ਅਤੇ ਨਿੱਘਾ ਸਵਾਗਤ ਕੀਤਾ ਗਿਆ।

# ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਪਸ਼ੂ ਪਾਲਕਾਂ ਅਤੇ ਬੇਰੋਜਗਾਰ ਨੌਜਵਾਨਾਂ ਨੂੰ ਮੁਫਤ ਡੇਅਰੀ ਸਿਖਲਾਈ ਦੇਣ ਲਈ ਬੈਚ 9 ਤੋਂ ਸ਼ੁਰੂ



**ਗੁਰਦਾਸਪੁਰ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਡੇਅਰੀ ਵਿਕਾਸ ਵਿਭਾਗ,ਪੰਜਾਬ ਵੱਲੋਂ ਜ਼ਿਲਾ ਗੁਰਦਾਸਪੁਰ ਵਿਖੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਪਸ਼ੂ ਪਾਲਕਾਂ ਅਤੇ ਬੇਰੋਜਗਾਰ ਨੌਜਵਾਨਾਂ ਲਈ ਮੁਫਤ ਡੇਅਰੀ ਸਿਖਲਾਈ ਕੋਰਸ 09 ਦਸੰਬਰ 2024 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਇਸ ਸਕੀਮ ਅਧੀਨ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ ਦੋ ਹਫਤੇ ਦੀ ਮੁਫਤ ਡੇਅਰੀ ਸਿਖਲਾਈ ਦੇ ਨਾਲ ਨਾਲ ਸਫਲਤਾ ਪੂਰਵਕ ਟ੍ਰੇਨਿੰਗ ਕਰਨ ਉਪਰੰਤ ਰੁਪਏ 3500/- ਵਜੀਫਾ ਅਤੇ ਡੇਅਰੀ ਨਾਲ ਸਬੰਧਿਤ ਲਿਟਰੇਚਰ ਵੀ ਦਿੱਤਾ ਜਾਵੇਗਾ ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਸ਼੍ਰੀ ਵਰਿਆਮ ਸਿੰਘ ਜੀ ਨੇ ਦੱਸਿਆ ਕਿ ਜਿਲਾ ਗੁਰਦਾਸਪੁਰ ਨਾਲ ਸਬੰਧਿਤ ਲਾਭਪਾਤਰੀ ਦੀ ਚੋਣ ਮਿਤੀ 05/12/2024 ਤੱਕ ਸਵੇਰੇ 10:00 ਵਜੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਜਿਲਾ ਪ੍ਰਬੰਧਕੀ ਕੰਪਲੈਕਸ, ਬਲਾਕ-ਬੀ, ਚੌਥੀ ਮੰਜ਼ਿਲ, ਕਮਰਾ ਨੰ:508 ਵਿਖੇ ਕੀਤੀ ਜਾਵੇਗੀ। ਚਾਹਵਾਨ ਲੜਕੇ/ਵਿਆਹੀਆਂ ਲੜਕੀਆਂ ਜਿਸ ਦੀ ਉਮਰ 18 ਤੋਂ 50 ਸਾਲ ਹੋਵੇ ,ਪਿੰਡ ਦਾ ਵਸਨੀਕ ਹੋਵੇ, ਆਪਣਾ ਅਨੁਸੂਚਿਤ ਜਾਤੀ ਨਾਲ ਸਬੰਧਿਤ ਸਰਟੀਫਿਕੇਟ ਸਮੇਤ ਪਾਸਪੋਰਟ ਸਾਈਜ ਫੋਟੋ, ਘੱਟੋ ਘੱਟ ਪੰਜਵੀਂ ਪਾਸ ਦਾ ਤਸਦੀਕਸ਼ੁਦਾ ਯੋਗਤਾ ਸਰਟੀਫਿਕੇਟ,ਆਧਾਰ ਕਾਰਡ ਨਾਲ ਲੈ ਕੇ ਦਫਤਰ ਵਿਖੇ ਹਾਜਰ ਹੋਣ।ਚੁਣੇ ਗਏ ਲਾਭਪਾਤਰੀਆਂ ਨੂੰ ਡੇਅਰੀ ਸਿਖਲਾਈ ਸੈਂਟਰ,ਵੇਰਕਾ(ਅੰਮ੍ਰਿਤਸਰ) ਵਿਖੇ ਸਿਖਲਾਈ ਦਿੱਤੀ ਜਾਵੇਗੀ ਪਸ਼ੂਆਂ ਦਾ ਡੇਅਰੀ ਯੂਨਿਟ ਸਥਾਪਿਤ ਕਰਨ ਉਪਰੰਤ ਲਾਭਪਾਤਰੀ ਨੂੰ 33% ਸਬਸਿਡੀ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਮੋਬਾਈਲ ਨੰ: 80548-00880 , 75089-73471 ਅਤੇ 7888850893 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਡੀ.ਏ.ਵੀ ਪਬਲਿਕ ਸਕੂਲ ਵਿਖੇ ਨੈਸ਼ਨਲ ਪ੍ਰਦੂਸ਼ਣ ਕੰਟਰੋਲ ਦਿਵਸ ਮਨਾਇਆ



**ਰੂਪ ਨਗਰ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਇਸ ਮੌਕੇਤ 2 ਤੇ 3 ਦਸੰਬਰ 1984 ਵਾਲੇ ਦਿਨ ਭੋਪਾਲ ਗੈਸ ਕਾਂਡ ਵਿੱਚ ਮਾਰੇ ਗਏ ਤੇ ਪੀੜਤ ਲੋਕਾਂ ਨੂੰ ਸ਼ਰਧਾਜਲੀ ਦਿੱਤੀ ਗਈ ਅਤੇ ਨਾਲ ਹੀ ÷ਸਾਫ ਹਵਾ ਹਰੀ ਧਰਤੀ÷ ਥੀਮ ਅਧੀਨ ਸਕੂਲ ਦੇ ਗਰਾਊਂਡ ਵਿੱਚ ਫਲਦਾਰ ਬੂਟੇ ਲਗਾਏ ਗਏ। ਇਸ ਮੌਕੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਸੰਗੀਤਾ ਰਾਣੀ ਨੇ ਇਸ ਦਿਨ ਦਾ ਮਹੱਤਵ ਦੱਸਦੇ ਹੋਏ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਤੇ ਜੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਹਰਿਆਲੀ ਦੀ ਬਹੁਤ ਜਰੂਰਤ ਹੈ। ਕਾਰਬਨ ਦਿਨ ਪ੍ਰਤੀ ਦਿਨ ਵੱਧ ਰਹੀ ਹੈ, ਜਲ, ਜੰਗਲ, ਜਮੀਨ ਦੀ ਰੱਖਿਆ ਕਰਨਾ ਸਾਡਾ ਸਭ ਦਾ ਫਰਜ਼ ਹੈ ਜਦੋ ਤੋਂ ਪਲਾਸਟਿਕ ਨੇ ਸਾਡੇ ਜੀਵਨ ਵਿਚ ਆਪਣੀ ਥਾਂ ਬਣਾਈ ਹੈ ਅਸੀ ਕੁਦਰਤ ਤੋ ਕੋਹਾ ਦੂਰ ਹੋ ਗਏ ਹਨ, ਜਦੋ ਕਿ ਕੁਦਰਤ ਹੀ ਸਾਡਾ ਭਵਿੱਖ ਹੈ, ਜਿਸ ਤੋ ਬਿਨਾ ਅਸੀ ਭਵਿੱਖ ਵਿਚ ਜੀਵਨ ਦੀ ਕਲਪਨਾ ਵੀ ਨਹੀ ਸਕਦੇ।ਇਸ ਮੌਕੇ ਤੈਸੀਨੀਅਰ ਅਧਿਆਪਕ ਸ੍ਰੀ ਇਕਬਾਲ ਸਿੰਘ, ਸ੍ਰੀ ਅਸ਼ਵਨੀ ਸ਼ਰਮਾ, ਰਾਜੇਸ਼ ਸ਼ਰਮਾ, ਜੈਪਾਲ, ਬਰਿੰਦਰ ਸਿੰਘ, ਨੀਲੂ ਮਲਹੋਤਰਾ, ਕਿਰਨ ਬਾਲਾ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਪੰਜਾਬ ’ਵਰਸਿਟੀ ਨੇ ਜਿੱਤੀ ਯੁਵਕ ਮੇਲੇ ਦੀ ਓਵਰਆਲ ਟਰਾਫ਼ੀ



**ਲੁਧਿਆਣਾ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਯੁਵਕ ਸੇਵਾਵਾਂ ਵਿਭਾਗ ਦੀ ਅਗਵਾਈ ਹੇਠ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਕਰਵਾਇਆ ਜਾ ਰਿਹਾ ਚਾਰ ਰੋਜ਼ਾ ਪੰਜਾਬ ਰਾਜ ਅੰਤਰ-ਵਰਸਿਟੀ ਯੁਵਕ ਮੇਲਾ 2024 ਸਫ਼ਲਤਾਪੂਰਵਕ ਸਮਾਪਤ ਹੋ ਗਿਆ। ਯੁਵਕ ਮੇਲੇ ਦੀ ਓਵਰਆਲ ਟਰਾਫੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਜਿੱਤ ਲਈ ਹੈ। ਯੁਵਕ ਮੇਲੇ ਦੇ ਸਮਾਪਤੀ ਸਮਾਗਮ ਵਿੱਚ ਪੰਜਾਬ ਯੂਥ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਪਰਮਿੰਦਰ ਸਿੰਘ ਗੋਲਡੀ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਜਿਨ੍ਹਾਂ ਨੂੰ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਸਤਿਬੀਰ ਸਿੰਘ ਗੋਸਲ ਵੱਲੋਂ ਜੀ ਆਇਆਂ ਆਖਿਆ। ਯੁਵਕ ਮੇਲੇ ਦੇ ਅੱਜ ਚੌਥੇ ਦਿਨ ਮਾਝਾ, ਮਾਲਵਾ ਅਤੇ ਦੋਆਬੇ ਦੀਆਂ ਗਿੱਧੇ ਦੀਆਂ ਟੀਮਾਂ ਨੇ ਖ਼ੂਬ ਰੌਣਕਾਂ ਲਾਈ ਰੱਖੀਆਂ ਅਤੇ ਲੰਮੀਆਂ ਹੇਕਾਂ ਵਾਲੇ ਗੀਤ ਮੁਕਾਬਲਿਆਂ ਦੌਰਾਨ ਡਾ. ਮਨਮੋਹਨ ਸਿੰਘ ਆਡੀਟੋਰੀਅਮ ਪੂਰੀ ਤਰ੍ਹਾਂ ਸੱਭਿਆਚਾਰਕ ਮਾਹੌਲ ਵਿੱਚ ਰੰਗਿਆ ਗਿਆ। ਮੁਕਾਬਲਿਆਂ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਓਵਰਆਲ ਟਰਾਫੀ ’ਤੇ ਕਬਜ਼ਾ ਕੀਤਾ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਰਨਰਅੱਪ ਰਹੀ। ਵੀਸੀ ਡਾ. ਗੋਸਲ ਨੇ ਇਸ ਮੇਲੇ ਦੀ ਸਫ਼ਲਤਾ ਲਈ ਯੁਵਕ ਸੇਵਾਵਾਂ ਵਿਭਾਗ ਪੰਜਾਬ ਦਾ ਧੰਨਵਾਦ ਕੀਤਾ ਅਤੇ ਵਿਭਾਗ ਵੱਲੋਂ ਸਨਮਾਨ ਚਿੰਨ ਪ੍ਰਾਪਤ ਕੀਤਾ। ਉਪਰੰਤ ਡਿਪਟੀ ਡਾਇਰੈਕਟਰ ਕੁਲਵਿੰਦਰ ਸਿੰਘ ਵੱਲੋਂ ਇਸ ਪ੍ਰੋਗਰਾਮ ਵਿੱਚ ਹਾਜ਼ਰ ਸਮੂਹ ਯੂਨੀਵਰਸਿਟੀਆਂ ਦੇ ਡਾਇਰੈਕਟਰ ਕਲਚਰਲ ਅਤੇ ਵਿਭਾਗੀ ਸਟਾਫ਼ ਨੂੰ ਸਨਮਾਨਿਤ ਕੀਤਾ ਗਿਆ।

ਯੁਵਕ ਮੇਲੇ ਦੌਰਾਨ ਬੀਤੇ ਦਿਨ ਕਿਸੇ ਮਾਮੂਲੀ ਗੱਲ ਨੂੰ ਲੈ ਕੇ ਵਿਦਿਆਰਥੀਆਂ ਦੇ ਦੋ ਧਿਰਾਂ ਵਿੱਚ ਕਾਫ਼ੀ ਝਗੜਾ ਹੋ ਗਿਆ ਜਿਸ ਦੌਰਾਨ ਦੋਵਾਂ ਨੇ ਇੱਕ-ਦੂਜੇ ’ਤੇ ਕੁਰਸੀਆਂ ਤੇ ਮੇਜ਼ ਮਾਰਨੇ ਸ਼ੁਰੂ ਕਰ ਦਿੱਤੇ। ਇਸ ਸਮਾਗਮ ਵਿੱਚ ਸਵੇਰ ਸਮੇਂ ਮੁੱਖ ਮੰਤਰੀ ਭਗਵੰਤ ਮਾਨ ਮੁੱਖ ਮਹਿਮਾਨ ਵਜੋਂ ਪੁੱਜੇ ਸਨ ਜਿਨ੍ਹਾਂ ਦੇ ਜਾਣ ਤੋਂ ਕੁਝ ਦੇਰ ਬਾਅਦ ਹੀ ਵਿਦਿਆਰਥੀਆਂ ਵਿਚਕਾਰ ਲੜਾਈ ਹੋ ਗਈ। ਉੱਥੇ ਮੌਜੂਦ ਸੁਰੱਖਿਆ ਮੁਲਾਜ਼ਮਾਂ ਅਤੇ ਪ੍ਰੋਫੈਸਰਾਂ ਨੇ ਦਖਲ ਦੇ ਕੇ ਮਾਮਲਾ ਸ਼ਾਂਤ ਕਰਵਾਇਆ। ਦੱਸਿਆ ਜਾ ਰਿਹਾ ਹੈ ਕਿ ਇਹ ਵਿਵਾਦ ਇਨਾਮ ਜਿੱਤਣ ਤੋਂ ਬਾਅਦ ਇੱਕ-ਦੂਜੇ ’ਤੇ ਟਿੱਪਣੀ ਕਰਨ ਕਾਰਨ ਹੋਇਆ ਸੀ। ਹੁਣ ਇਸ ਮਾਮਲੇ ਵਿੱਚ ਪੀਏਯੂ ਪ੍ਰਸ਼ਾਸਨ ਜਾਂਚ ਵਿੱਚ ਲੱਗਿਆ ਹੋਇਆ ਹੈ। ਇਸ ਮਾਮਲੇ ਵਿੱਚ ਲੜਾਈ ਦੀ ਵੀਡੀਓ ਵੀ ਕਾਫ਼ੀ ਵਾਇਰਲ ਹੋ ਗਈ, ਜਿਸ ਤੋਂ ਬਾਅਦ ਪੀਏਯੂ ਥਾਣੇ ਦੀ ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਯੁਵਕ ਮੇਲੇ ਵਿੱਚ ਦਿੱਤੀ ਗਈ ਪੇਸ਼ਕਾਰੀ ਤੋਂ ਬਾਅਦ ਇੱਕ ਯੂਨੀਵਰਸਿਟੀ ਨੇ ਤਗਮਾ ਜਿੱਤਿਆ ਸੀ, ਜਿਸ ਤੋਂ ਬਾਅਦ ਦੂਜੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਕਥਿਤ ਤੌਰ ’ਤੇ ਮਾੜੀ ਸ਼ਬਦਾਵਲੀ ਦੀ ਵਰਤੋਂ ਕੀਤਾ ਅਤੇ ਗਲਤ ਟਿੱਪਣੀਆਂ ਕੀਤੀਆਂ। ਇਸ ਦੌਰਾਨ ਦੋਵਾਂ ਧੜਿਆਂ ਦੇ ਵਿਦਿਆਰਥੀਆਂ ਦੀ ਆਪਸ ਵਿੱਚ ਹੱਥੋਪਾਈ ਹੋ ਗਈ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਤਬੀਰ ਸਿੰਘ ਗੋਸਲ ਨੇ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ। ਯੁਵਕ ਮੇਲੇ ਦੌਰਾਨ ਦੋ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਵਿਚਾਲੇ ਝੜਪ ਹੋ ਗਈ ਸੀ, ਪਰ ਮਾਮਲਾ ਇੰਨਾ ਵੱਡਾ ਨਹੀਂ ਹੈ। ਪੀਏਯੂ ਥਾਣੇ ਦੇ ਐੱਸਐੱਚਓ ਇੰਸਪੈਕਟਰ ਰਜਿੰਦਰਪਾਲ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਵੀਡੀਓ ਜ਼ਰੂਰ ਮਿਲੀ ਹੈ। ਪੀਏਯੂ ਦੇ ਸੁਰੱਖਿਆ ਵਿੱਚ ਲੱਗੇ ਮੁਲਾਜ਼ਮਾਂ ਨੇ ਪੁਲੀਸ ਨੂੰ ਸੂਚਨਾ ਦਿੱਤੀ ਸੀ, ਪਰ ਜਦੋਂ ਉਹ ਮੌਕੇ ’ਤੇ ਪੁੱਜੇ ਤਾਂ ਮਾਮਲਾ ਖਤਮ ਹੋ ਗਿਆ ਸੀ। ਇਸ ਮਾਮਲੇ ਵਿੱਚ ਹਾਲੇ ਤੱਕ ਕੋਈ ਸ਼ਿਕਾਇਤ ਵੀ ਨਹੀਂ ਹੋਇਆ।

# ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਸਬੰਧੀ ਨਗਰ ਕੀਰਤਨ ਸਜਾਇਆ



**ਲੁਧਿਆਣਾ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਤਿਸੰਗ ਸਭਾ ਹਾਊਸਿੰਗ ਬੋਰਡ ਕਲੋਨੀ ਭਾਈ ਰਣਧੀਰ ਸਿੰਘ ਨਗਰ ਤੋਂ ਸਜਾਇਆ ਗਿਆ ਜਿਸ ਵਿੱਚ ਸੰਗਤ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ਼ੁਰੂ ਹੋਇਆ ਨਗਰ ਕੀਰਤਨ ਹਾਊਸਿੰਗ ਬੋਰਡ ਕਲੋਨੀ ਤੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜਗੁਰੂ ਨਗਰ, ਗੁਰਦੁਆਰਾ ਸ੍ਰੀ ਦਸਮੇਸ਼ ਸਿੰਘ ਸਭਾ ਜੇ ਬਲਾਕ, ਗੁਰਦੁਆਰਾ ਸ੍ਰੀ ਕੁਟੀਆ ਸਾਹਿਬ ਆਈ ਬਲਾਕ, ਗੁਰਦੁਆਰਾ ਪਿੰਡ ਸੁਨੇਤ, ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਸਤਿਸੰਗ ਸਭਾ ਜੀਐੱਚਆਈ ਬਲਾਕ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਇੱਥੇ ਮੁੱਖ ਸੇਵਾਦਾਰ ਨਛੱਤਰ ਸਿੰਘ ਸਿੱਧੂ ਅਤੇ ਜਨਰਲ ਸਕੱਤਰ ਗੁਰਦੀਪ ਸਿੰਘ ਲੀਲ ਨੇ ਸੰਗਤ ਨੂੰ ਜੀ ਆਇਆਂ ਕਿਹਾ ਅਤੇ ਨਗਰ ਕੀਰਤਨ ਵਿੱਚ ਸ਼ਾਮਲ ਜਥਿਆਂ ਨੂੰ ਸਨਮਾਨਿਤ ਕੀਤਾ। ਨਗਰ ਕੀਰਤਨ ਦਾ ਥਾਂ-ਥਾਂ ਸੰਗਤ ਵੱਲੋਂ ਲੰਗਰ ਲਗਾ ਕੇ ਸਵਾਗਤ ਕੀਤਾ ਗਿਆ।ਨਗਰ ਕੀਰਤਨ ਵਿੱਚ ਸ਼ਬਦੀ ਜਥੇ, ਇਸਤਰੀ ਸਤਿਸੰਗ ਸਭਾਵਾਂ, ਗਤਕਾ ਪਾਰਟੀਆਂ ਅਤੇ ਬੈਂਡ ਪਾਰਟੀਆਂ ਨੇ ਹਿੱਸਾ ਲਿਆ। ਇਸ ਮੌਕੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਪ੍ਰਧਾਨ ਜਥੇਦਾਰ ਪ੍ਰਿਤਪਾਲ ਸਿੰਘ, ਸਾਬਕਾ ਕੌਂਸਲਰ ਹਰਪ੍ਰੀਤ ਸਿੰਘ ਬੇਦੀ, ਸਨੀਲ ਕਪੂਰ, ਜਥੇਦਾਰ ਪ੍ਰੀਤਮ ਸਿੰਘ ਭਰੋਵਾਲ, ਭੁਪਿੰਦਰ ਸਿੰਘ ਭਿੰਦਾ, ਨਿੱਕੀ ਕੋਹਲੀ, ਕੁਲਵਿੰਦਰ ਸ਼ਰਮਾ ਕਿੰਦਾ, ਗੁਰਮੀਤ ਸਿੰਘ ਕੋਚਰ, ਮਾਸਟਰ ਬਲਰਾਜ ਸਿੰਘ, ਬਲਵੀਰ ਸਿੰਘ ਗਰੇਵਾਲ, ਰਤਨ ਸਿੰਘ ਕਮਾਲਪੁਰੀ, ਜਥੇਦਾਰ ਜੋਰਾ ਸਿੰਘ, ਬੀਬੀ ਤੇਜਿੰਦਰ ਕੌਰ, ਬੀਬੀ ਇਕਬਾਲ ਕੌਰ, ਬੀਬੀ ਗੁਰਵਿੰਦਰ ਕੋਰ, ਬੀਬੀ ਸੀਤਲ ਪ੍ਰਕਾਸ਼ ਕੌਰ ਅਤੇ ਬੀਬੀ ਸੁਖਵਿੰਦਰ ਕੌਰ ਰਾਣਾ ਵੀ ਹਾਜ਼ਰ ਸਨ।

# ਖ਼ਾਲਸਾ ਕਾਲਜ ਨੇ ਫੁੱਟਬਾਲ ਚੈਂਪੀਅਨਸ਼ਿਪ ਦੀ ਟਰਾਫੀ ਜਿੱਤੀ

**ਜਲੰਧਰ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਖਿਡਾਰੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਆਯੋਜਿਤ ਫੁੱਟਬਾਲ ਦੀ ਅੰਤਰ-ਕਾਲਜ ਚੈਂਪੀਅਨਸ਼ਿਪ ਟਰਾਫੀ ’ਤੇ ਕਬਜ਼ਾ ਕੀਤਾ ਹੈ। ਇਸ ਮੌਕੇ ਕਾਲਜ ਗਵਰਨਿੰਗ ਕੌਂਸਲ ਦੀ ਪ੍ਰਧਾਨ ਬਲਬੀਰ ਕੌਰ ਨੇ ਪ੍ਰਿੰਸੀਪਲ ਡਾ. ਜਸਪਾਲ ਸਿੰਘ, ਸਪੋਰਟਸ ਵਿਭਾਗ ਦੇ ਸਟਾਫ ਮੈਂਬਰਾਂ ਅਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਖਿਡਾਰੀਆਂ ਦੀ ਇਸ ਪ੍ਰਾਪਤੀ ’ਤੇ ਡਾ. ਰਛਪਾਲ ਸਿੰਘ ਸੰਧੂ, ਡੀਨ ਸਪੋਰਟਸ, ਫੁੱਟਬਾਲ ਦੇ ਕੋਚ ਧਨਵੰਤ ਕੁਮਾਰ ਤੇ ਤਜਿੰਦਰ ਸਿੰਘ ਅਤੇ ਵਿਦਿਆਰਥੀ ਖਿਡਾਰੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਫੁੱਟਬਾਲ ਲੀਗ ਵਿਚ ਯੂਨੀਵਰਸਿਟੀ ਨਾਲ ਸੰਬੰਧਤ ਛੇ ਕਾਲਜਾਂ ਦੀ ਲੀਗ ਹੋਈ ਜਿਸ ਵਿਚੋਂ ਕਾਲਜ ਨੇ ਪੰਜ ਮੈਚਾਂ ਵਿੱਚੋਂ 13 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਅੰਤਰ ਕਾਲਜ ਫੁੱਟਬਾਲ ਚੈਂਪੀਅਨਸ਼ਿਪ ਵਿੱਚ ਪਹਿਲਾ ਸਥਾਨ ਹਾਸਲ ਕੀਤਾ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵਿਖੇ ਆਯੋਜਿਤ ਕੀਤਾ ਜਾਵੇਗਾ ਦਿਵਿਆਂਗ ਪ੍ਰਾਰਥੀਆਂ ਲਈ ਸੰਸਾਰ ਦਿਵਸ

**ਰੂਪ ਨਗਰ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹੇ ਦੇ ਦਿਵਿਆਂਗ ਨੌਜਵਾਨਾਂ ਨੂੰ ਵੱਖ-ਵੱਖ ਸਰਕਾਰੀ ਸਕੀਮਾਂ ਸਬੰਧੀ ਜਾਗਰੂਕ ਕਰਨ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵੱਲੋਂ ਡਿਪਟੀ ਕਮਿਸ਼ਨਰ ਸ਼੍ਰੀ ਹਿਮਾਂਸ਼ੂ ਜੈਨ ਦੀ ਅਗਵਾਈ ਹੇਠ 04 ਦਸੰਬਰ ਦਿਨ ਬੁੱਧਵਾਰ ਨੂੰ ਸਵੇਰੇ 11 ਵਜੇ ਦਿਵਿਆਂਗ ਪ੍ਰਾਰਥੀਆਂ ਲਈ ਸੰਸਾਰ ਦਿਵਸ ਮਨਾਇਆ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਰੂਪਨਗਰ ਸ. ਪ੍ਰਭਜੋਤ ਸਿੰਘ ਨੇ ਦੱਸਿਆ ਕਿ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਦਿਵਿਆਂਗ ਪ੍ਰਾਰਥੀਆਂ ਲਈ ਇਹ ਦਿਨ ਮਨਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਸ ਮੌਕੇ ਦਿਵਿਆਂਗ ਪ੍ਰਾਰਥੀਆਂ ਨੂੰ ਵੱਖ-ਵੱਖ ਸਰਕਾਰੀ ਸਕੀਮਾਂ ਦਾ ਲਾਭ ਲੈਣ ਲਈ ਜਾਗਰੂਕ ਕੀਤਾ ਜਾਵੇਗਾ ਤਾਂ ਜੋ ਵੱਧ ਤੋਂ ਵੱਧ ਪ੍ਰਾਰਥੀ ਸਰਕਾਰੀ ਸਕੀਮਾਂ ਦਾ ਲਾਭ ਉਠਾ ਸਕਣ। ਇਸ ਮੌਕੇ ਅੰਗਹੀਣ ਪ੍ਰਾਰਥੀਆਂ ਨੂੰ ਸਰਕਾਰੀ ਅਤੇ ਪ੍ਰਾਈਵੇਟ ਅਸਾਮੀਆਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ ਅਤੇ ਉਨ੍ਹਾਂ ਨੂੰ ਕੈਰੀਅਰ ਸਬੰਧੀ ਅਗਵਾਈ ਦਿੱਤੀ ਜਾਵੇਗੀ।

ਇਸ ਸਮਾਗਮ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਨੁਮਾਇੰਦਿਆਂ ਵੱਲੋਂ ਸਰਕਾਰ ਦੀਆਂ ਸਵੈ-ਰੋਜ਼ਗਾਰ ਸਕੀਮਾਂ ਬਾਰੇ ਵੀ ਦਿਵਿਆਂਗ ਪ੍ਰਾਰਥੀਆਂ ਨੂੰ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਵੱਲੋਂ ਜ਼ਿਲ੍ਹੇ ਦੇ ਵੱਧ ਤੋਂ ਵੱਧ ਦਿਵਿਆਂਗ ਪ੍ਰਾਰਥੀਆਂ ਨੂੰ ਇਸ ਮੌਕੇ ਦਾ ਲਾਭ ਉਠਾਉਣ ਦੀ ਅਪੀਲ ਕੀਤੀ ਗਈ।

# ਮਹਾਰਾਸ਼ਟਰ ਦੇ ਮੁੱਖ ਮੰਤਰੀ ਸ਼ਿੰਦੇ ਨੂੰ ਜਾਂਚ ਲਈ ਹਸਪਤਾਲ ਲਿਜਾਇਆ ਗਿਆ



**ਠਾਣੇ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਮਹਾਰਾਸ਼ਟਰ ਦੇ ਕਾਰਜਕਾਰੀ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਰੁਟੀਨ ਚੈਕਅੱਪ ਲਈ ਮੰਗਲਵਾਰ ਸਵੇਰੇ ਸ਼ਹਿਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਲਿਜਾਇਆ ਗਿਆ ਹੈ। ਸ਼ਿੰਦੇ ਨੇ ਉਨ੍ਹਾਂ ਨੂੰ ਜੁਪੀਟਰ ਹਸਪਤਾਲ ਲਿਜਾਏ ਜਾਣ ਸਮੇਂ ਪੱਤਰਕਾਰਾਂ ਨੂੰ ਕਿਹਾ, ਮੈਂ ਠੀਕ ਹਾਂ, ਚਿੰਤਾ ਨਾ ਕਰੋ।

ਸ਼ਿਵ ਸੈਨਾ ਆਗੂ ਉਦੈ ਸਾਮੰਤ ਨੇ ਕਿਹਾ ਕਿ ਇਹ ਇੱਕ ਰੁਟੀਨ ਚੈਕਅੱਪ ਹੈ ਅਤੇ ਸ਼ਿੰਦੇ ਇਸ ਤੋਂ ਬਾਅਦ ਮੁੰਬਈ ਵਿੱਚ ਆਪਣੀ ਸਰਕਾਰੀ ਰਿਹਾਇਸ਼ ‘ਵਰਸ਼ਾ’ ਪਰਤ ਆਉਣਗੇ। ਉਨ੍ਹਾਂ ਹੋਰ ਕਿਹਾ, ਉਨ੍ਹਾਂ ਨੂੰ ਗਲੇ ਦੀ ਲਾਗ, ਕਮਜ਼ੋਰੀ ਅਤੇ ਬੁਖ਼ਾਰ ਹੈ। ਉਨ੍ਹਾਂ ਦਾ ਖ਼ੂਨ ਦਾ ਟੈਸਟ ਕਰਵਾਇਆ ਜਾਵੇਗਾ।

# ਕਿਸਾਨਾਂ ਦੀ ਖੱਜਲ-ਖੁਆਰੀ ਖ਼ਿਲਾਫ਼ ਮੁਜ਼ਾਹਰਾ



**ਜਗਰਾਉਂ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਕਿਰਤੀ ਕਿਸਾਨ ਯੂਨੀਅਨ ਪੰਜਾਬ ਨੇ ਕੀਤੇ ਐਲਾਨ ਮੁਤਾਬਕ ਇੱਥੇ ਵਧੀਕ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਰੋਸ ਮੁਜ਼ਾਹਰਾ ਕੀਤਾ। ਪਹਿਲੀ ਅਕਤੂਬਰ ਨੂੰ ਸ਼ੁਰੂ ਹੋਏ ਝੋਨੇ ਦੇ ਸੀਜ਼ਨ ਦੇ ਇੱਕ ਦਸੰਬਰ ਬੀਤ ਜਾਣ ਮਗਰੋਂ ਵੀ ਨਾ ਮੁੱਕਣ, ਮੰਡੀਆਂ ’ਚ ਕਿਸਾਨਾਂ ਤੇ ਮਜ਼ਦੂਰਾਂ ਦੀ ਖੱਜਲ-ਖੁਆਰੀ ਦੇ ਨਾਲ-ਨਾਲ ਨਮੀ ਦੇ ਨਾਂ ’ਤੇ ਕਾਟ ਖ਼ਿਲਾਫ਼ ਇਹ ਮੁਜ਼ਾਹਰਾ ਕੀਤਾ ਗਿਆ। ਇਸ ਉਪਰੰਤ ਏਡੀਸੀ ਦਫ਼ਤਰ ਦੇ ਅਧਿਕਾਰੀ ਨੂੰ ਮੰਗ ਪੱਤਰ ਦੇ ਕੇ ਪੰਜਾਬ ਸਰਕਾਰ ਦਾ ਧਿਆਨ ਇਸ ਪਾਸੇ ਦਿਵਾਇਆ ਗਿਆ। ਜਥੇਬੰਦੀ ਦੇ ਸੂਬਾ ਪ੍ਰਧਾਨ ਹਰਦੇਵ ਸਿੰਘ ਸੰਧੂ, ਕਰਮਜੀਤ ਸਿੰਘ, ਨਵਦੀਪ ਸਿੰਘ, ਮਲਕੀਤ ਸਿੰਘ, ਗੁਰਦੀਪ ਸਿੰਘ, ਸਰਬਜੀਤ ਸਿੰਘ, ਬੂਟਾ ਸਿੰਘ, ਦਲਜੀਤ ਸਿੰਘ ਤੇ ਹੋਰਨਾਂ ਨੇ ਕਿਹਾ ਕਿ ਸਰਕਾਰ ਤੇ ਪ੍ਰਸ਼ਾਸਨ ਨੇ ਕਿਸਾਨਾਂ ਨੂੰ ਸ਼ੈਲਰ ਮਾਲਕਾਂ ਦੇ ਰਹਿਮ ’ਤੇ ਛੱਡ ਦਿੱਤਾ ਹੈ। ਇੱਕ ਟਰੱਕ ਪਿੱਛੇ ਦਸ ਬੋਰੀਆਂ ਵੱਧ ਨਮੀ ਦੇ ਨਾਂ ’ਤੇ ਕਾਟ ਵਜੋਂ ਲਈਆਂ ਜਾ ਰਹੀਆਂ। ਉਨ੍ਹਾਂ ਦੋਸ਼ ਲਾਇਆ ਕਿ ਇਹ ਕੰਮ ਸ਼ਰ੍ਹੇਆਮ ਹੋਇਆ ਤੇ ਜਾਰੀ ਹੈ, ਪਰ ਮਾਰਕੀਟ ਕਮੇਟੀ ਦੇ ਅਧਿਕਾਰੀ ਕਿਧਰੇ ਨਜ਼ਰ ਨਹੀਂ ਆਏ। ਉਨ੍ਹਾਂ ਕਿਹਾ ਕਿ ਸਿਰਫ ਕਾਟ ਨਹੀਂ ਕੱਟੀ ਗਈ ਸਗੋਂ ਕਈ ਮੰਡੀਆਂ ’ਚ ਝੋਨਾ ਵੀ ਘੱਟ ਭਾਅ ’ਤੇ ਖਰੀਦ ਕੇ ਕਿਸਾਨਾਂ ਨੂੰ ਲੁੱਟਿਆ ਗਿਆ। ਕਾਮਰੇਡ ਸੰਧੂ ਨੇ ਕਿਹਾ ਕਿ ਕਾਟ ਦੇ ਇਸ ਨਵੇਂ ਤਰੀਕੇ ’ਚ ਕੱਚੀ ਪਰਚੀ ਚੱਲਦੀ ਹੈ ਜਿਸਦਾ ਜੇ-ਫਾਰਮ ਨਾਲ ਵੱਡਾ ਅੰਤਰ ਸਾਹਮਣੇ ਆ ਰਿਹਾ ਹੈ। ਸਰਕਾਰ ਤੋਂ ਇਸ ਮਾਮਲੇ ਦੀ ਜਾਂਚ ਦੀ ਮੰਗਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਜੋ ਝੋਨਾ ਕਿਸਾਨਾਂ ਨੇ ਵੇਚਿਆ ਅਤੇ ਜੋ ਦਿਖਾਇਆ ਗਿਆ ਉਸ ਦੇ ਅੰਕੜਿਆਂ ’ਚ ਵੱਡਾ ਅੰਤਰ ਮਿਲੇਗਾ। ਮੁਜ਼ਾਹਰਾਕਾਰੀਆਂ ਨੇ ਇਸ ਮਾਮਲੇ ਦੀ ਜਾਂਚ ਵਿਜੀਲੈਂਸ ਵਿਭਾਗ ਤੋਂ ਕਰਵਾਉਣ ਅਤੇ ਸਬੰਧਤ ਸ਼ੈਲਰ ਮਾਲਕਾਂ ਖ਼ਿਲਾਫ਼ ਬਣਦੀ ਕਾਰਵਾਈ ਦੀ ਮੰਗ ਕੀਤੀ ਹੈ।

# ਐੱਮਆਰ ਇੰਟਰਨੈਸ਼ਨਲ ਸਕੂਲ ਦਾ ਸਮਾਗਮ ਆਯੋਜਿਤ



**ਜਲੰਧਰ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਇੱਥੇ ਐੱਮਆਰ ਇੰਟਰਨੈਸ਼ਨਲ ਸਕੂਲ ਵਿੱਚ ‘ਪ੍ਰਤੀਸ਼ਠਾ 2024’ ਨਾਮ ਹੇਠ ਸਮਾਗਮ ਕਰਵਾਇਆ ਗਿਆ। ਸਕੂਲ ਵਿੱਚ ਏਅਰ ਕਮੋਡੋਰ ਏ.ਕੇ. ਚੌਧਰੀ ਏਅਰ ਫੋਰਸ ਸਟੇਸ਼ਨ ਆਦਮਪੁਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਵਿਦਿਆਰਥੀਆਂ ਨੇ ਗਣਿਤ, ਅੰਗਰੇਜ਼ੀ, ਆਰਟੀਫੀਸ਼ੀਅਲ ਇੰਟੈਲੀਜੈਂਸ, ਸਾਇੰਸ, ਵੱਖ-ਵੱਖ ਭਾਸ਼ਾਵਾਂ ਦੇ ਨਾਲ-ਨਾਲ ਸੰਸਕ੍ਰਿਤ, ਆਰਟ ਐਂਡ ਕਰਾਫਟ, ਸਪੋਰਟਸ, ਸੋਸ਼ਲ ਸਾਇੰਸ ਅਤੇ ਹੋਰ ਵਿਸ਼ਿਆਂ ’ਤੇ ਆਧਾਰਿਤ ਆਪਣੇ ਰਚਨਾਤਮਕ ਪ੍ਰਾਜੈਕਟਾਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।

ਵਿਦਿਆਰਥੀਆਂ ਨੇ ਆਪਣੇ ਪ੍ਰਾਜੈਕਟਾਂ ਬਾਰੇ ਦੱਸਿਆ ਅਤੇ ਆਪਣੀ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਸੰਗੀਤ ਅਤੇ ਡਾਂਸ ਰਾਹੀਂ ਵੀ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਨੌਵੀਂ ਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਸਮੂਹ ਗੀਤ ਨੇ ਸਾਰਿਆਂ ਨੂੰ ਭਾਵੁਕ ਕਰ ਦਿੱਤਾ। ਸਮਾਗਮ ਦੌਰਾਨ ਸੋਨਾਲੀਕਾ ਟਰੈਕਟਰਾਂ ਦੀ ਪ੍ਰਦਰਸ਼ਨੀ ਨੇ ਵੀ ਸਾਰਿਆਂ ਦਾ ਧਿਆਨ ਖਿੱਚਿਆ। ਪ੍ਰਬੰਧਕਾਂ ਵੱਲੋਂ ਪ੍ਰਿੰਸੀਪਲ ਡਾ. ਅਸ਼ੀਸ਼ ਨੇ ਆਪਣੀ ਟੀਮ ਸਮੇਤ ਮੁੱਖ ਮਹਿਮਾਨ ਨੂੰ ਧੰਨਵਾਦ ਅਤੇ ਸਨਮਾਨ ਵਜੋਂ ਯਾਦਗਾਰੀ ਚਿੰਨ੍ਹ ਭੇਟ ਕੀਤਾ।



• ਚੰਦਰ ਪ੍ਰਕਾਸ਼
98762 15150



ਗੁਰਦੁਆਰਾ ਗੁਰੂਸਰ ਮਹਿਰਾਜ ਜੀ, ਜਿਸ ਵਿਚ ਦੋ ਨਿਸ਼ਾਨ ਸਾਹਿਬ ਨਜ਼ਰ ਆਉਂਦੇ ਹਨ।



ਗੁਰਦੁਆਰਾ ਸ਼ਹੀਦ ਗੰਜ ਸਾਹਿਬ।

ਗੁਰਦੁਆਰਾ ਸ਼ਹੀਦ ਗੰਜ ਵਿਚ ਜੋਤ, ਜੋ ਹਮੇਸ਼ਾ ਜਗਦੀ ਰਹਿੰਦੀ ਹੈ।



ਮਹਿਰਾਜ ਦੇ ਯੁੱਧ 'ਚ ਗੁਰੂ ਹਰਗੋਬਿੰਦ ਜੀ ਨੇ ਖ਼ੁਦ ਸ਼ਾਮਿਲ ਹੋ ਕੇ ਮੁਗ਼ਲ ਫ਼ੌਜਾਂ ਦੇ ਛੱਕੇ ਛੁਡਾਏ। ਉਨ੍ਹਾਂ ਜ਼ਖਮੀ ਮੁਗ਼ਲ ਸੈਨਿਕਾਂ ਦੀ ਮੱਲ੍ਹਮ ਪੱਟੀ ਕਰਵਾਈ ਅਤੇ ਮਾਰੇ ਗਿਆਂ ਨੂੰ ਦਫਨਾਇਆ। ਗੁਰੂ ਜੀ ਨੇ ਆਪਣੇ ਬਹਾਦਰ ਸਿੰਘਾਂ ਨੂੰ ਵਿਸ਼ੇਸ਼ ਸਨਮਾਨ ਦਿੱਤੇ...

# ਮਹਿਰਾਜ ਯੁੱਧ ਦੀ ਅਨੂਠੀ ਦਾਸਤਾਨ

ਪੰਜਾਬ ਦੀ ਧਰਤੀ ਦੇ ਇਕ ਹਿੱਸੇ ਮਹਿਰਾਜ ਪਿੰਡ ਵਿਖੇ 1631 ਵਿਚ ਉਸ ਵੇਲੇ ਬਹੁਤ ਵੱਡੇ ਇਤਿਹਾਸ ਦੀ ਰਚਨਾ ਹੋਈ ਜਦ ਗੁਰੂ ਹਰਗੋਬਿੰਦ ਜੀ ਦੀ 4 ਹਜ਼ਾਰ ਫ਼ੌਜ ਨੇ ਮੁਗ਼ਲ ਸ਼ਾਸਕ ਸ਼ਾਹਜਹਾਂ ਦੀ 35 ਹਜ਼ਾਰ ਦੇ ਲਗਪਗ ਫ਼ੌਜ ਨੂੰ ਨੇਸਤੋ ਨਾਬੂਦ ਕਰ ਦਿੱਤਾ। ਲਾਹੌਰ ਦੇ ਮੁਗ਼ਲ ਸ਼ਾਸਕ ਦੀ ਦੋ ਘੋੜਿਆਂ ਨੂੰ ਪ੍ਰਾਪਤ ਕਰਨ ਅਤੇ ਉਸ ਨੂੰ ਗੁਰੂ ਹਰਗੋਬਿੰਦ ਜੀ ਦੇ ਕਬਜ਼ੇ ਵਿੱਚੋਂ ਛੁਡਾਉਣ ਦੀ ਨਾ ਖ਼ਤਮ ਹੋਣ ਵਾਲੀ ਲਾਲਸਾ ਨੇ ਮਹਿਰਾਜ ਦੇ ਯੁੱਧ ਨੂੰ ਜਨਮ ਦਿੱਤਾ, ਜੋ ਕਿ ਗੁਰੂ ਹਰਗੋਬਿੰਦ ਦੀ ਮੁਗ਼ਲਾਂ ਨਾਲ ਤੀਜੀ ਲੜਾਈ ਸੀ। ਇਸ ਯੁੱਧ ਵਿਚ 34 ਹਜ਼ਾਰ ਦੇ ਲਗਪਗ ਮੁਗ਼ਲ ਫ਼ੌਜੀ ਮਾਰੇ ਗਏ ਅਤੇ ਮੁਗ਼ਲ ਸ਼ਾਸਕ ਸ਼ਾਹਜਹਾਂ ਘੋੜਿਆਂ ਦੀ ਪ੍ਰਾਪਤੀ ਨਾ ਕਰ ਸਕਿਆ ਅਤੇ ਉਸ ਨੂੰ ਕਰਾਰੀ ਹਾਰ ਦਾ ਮੂੰਹ ਦੇਖਣਾ ਪਿਆ।

## ਯੁੱਧ ਦਾ ਕਾਰਨ ਬਣੇ ਦਿਲਬਾਗ ਤੇ ਗੁਲਬਾਗ ਘੋੜੇ

ਬਠਿੰਡਾ ਜ਼ਿਲ੍ਹੇ ਦਾ ਮਹਿਰਾਜ ਪਿੰਡ ਦੁਨੀਆ ਦੇ ਨਕਸ਼ੇ 'ਤੇ ਇਕ ਵਿਸ਼ੇਸ਼ ਥਾਂ ਇਸ ਕਰਕੇ ਰੱਖਦਾ ਹੈ ਕਿ ਗੁਰੂ ਹਰਗੋਬਿੰਦ ਜੀ ਨੇ ਮੁਗ਼ਲਾਂ ਦੇ ਵਿਰੁੱਧ ਆਪਣਾ ਤੀਜਾ ਯੁੱਧ ਇਸ ਧਰਤੀ 'ਤੇ ਲੜਿਆ ਅਤੇ ਚਾਰ ਹਜ਼ਾਰ ਫ਼ੌਜ ਨਾਲ ਮੁਗ਼ਲਾਂ ਦੀ 35 ਹਜ਼ਾਰ ਫ਼ੌਜ ਨੂੰ ਕਰਾਰੀ ਹਾਰ ਦਿੱਤੀ। ਮਹਿਰਾਜ ਦਾ ਯੁੱਧ ਇਸ ਕਰਕੇ ਵੀ ਦੁਨੀਆ ਵਿਚ ਇਕ ਵਿਸ਼ੇਸ਼ ਥਾਂ ਰੱਖਦਾ ਹੈ ਕਿ ਇਸ ਯੁੱਧ ਦਾ ਮੁੱਖ ਕਾਰਨ ਦੋ ਬਹੁਤ ਸੋਹਣੇ ਅਤੇ ਫੁਰਤੀਲੇ ਘੋੜਿਆਂ, ਜਿਨ੍ਹਾਂ ਦਾ ਨਾਂ ਦਿਲਬਾਗ ਤੇ ਗੁਲਬਾਗ ਸੀ, ਦੀ ਪ੍ਰਾਪਤੀ ਲਈ ਸ਼ਾਹਜਹਾਂ ਦੀ ਨਾ ਖ਼ਤਮ ਹੋਣ ਵਾਲੀ ਲਾਲਸਾ ਸੀ। ਇਹ ਯੁੱਧ ਇਸ ਕਰਕੇ ਵੀ ਵਿਸ਼ੇਸ਼ ਥਾਂ ਰੱਖਦਾ ਹੈ ਕਿ ਇਸ ਯੁੱਧ ਵਿਚ 12 ਸੌ ਸਿੰਘ ਜਿਨ੍ਹਾਂ ਵਿਚ ਭਾਈ ਜੇਠਾ ਜੀ, ਜਿਸ ਨੂੰ ਗੁਰੂ ਜੀ ਦਾ ਸ਼ੇਰ ਵੀ ਕਿਹਾ ਜਾਂਦਾ ਸੀ, ਸ਼ਹੀਦ ਹੋਏ, ਜਦਕਿ ਮੁਗ਼ਲਾਂ ਦੇ 34 ਹਜ਼ਾਰ ਸੈਨਿਕਾਂ ਨੂੰ ਮੌਤ ਦਾ ਸਾਹਮਣਾ ਕਰਨਾ ਪਿਆ।

## ਗੁਰੂ ਦਾ ਉਪਾਸ਼ਕ ਸੇਠ ਕਰੋੜੀ ਮੱਲ

ਮਾਲਵੇ ਦੇ ਸਭ ਤੋਂ ਵੱਡੇ ਪਿੰਡ ਮਹਿਰਾਜ ਵਿਚ ਕਿਸੇ ਵੇਲੇ 9 ਪੰਚਾਇਤਾਂ ਸਨ ਅਤੇ ਇਹ 9 ਪੱਤੀਆਂ 'ਚ ਵੰਡਿਆ ਹੋਇਆ ਸੀ। ਹੁਣ ਇਸ ਦਾ ਕੰਮਕਾਜ ਨਗਰ ਪੰਚਾਇਤ ਚਲਾ ਰਹੀ ਹੈ। ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਇਹ ਪੁਰਖਿਆਂ ਦਾ ਪਿੰਡ ਹੈ ਉਸ ਦੇ ਪੁਰਖੇ ਜੈਸਲਮੇਰ ਤੇ ਬੀਕਾਨੇਰ ਤੋਂ ਆ ਕੇ ਇੱਥੇ ਕਈ ਸੌ ਸਾਲ ਪਹਿਲਾਂ ਆ ਕੇ ਵਸੇ ਸਨ। ਇਤਿਹਾਸਕ ਤੱਥਾਂ ਤੋਂ ਪ੍ਰਾਪਤ ਕੀਤੀ ਜਾਣਕਾਰੀ ਮੁਤਾਬਕ ਕਾਬਲ ਇਲਾਕੇ ਦਾ ਇਕ ਮਸ਼ਹੂਰ ਵਪਾਰੀ ਸੇਠ ਕਰੋੜੀ ਮੱਲ, ਜੋ ਕਿ ਗੁਰੂ ਹਰਗੋਬਿੰਦ ਦਾ ਉਪਾਸ਼ਕ ਸੀ ਦੋ ਘੋੜਿਆਂ ਨੂੰ ਲੈ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਪੰਜਾਬ ਵੱਲ ਤੁਰ ਪਿਆ। ਰਸਤੇ ਵਿਚ ਇਨ੍ਹਾਂ ਦਰਿਆਈ ਘੋੜਿਆਂ ਨੂੰ ਦੇਖਣ ਲਈ ਲੋਕਾਂ ਦੀ ਭੀੜ ਇਕੱਠੀ ਹੁੰਦੀ ਰਹੀ ਅਤੇ ਕਈ ਵਪਾਰੀਆਂ ਨੇ ਜਾਂ ਅਮੀਰ ਬੰਦਿਆਂ ਨੇ ਸੇਠ ਕਰੋੜੀ ਮੱਲ ਤੋਂ ਇਨ੍ਹਾਂ ਘੋੜਿਆਂ ਨੂੰ ਖ਼ਰੀਦਣ ਦੀ ਕੋਸ਼ਿਸ਼ ਵੀ ਕੀਤੀ ਪਰ ਸੇਠ ਕਰੋੜੀ ਮੱਲ ਨੇ ਹਰੇਕ ਖ਼ਰੀਦਦਾਰ ਨੂੰ ਇਹ ਕਹਿ ਕੇ ਚੁੱਪ ਕਰਵਾ ਦਿੱਤਾ ਕਿ ਇਹ ਦੋਵੇਂ ਘੋੜੇ ਤਾਂ ਗੁਰੂ ਸਾਹਿਬ ਦੇ ਹਨ।

## ਬਿਧੀ ਚੰਦ ਨੂੰ ਸੌਂਪੀ ਡਿਊਟੀ

ਜਦ ਇਨ੍ਹਾਂ ਘੋੜਿਆਂ ਦੀ ਜਾਣਕਾਰੀ ਲਾਹੌਰ ਦੇ ਉਸ ਵੇਲੇ ਦੇ ਸੂਬੇਦਾਰ ਕਾਸਮ ਬੇਗ ਨੂੰ ਮਿਲੀ ਤਾਂ ਉਸ ਨੇ ਸੇਠ ਕਰੋੜੀ ਮੱਲ ਤੋਂ ਮੱਲੋ ਮੱਲੀ ਉਹ ਘੋੜੇ ਲੈ ਲਏ ਅਤੇ ਉਸ ਨੂੰ 2 ਲੱਖ 5 ਹਜ਼ਾਰ ਰੁਪਏ ਦੀ ਹੁੰਡੀ ਸ਼ਾਹੀ ਦਰਬਾਰ ਵਿਚ ਬੁਲਾ ਕੇ ਦੇ ਦਿੱਤੀ। ਇਨ੍ਹਾਂ ਘੋੜਿਆਂ ਦੀ ਜਾਣਕਾਰੀ ਕਾਸਮ ਬੇਗ ਨੇ ਮੁਗ਼ਲ ਬਾਦਸ਼ਾਹ ਸ਼ਾਹਜਹਾਂ ਨੂੰ ਵੀ ਦੇ ਦਿੱਤੀ।

ਉਦਾਸ ਮਨ ਨਾਲ ਅਤੇ ਭਰੀਆਂ ਅੱਖਾਂ ਨਾਲ ਜਦ ਸੇਠ ਕਰੋੜੀ ਮੱਲ ਨੇ ਗੁਰੂ ਹਰਗੋਬਿੰਦ ਦੇ ਸਾਹਮਣੇ ਪੇਸ਼ ਹੋ ਕੇ ਸਾਰੀ ਕਹਾਣੀ ਗੁਰੂਸਰ ਸੁਧਾਰ ਵਿਖੇ ਦੱਸੀ ਤਾਂ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਤੂੰ ਕਿਸੇ ਗੱਲ ਦੀ ਵੀ ਚਿੰਤਾ ਨਾ ਕਰ, ਤੇਰੇ ਘੋੜੇ ਗੁਰੂ ਘਰ ਵਿਚ ਪ੍ਰਵਾਨ ਹੋ ਚੁੱਕੇ ਹਨ ਅਤੇ ਆਪਣੇ ਆਪ ਗੁਰੂ ਘਰ ਵਿਚ ਆ ਜਾਣਗੇ। ਉਸ ਤੋਂ ਬਾਅਦ ਗੁਰੂ ਜੀ ਨੇ ਆਪਣੇ ਇਕ ਹੋਰ ਸਿੱਖ ਭਾਈ ਬਿਧੀ ਚੰਦ ਦੀ ਜ਼ਿੰਮੇਵਾਰੀ ਲਗਾ ਦਿੱਤੀ ਕਿ ਲਾਹੌਰ ਦਰਬਾਰ ਵਿੱਚੋਂ ਦੋਵੇਂ ਘੋੜੇ ਲੈ ਕੇ ਆਵੇ।

## ਬਿਧੀ ਚੰਦ ਦੀ ਸਕੀਮ

ਗੁਰੂ ਦੇ ਹੁਕਮ ਮਿਲਦੇ ਹੀ ਭਾਈ ਬਿਧੀ ਚੰਦ ਲਾਹੌਰ ਵੱਲ ਕੂਚ ਕਰ ਗਿਆ ਅਤੇ ਕੁਝ ਦਿਨਾਂ ਦੇ ਅੰਦਰ-ਅੰਦਰ ਹੀ ਉਹ ਘਸੇਰਾ ਬਣ ਕੇ ਘਾਹ ਲਿਆ ਕੇ ਵੇਚਣ ਲੱਗ ਪਿਆ ਅਤੇ ਸ਼ਾਹੀ ਦਰਬਾਰ ਦੇ ਤਬੇਲੇ ਵਿਚ, ਜਿੱਥੇ ਦੋਵੇਂ ਘੋੜੇ ਰੱਖੇ ਹੋਏ ਸਨ, ਆਉਣਾ ਜਾਣਾ ਸ਼ੁਰੂ ਕਰ ਦਿੱਤਾ ਅਤੇ ਉੱਥੋਂ ਦੇ ਪਹਿਰੇਦਾਰਾਂ ਅਤੇ ਸੈਨਿਕਾਂ ਨਾਲ ਵਿਸ਼ਵਾਸ ਪੈਦਾ ਕਰ ਲਿਆ।

ਕੁਝ ਦਿਨਾਂ ਬਾਅਦ ਈਦ ਵਾਲੇ ਦਿਨ ਭਾਈ ਬਿਧੀ ਚੰਦ ਨੇ ਸ਼ਾਹੀ ਦਰਬਾਰ ਦੇ ਤਬੇਲੇ ਦੇ ਪਹਿਰੇਦਾਰਾਂ ਅਤੇ ਸੈਨਿਕਾਂ ਨੂੰ ਕਿਸੇ ਨਸ਼ੇ ਵਾਲੀ ਚੀਜ਼ ਦਾ ਸੇਵਨ ਕਰਵਾ ਕੇ ਮਦਹੋਸ਼ ਕਰ ਦਿੱਤਾ ਅਤੇ ਰਾਤ ਨੂੰ ਗੁਲਬਾਗ ਘੋੜਾ ਲੈ ਕੇ ਉੱਥੋਂ ਚੱਲ ਪਿਆ ਅਤੇ ਮਾਲਵੇ ਦੇ ਭਾਈਰੂਪੇ ਪਿੰਡ ਵਿਚ ਗੁਰੂ ਸਾਹਿਬ ਦੇ ਹਵਾਲੇ ਕਰ ਦਿੱਤਾ।

ਉਸ ਤੋਂ ਬਾਅਦ ਦੂਜਾ ਘੋੜਾ ਲੈ ਕੇ ਆਉਣ ਲਈ ਭਾਈ ਬਿਧੀ ਚੰਦ ਨੇ ਜੋਤਸ਼ੀ ਜਾਂ ਨਜੂਮੀ ਦਾ ਰੂਪ ਧਾਰਨ ਕਰ ਕੇ ਇਕ ਵਾਰ ਫਿਰ ਲਾਹੌਰ ਦੇ ਸ਼ਾਹੀ ਦਰਬਾਰ ਦੇ ਤਬੇਲੇ ਵਿਚ ਆਪਣਾ ਆਉਣਾ ਜਾਣਾ ਸ਼ੁਰੂ ਕਰ ਦਿੱਤਾ। ਕੁਝ ਦਿਨਾਂ ਵਿਚ ਹੀ ਦਿਲਬਾਗ ਘੋੜਾ ਗੁਰੂ ਹਰਗੋਬਿੰਦ ਦੇ ਚਰਨਾਂ ਵਿਚ ਪਿੰਡ ਕਾਂਗੜ ਵਿਖੇ ਹਾਜ਼ਰ ਕਰ ਦਿੱਤਾ। ਗੁਰੂ ਜੀ ਕੋਲ ਜਦ ਇਹ ਦੋਵੇਂ ਘੋੜੇ ਪਹੁੰਚ ਗਏ ਤਾਂ ਉਨ੍ਹਾਂ ਨੇ ਦਿਲਬਾਗ ਦਾ ਨਾਂ ਜਾਨ ਭਾਈ ਰੱਖਿਆ ਅਤੇ ਗੁਲਬਾਗ ਦਾ ਨਾਂ ਸੁਹੇਲਾ ਰੱਖਿਆ।

## ਦੂਜੇ ਘੋੜੇ ਲਈ ਤਿਆਰੀ

ਜਦ ਭਾਈ ਬਿਧੀ ਚੰਦ ਦੂਸਰਾ ਘੋੜਾ ਲਾਹੌਰ ਦੇ ਸ਼ਾਹੀ ਦਰਬਾਰ ਵਿੱਚੋਂ ਲੈ ਕੇ ਆ ਰਿਹਾ ਸੀ ਤਾਂ ਉਸ ਨੇ ਸ਼ਾਹੀ ਦਰਬਾਰ ਦੇ ਪਹਿਰੇਦਾਰਾਂ, ਸੈਨਿਕਾਂ ਤੇ ਹੋਰ ਉੱਚ ਕੋਟੀ ਦੇ ਕਰਮਚਾਰੀਆਂ ਨੂੰ ਦੱਸ ਦਿੱਤਾ ਕਿ ਇਹ ਘੋੜੇ ਗੁਰੂ ਜੀ ਦੇ ਸਨ ਅਤੇ ਉਹ ਇਹ ਘੋੜੇ ਗੁਰੂ ਜੀ ਕੋਲ ਮਾਲਵੇ ਦੀ ਧਰਤੀ 'ਤੇ ਲੈ ਕੇ ਚੱਲਿਆ ਹੈ। ਉਸ ਨੇ ਇਹ ਵੀ ਐਲਾਨ ਕਰ ਦਿੱਤਾ ਕਿ ਉਹ ਗੁਰੂ ਦਾ ਸਿੰਘ ਬਿਧੀ ਚੰਦ ਹੈ ਜੇ ਕਿਸੇ ਵਿਚ ਤਾਕਤ ਹੈ ਤਾਂ ਉਸ ਦਾ ਪਿੱਛਾ ਕਰ ਕੇ ਦੇਖ ਲਵੇ। ਜਦ ਭਾਈ ਬਿਧੀ ਚੰਦ ਨੇ ਗੁਰੂ ਜੀ ਨੂੰ ਇਹ ਸਾਰੀ ਕਹਾਣੀ ਦੱਸੀ ਤਾਂ ਗੁਰੂ ਜੀ ਨੇ ਉਨ੍ਹਾਂ ਕੋਲ ਬੈਠੇ ਭਾਈ ਰਾਏ ਜੋਧ ਨੂੰ ਕਿਹਾ ਕਿ ਮੁਗ਼ਲ ਫ਼ੌਜ ਯੁੱਧ ਕਰਨ ਪਿੱਛੇ ਅਵੱਸ਼ ਆਵੇਗੀ ਇਸ ਕਰਕੇ ਕੋਈ ਇਸ ਤਰ੍ਹਾਂ ਦੀ ਜਗ੍ਹਾ ਦੱਸੀ ਜਾਵੇ, ਜਿੱਥੇ ਯੁੱਧ ਲੜ ਕੇ ਮੁਗ਼ਲ ਫ਼ੌਜ 'ਤੇ ਫ਼ਤਹਿ ਪ੍ਰਾਪਤ ਕੀਤੀ ਜਾ ਸਕੇ।

## ਯੁੱਧ ਦੀ ਤਿਆਰੀ

ਰਾਏ ਜੋਧ ਦੇ ਕਹਿਣ 'ਤੇ ਗੁਰੂ ਜੀ ਨੇ ਮਹਿਰਾਜ ਵਿਖੇ ਆਪਣੇ ਤੰਬੂ ਗੱਡ ਲਏ ਕਿਉਂਕਿ ਇਸ ਦੇ ਲਾਗੇ ਹੀ ਪਾਣੀ ਦੀ ਢਾਬ ਸੀ ਜਿਸ ਨੂੰ ਕਾਲੂ ਨਾਥ ਦੀ ਗੰਗਾ ਵੀ ਕਹਿੰਦੇ ਸਨ, ਇਹ ਇਲਾਕਾ ਯੁੱਧ ਨੀਤੀ ਦੇ ਪੱਖੋਂ ਪਰਪੱਕ ਸੀ। ਇਸ ਤੋਂ ਬਾਅਦ ਗੁਰੂ ਜੀ ਨੇ ਆਪਣੇ ਸਿੰਘ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਅਤੇ ਥੋੜ੍ਹੇ ਸਮੇਂ ਵਿਚ ਹੀ ਗੁਰੂ ਜੀ ਕੋਲ ਰਾਏ ਜੋਧ, ਸਲੇਮ ਸ਼ਾਹ, ਭਾਈ ਜੇਠਾ, ਭਾਈ ਮੰਝ, ਭਾਈ ਮਿੱਤੂ, ਭਾਈ ਭੋਮਾ, ਭਾਈ ਕਟਾਰਾ, ਭਾਈ ਭਾਗੂ, ਭਾਈ ਭਾਗਾ, ਭਾਈ ਬਿਧੀ ਚੰਦ ਅਤੇ ਭਾਈ ਜੈਤਾ ਆਪਣੀ ਸਿੱਖ ਫ਼ੌਜ ਸਮੇਤ ਹਾਜ਼ਰ ਹੋ ਗਏ। ਇਸ ਇਲਾਕੇ ਦੇ ਬਸ਼ਿੰਦਿਆਂ ਨੇ ਗੁਰੂ ਜੀ ਦੀ ਅਤੇ ਸਿੰਘਾਂ ਦੀ ਫ਼ੌਜ ਰਸਦ ਦਾ ਇੰਤਜ਼ਾਮ ਬਹੁਤ ਵੱਡੀ ਤਾਦਾਦ ਵਿਚ ਕਰ ਦਿੱਤਾ।

ਮੁਗ਼ਲ ਅਤੇ ਤੁਰਕ ਫ਼ੌਜਾਂ ਦੇ ਲਗਪਗ 35 ਹਜ਼ਾਰ ਸਿਪਾਹੀ ਚੋਣਵੇਂ ਜਰਨੈਲਾਂ, ਜਿਨ੍ਹਾਂ ਵਿਚ ਲਾਲ ਬੇਗ, ਉਸ ਦਾ ਭਰਾ ਕਮਰ ਬੇਗ, ਕਾਬਲੀ ਬੇਗ, ਇਸਮਾਈਲ ਖ਼ਾਨ, ਨਾਹਰ ਖ਼ਾਨ, ਜ਼ਾਲਮ ਖ਼ਾਨ ਅਤੇ ਸ਼ਮਸ਼ ਬੇਗ ਦੀ ਕਮਾਨ ਹੇਠ ਮਹਿਰਾਜ ਦੇ ਲਾਗੇ ਪਹੁੰਚ ਗਏ ਅਤੇ ਮੁਗ਼ਲ ਬਾਦਸ਼ਾਹ ਸ਼ਾਹਜਹਾਂ ਦੇ ਹੁਕਮ 'ਤੇ ਗੁਰੂ ਹਰਗੋਬਿੰਦ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਲੜਾਈ ਦੇ ਮੈਦਾਨ ਵਿਚ ਮਾਰਨ ਲਈ ਤਿਆਰੀ ਕਰਨ ਲੱਗ ਪਏ।

ਮੁਗ਼ਲ ਫ਼ੌਜਾਂ ਬਹੁਤ ਵੱਡੀ ਗਿਣਤੀ ਵਿਚ ਗੁਰੂ ਜੀ 'ਤੇ ਹਮਲਾ ਕਰਨ ਲਈ ਮਹਿਰਾਜ ਵਿਖੇ ਲਾਹੌਰ ਤੋਂ ਚੱਲ ਕੇ ਹਰੀਕੇ ਪੱਤਣ ਸਤਲੁਜ ਦਰਿਆ ਪਾਰ ਕਰ ਕੇ ਪਹੁੰਚ ਗਈਆਂ। ਜਦ ਮੁਗ਼ਲ ਫ਼ੌਜਾਂ ਕੌੜੀਆਂ ਦੀ ਮਾੜੀ ਲਾਗੇ ਪਾਣੀ ਦੀ ਭਾਲ ਵਿਚ ਰਾਤ ਦੇ ਸਮੇਂ ਪਹੁੰਚੀਆਂ ਤਾਂ ਗੁਰੂ ਹਰਗੋਬਿੰਦ ਦੇ ਸਿੰਘ ਜੋ ਪੂਰੀ ਵਿਉਂਤਬੰਦੀ ਕਰ ਕੇ ਛੋਟੇ-ਛੋਟੇ ਜੱਥਿਆਂ ਦੇ ਰੂਪ ਵਿਚ ਉਸ ਇਲਾਕੇ ਵਿਚ ਪੂਰੀ ਤਿਆਰੀ ਨਾਲ ਬੈਠੇ ਸਨ ਅਤੇ ਇਸ ਮੌਕੇ ਦੀ ਤਲਾਸ਼ ਵਿਚ ਸਨ, ਇਕਦਮ ਮੁਗ਼ਲ ਫ਼ੌਜਾਂ 'ਤੇ ਟੁੱਟ ਪਏ ਅਤੇ ਥੋੜ੍ਹੇ ਸਮੇਂ ਵਿਚ ਹੀ ਬਹੁਤ ਵੱਡੀ ਗਿਣਤੀ ਵਿਚ ਮੁਗ਼ਲ ਫ਼ੌਜਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਹਜ਼ਾਰਾਂ ਮੁਗ਼ਲ ਫ਼ੌਜੀਆਂ ਦੀ ਮੌਤ ਦੇ ਪਿੱਛੋਂ ਇਨ੍ਹਾਂ ਦੇ ਜਰਨੈਲ ਲਾਲ ਬੇਗ ਨੇ ਆਪਣੇ ਭਰਾ ਕਮਰ ਬੇਗ ਨੂੰ 7 ਹਜ਼ਾਰ ਫ਼ੌਜੀਆਂ ਨਾਲ ਸਿੰਘਾਂ ਦਾ ਮੁਕਾਬਲਾ ਕਰਨ ਲਈ ਕਹਿ ਦਿੱਤਾ ਅਤੇ ਆਪ ਹੋਰ ਫ਼ੌਜੀ ਅਫ਼ਸਰਾਂ ਦੇ ਲਈ ਤੰਬੂ, ਰਸਦ ਅਤੇ ਹੋਰ ਇੰਤਜ਼ਾਮਾਂ ਵਿਚ ਰੁੱਝ ਗਿਆ ਪਰ ਸਿੰਘਾਂ ਦੀ ਦੇਗ ਚਲਾਉਣ ਦੀ ਗਤੀ ਨੂੰ ਵੇਖ ਕੇ ਮੁਗ਼ਲ ਫ਼ੌਜੀ ਅਫ਼ਸਰ ਭੈਭੀਤ ਹੋ ਗਏ ਅਤੇ ਯੁੱਧ ਦੇ ਮੈਦਾਨ ਵਿੱਚੋਂ ਦੂਰ ਜਾ ਕੇ ਅੱਗ ਸੇਕ ਕੇ ਠੰਢ ਨੂੰ ਦੂਰ ਕਰਨ ਲੱਗ ਪਏ।

## ਮੁਗ਼ਲ ਫ਼ੌਜ ਦੇ ਛੱਕੇ ਛੁਡਾਏ

ਗੁਰੂ ਦੇ ਸਿੰਘ ਯੋਧੇ ਜਿਨ੍ਹਾਂ ਵਿਚ ਰਾਏ ਜੋਧ ਅਤੇ ਸਲੇਮ ਸ਼ਾਹ ਆਪਣੀ ਪੰਜ-ਪੰਜ ਸੌ ਫ਼ੌਜੀਆਂ ਦੀ ਟੁਕੜੀ ਨਾਲ ਲੜਾਈ ਲੜ ਰਹੇ ਸਨ, ਨੇ ਮੁਗ਼ਲ ਫ਼ੌਜਾਂ ਦੇ ਛੱਕੇ ਛੁਡਾ ਦਿੱਤੇ ਅਤੇ ਕੁਝ ਘੰਟਿਆਂ ਵਿਚ ਹੀ ਲੜਾਈ ਦਾ ਮੈਦਾਨ ਮੁਗ਼ਲ ਫ਼ੌਜਾਂ ਦੇ ਸਿਪਾਹੀਆਂ ਦੇ ਅਤੇ ਉਨ੍ਹਾਂ ਦੇ ਘੋੜਿਆਂ ਦੇ ਕੱਟੇ ਹੋਏ ਅੰਗਾਂ ਨਾਲ ਭਰ ਗਿਆ। ਮੁਗ਼ਲ ਫ਼ੌਜੀ ਹਨੇਰੀ ਤੇ ਠੰਢੀ ਰਾਤ ਨੂੰ ਲੜਾਈ ਦੇ ਮੈਦਾਨ 'ਚ ਤਾਸ਼ ਦੇ ਪੱਤਿਆਂ ਵਾਂਗ ਧਰਤੀ 'ਤੇ ਡਿੱਗ ਰਹੇ ਸਨ। ਇਸ ਤਰ੍ਹਾਂ ਸਿੰਘ ਯੋਧਿਆਂ ਨੇ 7 ਹਜ਼ਾਰ ਮੁਗ਼ਲ ਫ਼ੌਜਾਂ ਦੀ ਟੁਕੜੀ ਨੂੰ ਲੜਾਈ ਦੇ ਮੈਦਾਨ ਵਿੱਚੋਂ ਸਾਫ਼ ਕਰ ਦਿੱਤਾ।

ਦੂਸਰੇ ਦਿਨ ਫਿਰ ਲਾਲ ਬੇਗ, ਕਮਰ ਬੇਗ ਅਤੇ ਕੁਝ ਚੋਣਵੇਂ ਜਰਨੈਲ ਸਵੇਰੇ ਹੀ 8000 ਫ਼ੌਜੀਆਂ ਦੀ ਟੁਕੜੀ ਲੈ ਕੇ ਯੁੱਧ ਦੇ ਮੈਦਾਨ ਵਿਚ ਕੁੱਦ ਪਏ। ਸਿੱਖ ਯੋਧੇ, ਜਿਨ੍ਹਾਂ ਦਾ ਹੌਸਲਾ ਚੜ੍ਹਦੀਕਲਾ ਵਿਚ ਸੀ ਬਗ਼ੈਰ ਕਿਸੇ ਸਮੇਂ ਦੀ ਬਰਬਾਦੀ ਤੋਂ ਫਿਰ ਮੁਗ਼ਲ ਫ਼ੌਜਾਂ 'ਤੇ ਟੁੱਟ ਪਏ ਅਤੇ ਕੁੱਝ ਹੀ ਘੰਟਿਆਂ ਵਿਚ 8000 ਫ਼ੌਜੀਆਂ ਨੂੰ ਵੀ ਜੀਵਨ ਮੁਕਤੀ ਦੇ ਦਿੱਤੀ।

## ਕਰੋ ਜਾਂ ਮਰੋ ਦੀ ਰਣਨੀਤੀ

8000 ਮੁਗ਼ਲ ਫ਼ੌਜੀਆਂ ਦੇ ਮਾਰੇ ਜਾਣ ਪਿੱਛੋਂ ਲਾਲ ਬੇਗ ਨੇ ਆਪਣੇ ਭਾਣਜੇ ਕਾਬਲੀ ਬੇਗ ਨਾਲ ਸਲਾਹ ਕੀਤੀ ਕਿ ਹੁਣ ਗੁਰੂ ਹਰਗੋਬਿੰਦ ਤੇ ਉਸ ਦੀਆਂ ਫ਼ੌਜਾਂ 'ਤੇ ਅਗਲੇ ਦਿਨ ਹਮਲਾ ਕਰੋ ਜਾਂ ਮਰੋ ਦੀ ਰਣਨੀਤੀ ਨਾਲ ਕੀਤਾ ਜਾਵੇਗਾ ਤਾਂ ਕਿ ਗੁਰੂ ਹਰਗੋਬਿੰਦ ਉੱਤੇ ਇਸ ਯੁੱਧ ਵਿਚ ਜਿੱਤ ਪ੍ਰਾਪਤ ਕੀਤੀ ਜਾ ਸਕੇ। ਪਰ ਲਾਲ ਬੇਗ ਦੇ ਦੋ ਪੁੱਤਰ ਕਾਸਮ ਬੇਗ ਅਤੇ ਸ਼ਮਸ਼ ਬੇਗ, ਜਿਹੜੇ ਬਹੁਤ ਗੁੱਸੇ ਵਿਚ ਸਨ, ਆਪਣੇ ਪਿਤਾ ਦੀ ਗੱਲ ਨਾ ਮੰਨਦੇ ਹੋਏ ਇਸ ਗੱਲ 'ਤੇ ਬਾਜ਼ਿੱਦ ਹੋ ਗਏ ਕਿ ਗੁਰੂ ਦੇ ਸਿੰਘਾਂ 'ਤੇ ਹਮਲਾ ਅੱਜ ਰਾਤ ਨੂੰ ਹੀ ਕਈ ਹਜ਼ਾਰ ਫ਼ੌਜ ਦੀ ਟੁਕੜੀ ਲੈ ਕੇ ਕੀਤਾ ਜਾਵੇਗਾ।

ਇਸ ਹਮਲੇ ਦਾ ਮੂੰਹ ਤੋੜ ਜਵਾਬ ਦੇਣ ਲਈ ਇਕ ਹਜ਼ਾਰ ਸਿੰਘ ਯੋਧਿਆਂ ਦਾ ਇਕ ਜਥਾ ਭਾਈ ਬਿਧੀ ਚੰਦ ਦੀ ਅਗਵਾਈ ਹੇਠ ਲੜਾਈ ਦੇ ਮੈਦਾਨ ਵਿਚ ਆ ਗਿਆ ਅਤੇ ਉਨ੍ਹਾਂ ਨੇ ਇਸ ਤਰ੍ਹਾਂ ਤੇਗ਼ ਵਾਹੀ ਕਿ ਦਿਨ ਚੜ੍ਹਦੇ ਨੂੰ ਮੁਗ਼ਲ ਫ਼ੌਜਾਂ ਵਿਚ ਭਾਜੜ ਪਾ ਦਿੱਤੀ ਅਤੇ ਲਾਸ਼ਾਂ ਦੇ ਢੇਰ ਵਿਛਾ ਦਿੱਤੇ। ਅਸਮਾਨ ਵਿਚ ਗਿਰਜਾਂ ਮੰਡਰਾਉਣ ਲੱਗ ਪਈਆਂ ਅਤੇ ਧਰਤੀ ਦਾ ਰੰਗ ਲਾਲ ਕਰ ਦਿੱਤਾ।

## ਗੁਰੂ ਜੀ ਮੈਦਾਨ 'ਚ ਕੁੱਦੇ

ਲਗਪਗ 25 ਹਜ਼ਾਰ ਮੁਗ਼ਲ ਫ਼ੌਜੀ ਮਰਵਾਉਣ ਪਿੱਛੋਂ ਲਾਲ ਬੇਗ 10 ਹਜ਼ਾਰ ਫ਼ੌਜੀਆਂ ਨਾਲ ਸਿੰਘ ਯੋਧਿਆਂ ਉੱਤੇ ਫਿਰ ਚੜ੍ਹਾਈ ਕਰਨ ਲੱਗ ਪਿਆ। ਇਸ ਦਾ ਜਵਾਬ ਦੇਣ ਲਈ ਰਾਏ ਜੋਧ, ਉਸਦਾ ਭਰਾ ਅਤੇ ਚਾਚਾ ਅੱਗੇ ਆਏ ਅਤੇ ਮੁਕਾਬਲਾ ਕੀਤਾ। ਗੁਰੂ ਜੀ ਖ਼ੁਦ ਸੁਹੇਲੇ ਤੇ ਸਵਾਰ ਹੋ ਕੇ ਮੈਦਾਨ ਵਿਚ ਕੁੱਦ ਪਏ ਅਤੇ ਆਪਣੇ ਸੂਹੀਏ ਤੋਂ ਸਾਰੀ ਜਾਣਕਾਰੀ ਲੈ ਕੇ ਸਭ ਤੋਂ ਪਹਿਲਾ ਤੀਰ ਲਾਲ ਬੇਗ 'ਤੇ ਛੱਡ ਦਿੱਤਾ। ਲਾਲ ਬੇਗ ਦੇ ਸਿਰ ਦਾ ਤਾਜ ਉਡ ਕੇ ਧਰਤੀ 'ਤੇ ਡਿੱਗ ਪਿਆ। ਗੁਰੂ ਜੀ ਵੱਲੋਂ ਕੀਤੀ ਤੀਰਾਂ ਦੀ ਬੁਛਾੜ ਨੇ ਮੁਗ਼ਲਾਂ ਦੇ ਹੋਸ਼ ਉਡਾ ਦਿੱਤੇ ਅਤੇ ਉਨ੍ਹਾਂ ਵਿਚ ਕੰਬਣੀ ਛੇੜ ਦਿੱਤੀ। ਮੁਗ਼ਲ ਫ਼ੌਜਾਂ ਦੇ ਵੱਡੇ-ਵੱਡੇ ਅਧਿਕਾਰੀ, ਜੋ ਆਪਣੇ ਆਪ ਨੂੰ ਮਹਾਨ ਯੋਧਾ ਅਖਵਾਉਂਦੇ ਸਨ, ਢਹਿ ਢੇਰੀ ਹੋਣ ਲੱਗ ਪਏ।

ਭਾਵੇਂ ਗੁਰੂ ਜੀ ਇਸ ਯੁੱਧ ਵਿਚ ਜ਼ਖ਼ਮੀ ਹੋ ਗਏ ਪਰ ਉਨ੍ਹਾਂ ਨੇ ਕਾਬਲੀ ਬੇਗ 'ਤੇ ਇਸ ਤਰ੍ਹਾਂ ਦਾ ਵਾਰ ਕੀਤਾ ਕਿ ਉਸ ਦੇ ਦੋ ਟੋਟੇ ਕਰ ਦਿੱਤੇ। ਉਧਰ ਰਾਏ ਜੋਧ ਨੇ ਕਮਰ ਬੇਗ ਦੀ ਸਾਂਗ ਨਾਲ ਛਾਤੀ ਪਾੜ ਕੇ ਉਸ ਦੇ ਦੋ ਟੋਟੇ ਕਰ ਦਿੱਤੇ। ਇਸ ਤੋਂ ਇਲਾਵਾ ਗੁਰੂ ਦੇ ਸਿੰਘ ਭਲਣ ਨੇ ਸ਼ਮਸ਼ ਬੇਗ ਅਤੇ ਰਾਏ ਲਾਲ ਨੇ ਕਾਸਮ ਬੇਗ ਨੂੰ ਬਰਛਿਆਂ ਨਾਲ ਮਾਰ ਦਿੱਤਾ।

ਇਨ੍ਹਾਂ ਮੁਗ਼ਲ ਜਰਨੈਲਾਂ ਦੀ ਮੌਤ ਤੋਂ ਬਾਅਦ ਕੁਝ ਹੋਰ ਮੁਗ਼ਲ ਜਰਨੈਲ ਗੁੱਲ ਖ਼ਾਂ, ਅਸਮਾਈਲ ਖ਼ਾਂ, ਅਬਦਾਲੀ, ਜ਼ਾਲਮ ਖ਼ਾਂ, ਨਾਹਰ ਖ਼ਾਂ ਅਤੇ ਹਬਸ਼ੀ ਜੋ ਬੜੇ ਜ਼ੋਰਾਵਰ ਲੜਾਕੇ ਅਖਵਾਉਂਦੇ ਸਨ, ਨੇ ਲਾਲ ਬੇਗ ਦੀ ਅਗਵਾਈ ਹੇਠਾਂ ਸਿੱਖ ਯੋਧਿਆਂ 'ਤੇ ਫਿਰ ਹਮਲਾ ਬੋਲ ਦਿੱਤਾ।

ਸਿੱਖ ਯੋਧੇ ਜਿਨ੍ਹਾਂ ਵਿਚ ਸਲੇਮ ਸ਼ਾਹ, ਭਾਈ ਬਿਧੀ ਚੰਦ ਚੌਧਰੀ ਚੂਹੜ, ਦੁਲਟ, ਭਾਈ ਜੈਤਾ ਜੋ ਗੁਰੂ ਜੀ ਦਾ ਸ਼ੇਰ ਅਖਵਾਉਂਦਾ ਸੀ, ਭਗਤਾ ਅਤੇ ਨੰਦਾ, ਇਸ ਲੜਾਈ ਵਿਚ ਬੜੀ ਦਲੇਰੀ ਨਾਲ ਦਿਲ ਖੋਲ੍ਹ ਕੇ ਲੜੇ ਅਤੇ ਆਪਣੀ ਜਾਨ ਤਲੀ 'ਤੇ ਧਰਦੇ ਹੋਏ ਇਸ ਤਰ੍ਹਾਂ ਤੇਗਾਂ ਵਾਹੁੰਦੇ ਰਹੇ ਕਿ ਮੁਗ਼ਲ ਫ਼ੌਜਾਂ ਉਨ੍ਹਾਂ ਲਈ ਰਾਹ ਛੱਡਦੀਆਂ ਰਹੀਆਂ।

## ਫ਼ੌਜ ਦੇ ਕੀਤੇ ਦੰਦੇ ਖੱਟੇ

ਭਾਵੇਂ ਗੁਰੂ ਜੀ ਇਸ ਯੁੱਧ ਦੌਰਾਨ ਜ਼ਖ਼ਮੀ ਹੋ ਗਏ ਸਨ ਪਰ ਫਿਰ ਵੀ ਉਨ੍ਹਾਂ ਨੇ ਮੁਗ਼ਲ ਜਰਨੈਲਾਂ ਨੂੰ ਮੂੰਹ ਤੋੜ ਜਵਾਬ ਦੇਣ ਲਈ ਯੁੱਧ ਦੇ ਮੈਦਾਨ ਵਿਚ ਆ ਕੇ ਮੁਗ਼ਲਾਂ ਦੇ ਛੱਕੇ ਛੁਡਾਉਣੇ ਸ਼ੁਰੂ ਕਰ ਦਿੱਤੇ। ਥੋੜ੍ਹੇ ਜਿਹੇ ਹੀ ਚਿਰ ਪਿੱਛੋਂ 18 ਸੇਰ ਦੇ ਖੰਡੇ ਨਾਲ ਗੁਰੂ ਜੀ ਨੇ ਲਾਲ ਬੇਗ ਤੇ ਇਸ ਤਰ੍ਹਾਂ ਦਾ ਵਾਰ ਕੀਤਾ ਕਿ ਉਸ ਦੇ ਦੋ ਫਾੜ੍ਹ ਹੋ ਗਏ। ਦੂਜੇ ਪਾਸੇ ਭੱਲਣ ਸਿੰਘ ਨੇ ਹਬਸ਼ੀ ਮੁਗ਼ਲ ਲੜਾਕੂ ਨੂੰ ਆਪਣੀ ਸਾਂਗ ਨਾਲ ਮਾਰ ਕੇ ਉਸ ਵਿਚ ਹੀ ਪਰੋ ਲਿਆ। ਭਾਈ ਬਿਧੀ ਚੰਦ ਨੇ ਗੁਲਾਬ ਖ਼ਾਂ ਨੂੰ, ਰਾਏ ਲਾਲ ਨੇ ਇਸਮਾਈਲ ਖ਼ਾਂ ਨੂੰ, ਭਾਈ ਜੈਤੇ ਨੇ ਬਹਿਲੋਲ ਅਤੇ ਰਾਏ ਜੋਧ ਨੇ ਕਮਰ ਬੇਗ ਨੂੰ ਮਾਰ ਕੇ ਮੁਗ਼ਲ ਫ਼ੌਜਾਂ ਦੇ ਦੰਦ ਖੱਟੇ ਕਰ ਦਿੱਤੇ। ਇਸ ਲੜਾਈ ਵਿਚ ਭਾਈ ਜੇਠਾ, ਜੋ ਕਿ ਗੁਰੂ ਦਾ ਸ਼ੇਰ ਅਖਵਾਉਂਦਾ ਸੀ, ਜ਼ਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ ਸ਼ਹੀਦੀ ਪ੍ਰਾਪਤ ਕਰ ਗਿਆ।

## ਯੁੱਧ ਦੀ ਸਮਾਪਤੀ

ਗਹਿਗੱਚ ਅਤੇ ਘਮਾਸਾਨ ਯੁੱਧ ਦੀ ਸਮਾਪਤੀ ਪਿੱਛੋਂ ਗੁਰੂ ਜੀ ਨੇ ਆਪਣੇ ਅਤੇ ਪਰਾਏ ਸਾਰੇ ਜ਼ਖ਼ਮੀਆਂ ਦੀ ਮੱਲ੍ਹਮ ਪੱਟੀ ਕਰ ਕੇ ਇਲਾਜ ਕੀਤਾ ਅਤੇ ਸੰਗਤਾਂ ਨੂੰ ਹੁਕਮ ਦਿੱਤਾ ਕਿ ਖੂਹ ਪੁੱਟ ਕੇ ਮਰੇ ਹੋਏ ਫ਼ੌਜੀਆਂ ਨੂੰ ਹਥਿਆਰਾਂ ਸਮੇਤ ਦਫਨਾਉਣ ਦਾ ਕਾਰਜ ਕਰੋ ਅਤੇ ਇਸ ਥਾਂ 'ਤੇ ਆ ਕੇ ਗੁਰੂ ਜੀ ਨੇ ਆਪਣਾ ਘੋੜਾ ਬੇਰੀ ਨਾਲ ਬੰਨ੍ਹਿਆ, ਜੋ ਅੱਜ ਵੀ ਮੌਜੂਦ ਹੈ। ਇਸ ਬੇਰੀ ਦੀ ਵਿਲੱਖਣਤਾ ਇਹ ਹੈ ਕਿ ਇਸ ਬੇਰੀ ਦੀ ਟਾਹਣੀ, ਜਿੱਥੇ ਵੀ ਧਰਤੀ ਨਾਲ ਲੱਗਦੀ ਹੈ, ਉੱਥੇ ਹੀ ਨਵੀਂ ਬੇਰੀ ਫੁੱਟ ਪੈਂਦੀ ਹੈ। ਇਸ ਬੇਰੀ ਦੀ ਸਾਂਭ ਸੰਭਾਲ ਲਈ ਮਾਹਿਰਾਂ ਦੀ ਵੀ ਮਦਦ ਲਈ ਜਾਂਦੀ ਹੈ।

ਮੁਗ਼ਲ ਫ਼ੌਜੀਆਂ ਨੂੰ ਦਫਨਾਉਣ ਤੋਂ ਪਿੱਛੋਂ ਉਸ ਖੂਹ ਨੂੰ ਬੰਦ ਕਰਵਾ ਕੇ ਉਸ ਉੱਪਰ ਇਕ ਉੱਚਾ ਥੜ੍ਹਾ ਬਣਵਾ ਕੇ ਸਾਰੇ ਸ਼ਹੀਦ ਸਿੰਘ ਯੋਧਿਆਂ ਦਾ ਆਪਣੇ ਹੱਥੀਂ ਸਸਕਾਰ ਕੀਤਾ। ਅੱਜ ਕਲ੍ਹ ਇੱਥੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਮੌਜੂਦ ਹਨ। ਇਸ ਗੁਰਦੁਆਰਾ ਸਾਹਿਬ ਵਿਚ ਗੁਰੂ ਹਰਗੋਬਿੰਦ ਦੀ ਜੋਤ ਸਦਾ ਜਗਦੀ ਰਹਿੰਦੀ ਹੈ। ਇਸ ਤੋਂ ਬਾਅਦ ਗੁਰੂ ਜੀ ਕੁਝ ਦਿਨ ਇਸੇ ਧਰਤੀ 'ਤੇ ਬਿਰਾਜਮਾਨ ਰਹੇ ਅਤੇ ਕੁਰੂਕਸ਼ੇਤਰ ਦੀ ਧਰਤੀ ਹੋਣ ਦਾ ਵਰ ਦਿੱਤਾ ਅਤੇ ਗੁਰੂਸਰ ਦਾ ਨਾਮ ਦਿੱਤਾ। ਇਸ ਪਾਕ ਪਵਿੱਤਰ ਜਗ੍ਹਾ ਦੀ ਦੇਖਰੇਖ ਲਈ ਇਕ ਸਿੱਖ ਨੂੰ ਜ਼ਿੰਮੇਵਾਰੀ ਦਿੱਤੀ ਗਈ।

## ਗੁਰੂ ਜੀ ਵੱਲੋਂ ਸਨਮਾਨ

ਲੜਾਈ ਉਪਰੰਤ ਗੁਰੂ ਨੇ ਭਾਈ ਬਿਧੀ ਚੰਦ, ਭਾਈ ਰਾਏ ਜੋਧ ਅਤੇ ਹੋਰ ਸਿੰਘ ਯੋਧਿਆਂ ਨੂੰ ਵਿਸ਼ੇਸ਼ ਸਨਮਾਨ ਨਾਲ ਵੀ ਨਿਵਾਜਿਆ। ਨਾਭਾ ਰਿਆਸਤ ਦੇ ਰਾਜੇ ਮਹਾਰਾਜਾ ਹੀਰਾ ਸਿੰਘ ਨੇ ਇਸ ਪਵਿੱਤਰ ਥਾਂ 'ਤੇ ਜਿੱਥੇ ਗੁਰੂ ਜੀ ਨੇ ਤੰਬੂ ਗੱਡੇ ਸਨ 1871 ਤੋਂ ਲੈ ਕੇ 1911 ਵਿਚ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ। 1980 ਵਿਚ ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਕਾਰ ਸੇਵਾ ਕਰ ਕੇ ਸੰਭਾਲ ਕੀਤੀ ਗਈ।

ਫੋਟੋਆਂ : **ਯਸ਼ਵੀਰ ਗੋਇਲ**
9780436841

### ਸਿਧਾਂਤਾਂ ਤੇ ਚਿੰਨ੍ਹਾਂ ਦੀ ਉਤਪਤੀ

ਇਨ੍ਹਾਂ ਯੁੱਧਾਂ ਵਿੱਚੋਂ ਹੀ ਹਿੰਦੂ ਸਿੱਖ ਅਤੇ ਹੋਰ ਧਰਮਾਂ ਦੇ ਕਈ ਸਿਧਾਂਤ ਅਤੇ ਚਿੰਨ੍ਹ ਪੈਦਾ ਹੋਏ। ਜਿਸ ਤਰ੍ਹਾਂ ਮਹਾਭਾਰਤ ਦੇ ਯੁੱਧ ਵਿਚ ਭਗਵਾਨ ਕ੍ਰਿਸ਼ਨ ਨੇ ਅਰਜੁਨ ਨੂੰ ਉਪਦੇਸ਼ ਦਿੱਤਾ ਸੀ ਕਿ ਲੜਾਈ ਦੇ ਮੈਦਾਨ ਵਿਚ ਕੋਈ ਵੀ ਰਿਸ਼ਤੇਦਾਰ ਜਾਂ ਸਕਾ ਸਬੰਧੀ ਨਹੀਂ ਹੁੰਦਾ ਅਤੇ ਸਾਰੇ ਬਰਾਬਰ ਹੁੰਦੇ ਹਨ, ਉਸੇ ਤਰ੍ਹਾਂ ਹੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਨੇ ਮਹਿਰਾਜ ਵਿਚ ਹੋਈ ਮੁਗ਼ਲਾਂ ਦੀ ਲੜਾਈ ਜਿੱਤ ਕੇ ਸਿੱਖ ਸ਼ਰਧਾਲੂਆਂ ਨੂੰ ਇਹ ਸੰਦੇਸ਼ ਦਿੱਤਾ ਕਿ ਮੌਤ ਪਿੱਛੋਂ ਕੋਈ ਵੀ ਦੁਸ਼ਮਣ ਨਹੀਂ ਰਹਿ ਜਾਂਦਾ ਅਤੇ ਇਸ ਕਰਕੇ ਹਰੇਕ ਦੁਸ਼ਮਣ ਦੀ ਮੌਤ ਤੋਂ ਬਾਅਦ ਉਸ ਦਾ ਅੰਤਿਮ ਸੰਸਕਾਰ ਉਸ ਦੇ ਧਰਮ ਦੇ ਰੀਤੀ ਰਿਵਾਜਾਂ ਅਨੁਸਾਰ ਕੀਤਾ ਜਾਵੇ।



ਪਵਿੱਤਰ ਬੇਰੀ, ਜਿੱਥੇ ਗੁਰੂ ਸਾਹਿਬ ਨੇ ਆਪਣਾ ਘੋੜਾ ਬੰਨ੍ਹਿਆ ਸੀ।

### ਯੁੱਧਾਂ ਦੀ ਧਰਤ ਪੰਜਾਬ

ਅਣਵੰਡੇ ਪੰਜਾਬ ਦੇ ਕੋਨੇ-ਕੋਨੇ ਵਿਚ ਪੁਰਾਤਨ ਕਾਲ ਤੋਂ ਲੈ ਕੇ ਆਧੁਨਿਕ ਕਾਲ ਤਕ ਕਈ ਧਰਮ, ਕਈ ਸਮਾਜ ਅਤੇ ਕਈ ਸਮਾਜ ਸੁਧਾਰਕ ਲਹਿਰਾਂ ਦਾ ਜਨਮ ਹੋਇਆ ਅਤੇ ਵੱਖਰੇ-ਵੱਖਰੇ ਧਰਮਾਂ ਦੇ ਲੋਕਾਂ ਵਿਚ ਆਪਣੇ ਧਰਮ ਨੂੰ ਬਚਾਉਣ ਲਈ ਜਾਂ ਆਪਣੇ ਸਮਾਜ ਦੀਆਂ ਕਦਰਾਂ ਕੀਮਤਾਂ ਨੂੰ ਬਚਾਉਣ ਲਈ ਬਹੁਤ ਵੱਡੇ ਯੁੱਧ ਹੋਏ ਹਨ। ਜੇ ਅਣਵੰਡੇ ਪੰਜਾਬ ਦੀ ਕੁਰੂਕਸ਼ੇਤਰ ਦੀ ਧਰਤੀ ਵਿਖੇ ਮਹਾਭਾਰਤ ਦਾ ਮਹਾਂਯੁੱਧ ਹੋਇਆ ਹੈ ਤਾਂ ਪੰਜਾਬ ਦੀ ਸ੍ਰੀ ਮੁਕਤਸਰ ਸਾਹਿਬ ਦੀ ਧਰਤੀ ਵਿਖੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਖ਼ੀਰਲੇ ਯੁੱਧ ਵਿਚ ਮੁਗ਼ਲਾਂ ਦੇ ਦੰਦ ਖੱਟੇ ਕੀਤੇ। ਅਣਵੰਡੇ ਪੰਜਾਬ ਵਿਚ ਸਿੱਖ ਗੁਰੂਆਂ ਅਤੇ ਪਹਾੜੀ ਹਿੰਦੂ ਰਾਜਿਆਂ ਦਾ ਯੁੱਧ, ਸਿੱਖ ਗੁਰੂਆਂ ਤੇ ਮੁਗ਼ਲਾਂ ਦਾ ਯੁੱਧ, ਸਿੱਖ ਰਾਜਿਆਂ ਦਾ ਮੁਗ਼ਲਾਂ ਨਾਲ ਯੁੱਧ, ਸਿੱਖ ਰਾਜਿਆਂ ਦਾ ਅੰਗਰੇਜ਼ਾਂ ਨਾਲ ਯੁੱਧ ਪੰਜਾਬ ਦੀ ਧਰਤੀ 'ਤੇ ਵੱਖਰੇ-ਵੱਖਰੇ ਥਾਵਾਂ 'ਤੇ ਥੋੜ੍ਹੇ-ਥੋੜ੍ਹੇ ਸਮੇਂ ਪਿੱਛੋਂ ਹੁੰਦਾ ਰਿਹਾ ਅਤੇ ਇਹ ਪੰਜ ਦਰਿਆਵਾਂ ਦੀ ਧਰਤੀ ਲੰਬੇ ਸਮੇਂ ਤਕ ਸੂਹੇ ਰੰਗ ਦੀ ਚਾਦਰ ਵਿਚ ਲਿਪਟੀ ਰਹੀ।



• ਵੇਦ ਤਾਇਲ
90412-00402

ਇੱਥੇ ਅੱਸੂ ਅਤੇ ਚੇਤ ਦੇ ਨਰਾਤਿਆਂ ਦੀ ਛਟ ਨੂੰ ਭਾਰੀ ਮੇਲਾ ਲਗਦਾ ਹੈ। ਇਸ ਮੰਦਰ ਵਿਖੇ ਹਰ ਧਰਮ ਦੇ ਲੋਕ ਮੱਥਾ ਟੇਕਣ ਆਉਂਦੇ ਹਨ। ਗੰਢਜੋੜੇ ਅਤੇ ਨਵ ਜਨਮੇ ਬੱਚਿਆਂ ਦੀ ਝੰਡ ਦੀ ਸੁੱਖ ਵੀ ਇਥੇ ਪੂਰੀ ਹੁੰਦੀ ਹੈ। ਇੱਥੇ ਬਣੇ ਮਿੱਟੀ ਦੇ ਟਿੱਲੇ 'ਤੇ ਲੋਕ ਮਿੱਟੀ ਚੜ੍ਹਾਉਂਦੇ ਹਨ...

ਅੱਜ ਮੇਲੇ 'ਤੇ ਵਿਸ਼ੇਸ਼



# ਭਾਈਚਾਰਕ ਏਕਤਾ ਦਾ ਪ੍ਰਤੀਕ ਸ਼੍ਰੀ ਦੁਰਗਾ ਮਾਤਾ ਮੰਦਰ ਮਾਇਸਰਖਾਨਾ

ਬਠਿੰਡਾ-ਮਾਨਸਾ ਹਾਈਵੇ 'ਤੇ ਪ੍ਰਾਚੀਨ ਸ਼੍ਰੀ ਦੁਰਗਾ ਮੰਦਰ ਮਾਈਸਰਖਾਨਾ ਲੋਕਾਂ ਦੀ ਸ਼ਰਧਾ ਦਾ ਕੇਂਦਰ ਹੈ। ਇਸ ਮੰਦਰ ਦੀ ਦੇਖ ਰੇਖ ਸ਼੍ਰੀ ਸਨਾਤਨ ਧਰਮ ਪੰਜਾਬ ਮਹਾਂਵੀਰ ਦਲ ਵੱਲੋਂ ਕੀਤੀ ਜਾ ਰਹੀ ਹੈ। ਜਿਸ ਵਿਚ ਮੇਲੇ ਦੌਰਾਨ 5 ਲੱਖ ਤੋਂ ਵਧੇਰੇ ਸ਼ਰਧਾਲੂ ਨਤਮਸਤਕ ਹੁੰਦੇ ਹਨ। ਜਿਸ ਤਰ੍ਹਾਂ ਹਿਮਾਚਲ ਦੇ ਮੰਦਰਾਂ ਵਿਚ ਮਾਤਾ ਜੀ ਪਿੰਡੀ ਰੂਪ ਵਿਚ ਬਿਰਾਜਮਾਨ ਹਨ ਉਸੇ ਤਰ੍ਹਾਂ ਇਸ ਮੰਦਰ ਵਿਚ ਵੀ ਮਾਤਾ ਜੀ ਦੀ ਪ੍ਰਾਚੀਨ ਮੂਰਤੀ ਪਿੰਡੀ ਰੂਪ ਵਿਚ ਹੈ। ਮੰਦਰ ਦੇ ਪੁਰਾਣੇ ਇਤਿਹਾਸ ਮੁਤਾਬਿਕ ਸੰਨ 1515 ਈ. ਵਿਚ ਪਿੰਡ ਦਾ ਇਕ ਕਿਸਾਨ ਬਾਬਾ ਕਮਾਲੂ ਦਾਸ, ਬਾਬਾ ਕਾਲੂ ਰਾਮ ਨਥਾਣੇ ਵਾਲੇ ਦਾ ਚੇਲਾ ਸੀ। ਉਹ ਬਾਬਾ ਜੀ ਨਾਲ ਹਰ ਸਾਲ ਮਾਤਾ ਦੇ ਦਰਸ਼ਨ ਕਰਨ ਜਵਾਲਾ ਜੀ ਜਾਇਆ ਕਰਦਾ ਸੀ।

ਇਕ ਵਾਰ ਕਮਾਲੂ ਭਗਤ ਨੇ ਜਵਾਲਾ ਜੀ ਜਾ ਕੇ ਬਾਬਾ ਕਾਲੂ ਨਾਥ ਨੂੰ ਕਿਹਾ ਕਿ ਬਾਬਾ ਜੀ ਮਾਤਾ ਜੀ ਦਾ ਇਹ ਮੇਲਾ ਮੇਰੇ ਪਿੰਡ ਮਾਇਸਰਖਾਨਾ ਵਿਖੇ ਲੱਗਿਆ ਕਰੇ ਤਾਂ ਕਿੰਨਾ ਚੰਗਾ ਹੋਵੇਗਾ। ਬਾਬਾ ਕਮਾਲੂ ਸੰਤਾਂ ਵਾਸਤੇ ਹਰ ਰੋਜ਼ ਮਾਇਸਰਖਾਨੇ ਤੋਂ ਨਥਾਣੇ ਦੁੱਧ ਲੈ ਕੇ ਜਾਇਆ ਕਰਦਾ ਸੀ। ਇਕ ਦਿਨ ਜਦੋਂ ਬਾਬਾ ਜੀ ਨਥਾਣੇ ਦੁੱਧ ਲੈ ਕੇ ਗਏ ਤਾਂ ਬਾਬਾ ਕਾਲੂ ਨਾਥ ਕੋਲ ਕੋਹੜੀਆਂ ਦੀ ਇਕ ਟੋਲੀ ਆਈ ਸੀ ਜੋ ਬਾਬਾ ਜੀ ਤੋਂ ਅਸ਼ੀਰਵਾਦ ਲੈ ਕੇ ਆਪਣਾ ਕੋਹੜ ਠੀਕ ਕਰਵਾਉਣ ਆਏ ਸਨ। ਬਾਬਾ ਕਾਲੂ ਨਾਥ ਨੇ ਕਮਾਲੂ ਦਾ ਲਿਆਂਦਾ ਹੋਇਆ ਦੁੱਧ ਉਨ੍ਹਾਂ ਕੋਹੜੀਆਂ ਨੂੰ ਦੇ ਦਿੱਤਾ ਅਤੇ ਕੋਹੜੀਆਂ ਦਾ ਬਚਿਆ ਦੁੱਧ ਇਕੱਠਾ ਕਰਕੇ ਬਾਬਾ ਕਾਲੂ ਨਾਥ ਨੂੰ ਪੀਣ ਲਈ ਦੇ ਦਿੱਤਾ। ਬਾਬਾ ਕਮਾਲੂ ਨੇ ਉਹ ਜੂਠਾ ਦੁੱਧ ਗਲਾਨੀ ਕਰਕੇ ਪੀਣ ਦੀ ਥਾਂ ਉੱਥੇ ਕੋਲ ਖੜ੍ਹੇ ਸੁੱਕੇ ਜੰਡ ਦੇ ਦਰੱਖ਼ਤ ਵਿਚ ਡੋਲ੍ਹ ਦਿੱਤਾ। ਦੁੱਧ ਡੁੱਲ੍ਹਦੇ ਸਾਰ ਹੀ ਉਹ ਜੰਡ ਦਾ ਸੁੱਕਾ ਦਰੱਖ਼ਤ ਹਰਿਆ ਭਰਿਆ ਹੋ ਗਿਆ ਅਤੇ ਕੋਹੜੀਆਂ ਦਾ ਰੋਗ ਠੀਕ ਹੋ ਗਿਆ। ਦੁੱਧ ਡੋਲ੍ਹਣ ਪਿੱਛੋਂ ਬਾਬਾ ਕਾਲੂ ਨਾਥ ਨੇ ਬਾਬਾ ਕਮਾਲੂ ਦਾਸ ਨੂੰ ਕਿਹਾ ਕਿ ਕਮਲਿਆ ਕਮਾਲੂਆ ਤੂੰ ਇਹ ਕੀ ਕੀਤਾ ਮੈਂ ਤੈਨੂੰ ਇਸ ਵਿਚ ਰਿਧੀਆਂ ਸਿੱਧੀਆਂ ਪਾ ਕੇ ਦਿੱਤੀਆਂ ਸਨ ਪਰ ਤੇਰੇ ਕਰਮਾਂ ਵਿਚ ਨਹੀਂ ਸਨ। ਬਾਬਾ ਕਾਲੂ ਨਾਥ ਕਮਾਲੂ 'ਤੇ ਕ੍ਰੋਧਿਤ ਹੋ ਗਏ ਤੇ ਆਪਣੀ ਤਪੱਸਿਆ ਵਿਚ ਲੀਨ ਹੋ ਗਏ।

ਬਾਬਾ ਕਮਾਲੂ ਦਾਸ ਬਹੁਤ ਉਦਾਸ ਹੋ ਕੇ ਬਾਬਾ ਕਾਲੂ ਨਾਥ ਕੋਲ ਪਿੰਡ ਨਥਾਣੇ ਰਹਿਣ ਲੱਗ ਪਏ। ਦੂਜੇ ਪਾਸੇ ਜਦੋਂ ਬਾਬਾ ਕਮਾਲੂ ਨਾਥ ਬਿਰਧ ਅਵਸਥਾ ਵਿਚ ਪਹੁੰਚ ਗਏ ਤਾਂ ਉਹ ਮਾਤਾ ਜੀ ਦੇ ਦਰਸ਼ਨ ਕਰਨ ਜਵਾਲਾ ਜੀ ਨਹੀਂ ਜਾ ਸਕਦੇ ਸੀ ਤਾਂ ਉਨ੍ਹਾਂ ਨੇ ਮਾਤਾ ਜੀ ਨੂੰ ਬੇਨਤੀ ਕੀਤੀ ਕਿ ਮਾਤਾ ਜੀ ਮੈਨੂੰ ਮੇਰੇ ਪਿੰਡ ਆ ਕੇ ਦਰਸ਼ਨ ਦਿਓ। ਇਕ ਦਿਨ ਬਾਬਾ ਕਾਲੂ ਨਾਥ ਨੇ ਸਮਾਧੀ ਖੋਲ੍ਹੀ ਅਤੇ ਬਾਬਾ ਕਮਾਲੂ ਨੂੰ ਕਿਹਾ ਕਿ ਜਾ ਹੁਣ ਤੂੰ ਆਪਣੇ ਪਿੰਡ ਮਾਇਸਰਖਾਨੇ ਜਾ ਉੱਥੇ ਮਾਤਾ ਜਵਾਲਾ ਜੀ ਕੋਹੜਨ ਦੇ ਰੂਪ ਵਿਚ ਆਈ ਹੋਈ ਹੈ ਹੁਣ ਗ਼ਲਤੀ ਨਾ ਕਰੀਂ। ਬਾਬਾ ਕਮਾਲੂ ਨਥਾਣੇ ਤੋਂ ਮਾਇਸਰਖਾਨਾ ਪੁੱਜਾ ਉਸ ਸਮੇਂ ਚਾਰੇ ਪਾਸੇ ਹਨੇਰਾ ਸੀ ਤੇਜ਼ ਹਵਾ ਚੱਲ ਰਹੀ ਸੀ। ਇਕ ਬਜ਼ੁਰਗ ਔਰਤ ਬੈਲ ਗੱਡੀ ਵਿਚ ਬੈਠੀ ਸੀ। ਬਾਬਾ ਕਮਾਲੂ ਉਸ ਬਜ਼ੁਰਗ ਔਰਤ ਦੇ ਪੈਰਾਂ ਵਿਚ ਡਿੱਗ ਪਿਆ। ਬਜ਼ੁਰਗ ਔਰਤ ਉਸਨੂੰ ਕਹਿਣ ਲੱਗੀ ਕਿ ਮੈਨੂੰ ਕੋਹੜ ਦੀ ਬਿਮਾਰੀ ਹੈ ਤੈਨੂੰ ਲੱਗ ਜਾਵੇਗੀ ਤੂੰ ਪਿੱਛੇ ਹੱਟਜਾ, ਪ੍ਰੰਤੂ ਭਗਤ ਕਮਾਲੂ ਬਾਬਾ ਕਾਲੂ ਨਾਥ ਦੀ ਗੱਲ ਮੰਨ ਕੇ ਪਿੱਛੇ ਨਹੀਂ ਹਟਿਆ ਅਤੇ ਮਾਤਾ ਨੂੰ ਅਸ਼ੀਰਵਾਦ ਦੇਣ ਲਈ ਆਖਣ ਲੱਗਾ। ਵਾਰ-ਵਾਰ ਕਹਿਣ 'ਤੇ ਮਾਤਾ ਜੀ ਨੇ ਆਪਣੇ ਅਸਲੀ ਰੂਪ ਵਿਚ ਦਰਸ਼ਨ ਦਿੱਤੇ ਅਤੇ ਭਗਤ ਕਮਾਲੂ ਨੂੰ ਵਰ ਮੰਗਣ ਲਈ ਕਿਹਾ।

ਭਗਤ ਕਮਾਲੂ ਨੇ ਮਾਤਾ ਜੀ ਨੂੰ ਸਾਲ ਵਿਚ ਇਕ ਵਾਰੀ ਮਾਇਸਰਖਾਨੇ ਦਰਸ਼ਨ ਦੇਣ ਨੂੰ ਕਿਹਾ ਪ੍ਰੰਤੂ ਮਾਤਾ ਜੀ ਨੇ ਕਿਹਾ ਕਿ ਉਹ ਸਾਲ ਵਿਚ ਦੋ ਵਾਰ ਅੱਸੂ ਅਤੇ ਚੇਤ ਦੇ ਨਵਰਾਤਿਆਂ ਦੀ ਛਟ ਨੂੰ ਇੱਥੇ ਆ ਕੇ ਦਰਸ਼ਨ ਦਿਆ ਕਰਾਂਗੀ ਜੋ ਵੀ ਭਗਤ ਇੱਥੇ ਮੇਰੇ ਦਰਸ਼ਨ ਕਰੇਗਾ ਉਸਦੀ ਸਭ ਮਨੋਕਾਮਨਾ ਪੂਰੀ ਹੋਵੇਗੀ।

ਇਸੇ ਤਰ੍ਹਾਂ ਇੱਥੇ ਅੱਸੂ ਅਤੇ ਚੇਤ ਦੇ ਨਰਾਤਿਆਂ ਦੀ ਛਟ ਨੂੰ ਭਾਰੀ ਮੇਲਾ ਲਗਦਾ ਹੈ। ਇਸ ਮੰਦਰ ਵਿਖੇ ਹਰ ਧਰਮ ਦੇ ਲੋਕ ਮੱਥਾ ਟੇਕਣ ਆਉਂਦੇ ਹਨ। ਇੱਥੇ ਗੰਢਜੋੜੇ ਅਤੇ ਨਵ ਜਨਮੇ ਬੱਚਿਆਂ ਦੀ ਝੰਡ ਦੀ ਸੁੱਖ ਵੀ ਪੂਰੀ ਹੁੰਦੀ ਹੈ। ਇੱਥੇ ਇਕ ਮਿੱਟੀ ਦਾ ਟਿੱਲਾ ਵੀ ਬਣਿਆ ਹੋਇਆ ਹੈ ਜਿੱਥੇ ਸ਼ਰਧਾਲੂ ਆਪਣੀ ਸੁੱਖ ਪੂਰੀ ਹੋਣ ਤੋਂ ਬਾਅਦ ਮਿੱਟੀ ਚੜ੍ਹਾਉਂਦੇ ਹਨ। ਮੰਦਰ ਵਿਖੇ ਇਕ ਬੇਰੀ ਦਾ ਪ੍ਰਾਚੀਨ ਦਰੱਖ਼ਤ ਅੱਜ ਵੀ ਮੌਜੂਦ ਹੈ। ਇਸ ਤੋਂ ਇਲਾਵਾ ਮੰਦਰ ਅੰਦਰ ਇਕ ਬੋਹੜ ਦਾ ਦਰੱਖ਼ਤ ਵੀ ਹੈ ਅਤੇ ਮੰਦਰ ਦੇ ਸਾਹਮਣੇ ਇਕ ਸੁੰਦਰ ਸਰੋਵਰ ਵੀ ਹੈ। ਜਿਸ ਵਿਚ ਇਸ਼ਨਾਨ ਕਰਦੇ ਹਨ।

ਮੰਦਰ ਦੇ ਅੰਦਰ ਬਾਬਾ ਕਮਾਲੂ ਨਾਥ ਦੀ ਸੁੰਦਰ ਸਮਾਧੀ ਵੀ ਬਣੀ ਹੋਈ ਹੈ। ਮੰਦਰ ਅੰਦਰ ਸੁੰਦਰ ਸੇਜ ਘਰ ਅਤੇ ਯੱਗਸ਼ਾਲਾ ਬਣੀ ਹੋਈ ਹੈ। ਮੰਦਰ 'ਚ ਜਵਾਲਾ ਜੀ ਦੀ ਪਵਿੱਤਰ ਜੋਤ ਅਖੰਡ ਰੂਪ ਵਿਚ ਚੱਲ ਰਹੀ ਹੈ। ਮਾਨਤਾ ਹੈ ਕਿ ਨਵਰਾਤਿਆਂ ਦੀ ਛਟ ਨੂੰ ਮਾਤਾ ਜੀ ਜਵਾਲਾ ਜੀ ਤੋਂ ਆ ਕੇ ਇਸ ਜੋਤ ਵਿਚ ਪ੍ਰਵੇਸ਼ ਕਰਦੇ ਹਨ। ਇਸ ਦਾ ਪ੍ਰਬੰਧ ਸ੍ਰੀ ਸਨਾਤਨ ਧਰਮ ਪੰਜਾਬ ਮਹਾਂਵੀਰ ਦਲ ਵੱਲੋਂ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਪਿੰਡ ਵਿਚ ਸੁੰਦਰ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੈ। •

*ਮੰਦਰ ਦੇ ਪੁਰਾਣੇ ਇਤਿਹਾਸ ਮੁਤਾਬਿਕ ਸੰਨ 1515 ਈ. ਵਿਚ ਪਿੰਡ ਦਾ ਇਕ ਕਿਸਾਨ ਬਾਬਾ ਕਮਾਲੂ ਦਾਸ, ਬਾਬਾ ਕਾਲੂ ਰਾਮ ਨਥਾਣੇ ਵਾਲੇ ਦਾ ਚੇਲਾ ਸੀ। ਉਹ ਬਾਬਾ ਜੀ ਨਾਲ ਹਰ ਸਾਲ ਮਾਤਾ ਦੇ ਦਰਸ਼ਨ ਕਰਨ ਜਵਾਲਾ ਜੀ ਜਾਇਆ ਕਰਦਾ ਸੀ...*

ਕੌਮੀ ਪਤ੍ਰਿਕਾ

# ਦੁੱਧ 'ਚ ਤੁਲਸੀ ਦੀਆਂ 3-4 ਪੱਤੀਆਂ ਉਬਾਲ ਕੇ ਪੀਣ ਨਾਲ ਹੋਣਗੇ ਹੈਰਾਨੀਜਨਕ ਫ਼ਾਇਦੇ

ਸਰੀਰ ਨੂੰ ਸਿਹਤਮੰਦ ਰੱਖਣ ਲਈ ਦੁੱਧ ਦੀ ਵਰਤੋਂ ਕਰਨੀ ਚਾਹੀਦੀ ਹੈ। ਦੁੱਧ 'ਚ ਪਾਏ ਜਾਣ ਵਾਲਾ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ। ਇਸ ਤੋਂ ਇਲਾਵਾ ਤੁਲਸੀ ਦੇ ਪੱਤੇ ਖਾਣਾ ਜਾਂ ਉਨ੍ਹਾਂ ਦਾ ਕਿਸੇ ਤਰ੍ਹਾਂ ਸੇਵਨ ਕਰਨਾ ਵੀ ਸਿਹਤ ਲਈ ਬਹੁਤ ਫ਼ਾਇਦੇਮੰਦ ਸਿੱਧ ਹੁੰਦਾ ਹੈ। ਬਹੁਤ ਸਾਰੇ ਲੋਕ ਅਜਿਹੇ ਹਨ, ਜੋ ਤੁਲਸੀ ਵਾਲੀ ਚਾਹ ਪੀਣ ਦੇ ਸ਼ੌਕਿਨ ਹਨ। ਜੇਕਰ ਦੁੱਧ ਅਤੇ ਤੁਲਸੀ ਦੀਆਂ ਪੱਤੀਆਂ ਨੂੰ ਮਿਲਾ ਕੇ ਪੀਤਾ ਜਾਵੇ ਤਾਂ ਸਰੀਰ ਨੂੰ ਦੁੱਗੁਣਾ ਫ਼ਾਇਦਾ ਹੋਵੇਗਾ। ਇਸ ਲਈ ਦੁੱਧ ਨੂੰ ਉਬਾਲਦੇ ਸਮੇਂ ਉਸ 'ਚ ਤੁਲਸੀ ਦੀਆਂ 3-4 ਪੱਤੀਆਂ ਮਿਲਾ ਲਓ ਅਤੇ ਖਾਲੀ ਢਿੱਡ ਪੀਓ। ਅਜਿਹਾ ਕਰਨ ਨਾਲ ਸਰੀਰ ਦੀਆਂ ਕਈ ਬੀਮਾਰੀਆਂ ਦੂਰ ਹੋ ਜਾਂਦੀਆਂ ਹਨ। ਤੁਲਸੀ ਵਾਲਾ ਦੁੱਧ ਪੀਣ ਨਾਲ ਹੋਰ ਕਿਹੜੇ ਫ਼ਾਇਦੇ ਹੁੰਦੇ ਹਨ ਆਓ ਜਾਣਦੇ ਹਾਂ....

**1. ਤਣਾਅ ਤੋਂ ਮੁਕਤੀ**
ਭੱਜਦੌੜ ਭਰੀ ਜ਼ਿੰਦਗੀ ਵਿੱਚ ਲੋਕਾਂ ਨੂੰ ਤਣਾਅ ਰਹਿੰਦਾ ਹੈ। ਤਣਾਅ ਕਾਰਨ ਲੋਕਾਂ ਨੂੰ ਰਾਤ ਦੇ ਸਮੇਂ ਸਹੀਂ ਨੀਂਦ ਵੀ ਨਹੀਂ ਆਉਂਦੀ, ਜਿਸ ਕਰਕੇ ਗੰਭੀਰ ਬੀਮਾਰੀਆਂ ਹੋ ਸਕਦੀਆਂ ਹਨ। ਅਜਿਹੇ ਵਿੱਚ ਜੇ ਗਰਮ ਦੁੱਧ ਵਿੱਚ ਤੁਲਸੀ ਮਿਲਾ ਕੇ ਪੀਤਾ ਜਾਵੇ ਤਾਂ ਇਸ ਨਾਲ ਕਾਫ਼ੀ ਫ਼ਾਇਦਾ ਹੁੰਦਾ ਹੈ। ਇਸ ਸਰੀਰ ਵਿੱਚ ਸਟ੍ਰੈਸ ਹਾਰਮੋਨ ਨੂੰ ਘੱਟ ਕਰਦਾ ਹੈ ਅਤੇ ਡਿਪ੍ਰੈਸ਼ਨ ਤੋਂ ਬਚਾਉਂਦਾ ਹੈ।

**2. ਅਸਥਮਾ ਜਾਂ ਸਾਹ ਸੰਬੰਧੀ ਸਮੱਸਿਆ**
ਜਿਨ੍ਹਾਂ ਲੋਕਾਂ ਨੂੰ ਅਸਥਮਾ ਜਾਂ ਸਾਹ ਸੰਬੰਧੀ ਕੋਈ ਸਮੱਸਿਆ ਹੈ ਤਾਂ ਉਸ ਦੇ ਲਈ ਤੁਲਸੀ ਵਾਲਾ ਦੁੱਧ ਬਹੁਤ ਫ਼ਾਇਦੇਮੰਦ ਹੁੰਦਾ ਹੈ ਇਸ ਵਿੱਚ ਮੌਜੂਦ ਐਂਟੀ-ਬੈਕਟੀਰਿਅਲ ਗੁਣ ਸਾਹ ਨਾਲ ਜੁੜੀ ਸਮੱਸਿਆ ਨੂੰ ਕੁਝ ਹੀ ਦਿਨਾਂ ਵਿੱਚ ਠੀਕ ਕਰ ਦਿੰਦਾ ਹੈ।

**3. ਕਿਡਨੀ ਦੀ ਸਮੱਸਿਆ**
ਗੁਰਦੇ ਵਿੱਚ ਪੱਥਰੀ ਜਾਂ ਕਿਡਨੀ ਦੀ ਕੋਈ ਹੋਰ ਬੀਮਾਰੀ ਹੋਣ 'ਤੇ ਵੀ ਇਹ ਦੁੱਧ ਬਹੁਤ ਫ਼ਾਇਦਾ ਦਿੰਦਾ ਹੈ। ਰੋਜ਼ਾਨਾ ਸਵੇਰੇ ਖਾਲੀ ਪੇਟ ਇਸ ਦੁੱਧ ਦੀ ਵਰਤੋਂ ਨਾਲ ਕਿਡਨੀ ਸਿਹਤਮੰਦ ਰਹਿੰਦੀ ਹੈ ਅਤੇ ਪੱਥਰੀ ਵੀ ਘੁੱਲ ਕੇ ਬਾਹਰ ਨਿਕਲ ਆਉਂਦੀ ਹੈ।

**4. ਖੂਨ ਦਾ ਦੌਰਾ**
ਤੁਲਸੀ ਵਾਲੇ ਦੁੱਧ ਦੀ ਵਰਤੋਂ ਨਾਲ ਸਰੀਰ ਵਿੱਚ ਕੋਲੈਸਟਰੋਲ ਲੇਵਲ ਸੰਤੁਲਿਤ ਰਹਿੰਦਾ ਹੈ, ਜਿਸ ਨਾਲ ਦਿਲ ਦੀਆਂ ਕੋਸ਼ਿਕਾਵਾਂ ਤੱਕ ਖੂਨ ਦਾ ਦੌਰਾ ਸਹੀ ਤਰੀਕੇ ਨਾਲ ਚਲਦਾ ਹੈ। ਇਸ ਨਾਲ ਹਾਰਟ ਅਟੈਕ ਹੋਣ ਦਾ ਖਤਰਾ ਨਹੀਂ ਰਹਿੰਦਾ ਹੈ।





**5. ਕੈਂਸਰ**
ਤੁਲਸੀ ਵਾਲੇ ਦੁੱਧ ਵਿੱਚ ਮੌਜੂਦ ਐਂਟੀਬਾਓਟਿਕ ਅਤੇ ਐਂਟੀਆਕਸੀਡੇਂਟ ਗੁਣ ਸਰੀਰ ਦੀ ਰੋਗਾਂ ਨਾਲ ਲੜਣ ਦਾ [illegible] ਨਾਲ ਕੈਂਸਰ ਵਰਗੀਆਂ ਬੀਮਾਰੀਆਂ ਤੋਂ ਸਰੀਰ ਦੂਰ ਰਹਿੰਦਾ ਹੈ।

**6. ਬੁਖਾਰ**
ਮੌਸਮ ਬਦਲਣ ਨਾਲ ਲੋਕਾਂ ਨੂੰ ਵਾਇਰਲ ਬੁਖਾਰ ਹੋ ਜਾਂਦਾ ਹੈ। ਅਜਿਹੇ ਵਿੱਚ ਤੁਲਸੀ ਵਾਲਾ ਦੁੱਧ ਬੁਖਾਰ ਨਾਲ ਲੜਨ ਵਿੱਚ ਮਦਦ ਕਰਦਾ ਹੈ। ਇਸ ਲਈ ਦੁੱਧ ਵਿੱਚ ਥੋੜ੍ਹੀ ਜਿਹੀਆਂ ਤੁਲਸੀ ਦੀਆਂ ਪੱਤੀਆਂ ਅਤੇ ਛੋਟੀ ਇਲਾਦਿਚੀ ਪਾਊਡਰ ਮਿਲਾ ਕੇ ਉਬਾਲ ਲਓ। ਉਬਲਣ ਤੋਂ ਬਾਅਦ ਇਸ ਵਿੱਚ ਖੰਡ ਮਿਲਾ ਕੇ ਕਾੜ੍ਹਾ ਬਣਾ ਲਓ। ਹਰ 2-3 ਘੰਟੇ ਬਾਅਦ ਇਸ ਦੀ ਵਰਤੋਂ ਕਰਨ ਨਾਲ ਬੁਖਾਰ ਜਲਦੀ ਉਤਰ ਜਾਵੇਗਾ।

**7. ਫ਼ਲੂ**
ਫ਼ਲੂ ਹੋ ਜਾਣ 'ਤੇ ਤੁਲਸੀ ਦੇ ਪੱਤਿਆ ਨੂੰ ਦੁੱਧ 'ਚ ਮਿਲਾ ਕੇ ਪੀਣ ਨਾਲ ਆਰਾਮ ਮਿਲਦਾ ਹੈ। ਇਸ ਨਾਲ ਮਰੀਜ਼ ਨੂੰ ਜਲਦੀ ਠੀਕ ਹੋ ਜਾਣ ਦੀ ਸ਼ਕਤੀ ਪ੍ਰਦਾਨ ਹੁੰਦੀ ਹੈ।

**8. ਦਿਲ ਨੂੰ ਰੱਖੇ ਸਿਹਤਮੰਦ**
ਜਿਨ੍ਹਾਂ ਲੋਕਾਂ ਨੂੰ ਦਿਲ ਸਬੰਧੀ ਕੋਈ ਵੀ ਬੀਮਾਰੀ ਹੈ ਜਾਂ ਜਿਨ੍ਹਾਂ ਦੇ ਪਰਿਵਾਰ 'ਚੋ ਕਿਸੇ ਨੂੰ ਦਿਲ ਸਬੰਧੀ ਕੋਈ ਰੋਗ ਹੈ ਤਾਂ ਅਜਿਹੇ ਲੋਕਾਂ ਨੂੰ ਰੋਜ਼ ਸਵੇਰੇ ਖਾਲੀ ਪੇਟ ਤੁਲਸੀ ਵਾਲੇ ਦੁੱਧ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਨਾਲ ਉਕਤ ਲੋਕਾਂ ਨੂੰ ਬਹੁਤ ਆਰਾਮ ਮਿਲੇਗਾ।

**9. ਸਿਰ ਦਰਦ ਦੂਰ ਕਰੇ**
ਥੋੜ੍ਹੇ-ਥੋੜ੍ਹੇ ਦਿਨਾਂ ਬਾਅਦ ਜੇਕਰ ਤੁਹਾਡੇ ਸਿਰ 'ਚ ਦਰਦ ਹੋਣ ਲੱਗਦਾ ਹੈ ਤਾਂ ਤੁਹਾਨੂੰ ਤੁਲਸੀ ਵਾਲਾ ਦੁੱਧ ਛੋਟ ਕੇ ਹਰ ਰੋਜ਼ ਸਵੇਰ ਦੇ ਸਮੇਂ ਪੀਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਤੁਹਾਨੂੰ ਆਰਾਮ ਮਿਲੇਗਾ ਅਤੇ ਮਾਈਗ੍ਰੇਨ ਜਿਹੀ ਬੀਮਾਰੀ ਦੂਰ ਹੋ ਜਾਵੇਗੀ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੇਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਿਹਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਸਰਦੀਆਂ 'ਚ ਅਪਣਾਓ ਇਹ ਘਰੇਲੂ ਨੁਸਖੇ, ਦਰਦ ਅਤੇ ਸੋਜ ਦੀ ਸਮੱਸਿਆ ਹੋਵੇਗੀ ਜੜ੍ਹੋਂ ਖਤਮ

ਸਰਦੀਆਂ ਦਾ ਮੌਸਮ ਆਉਂਦੇ ਹੀ ਠੰਡੀ ਹਵਾ ਚੱਲਣ ਕਾਰਨ ਸਰਦੀ-ਜ਼ੁਕਾਮ ਦੇ ਨਾਲ ਸਰੀਰ 'ਚ ਦਰਦ ਦੀ ਪ੍ਰੇਸ਼ਾਨੀ ਹੋਣ ਲੱਗਦੀ ਹੈ। ਇਸ ਦੇ ਨਾਲ ਹੀ ਸਰੀਰ 'ਚ ਆਕੜ ਅਤੇ ਸੋਜ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਅਸਲ 'ਚ ਮੌਸਮ ਬਦਲਾਅ ਦੇ ਨਾਲ ਗਲਤ ਤਰੀਕੇ ਨਾਲ ਘੰਟਿਆਂ ਤੱਕ ਬੈਠਣ ਨਾਲ ਵੀ ਦਰਦ ਵਧਣ ਲੱਗਦਾ ਹੈ। ਅਜਿਹੇ 'ਚ ਬਹੁਤ ਸਾਰੇ ਲੋਕ ਇਸ ਤੋਂ ਰਾਹਤ ਪਾਉਣ ਲਈ ਦਵਾਈਆਂ ਦਾ ਸਹਾਰਾ ਲੈਣ ਲੱਗਦੇ ਹਨ। ਪਰ ਇਸ ਲਈ ਆਪਣੀ ਡੇਲੀ ਰੁਟੀਨ 'ਚ ਬਦਲਾਅ ਲਿਆਉਣ ਦੇ ਕੁੱਝ ਘਰੇਲੂ ਚੀਜ਼ਾਂ ਨੂੰ ਅਪਣਾ ਕੇ ਬਚਿਆ ਜਾ ਸਕਦਾ ਹੈ। ਤਾਂ ਚੱਲੋ ਅੱਜ ਅਸੀਂ ਤੁਹਾਨੂੰ ਕੁੱਝ ਘਰੇਲੂ ਨੁਸਖਿਆਂ ਦੇ ਬਾਰੇ 'ਚ ਦੱਸਦੇ ਹਾਂ ਜਿਸ ਨੂੰ ਅਪਣਾ ਕੇ ਤੁਸੀਂ ਸਰੀਰ 'ਚ ਹੋਣ ਵਾਲੀ ਦਰਦ ਅਤੇ ਸੋਜ ਤੋਂ ਛੁਟਕਾਰਾ ਪਾ ਸਕਦੇ ਹੋ।



**ਲੈਵੇਂਡਰ ਆਇਲ**- ਇਸ 'ਚ ਮੌਜੂਦ ਐਂਟੀ-ਆਕਸੀਡੇਂਟਸ ਦਰਦ ਅਤੇ ਸੋਜ ਨੂੰ ਘੱਟ ਕਰਨ 'ਚ ਫ਼ਾਇਦੇਮੰਦ ਹੁੰਦੇ ਹਨ। ਇਸ ਲਈ ਪਾਣੀ 'ਚ ਲੈਵੇਂਡਰ ਆਇਲ ਦੀਆਂ ਕੁੱਝ ਬੂੰਦਾਂ ਮਿਲਾ ਕੇ ਨਹਾਓ। ਇਸ ਨਾਲ ਜੋੜਾਂ ਅਤੇ ਮੋਢਿਆਂ ਦੇ ਦਰਦ ਤੋਂ ਛੁਟਕਾਰਾ ਮਿਲੇਗਾ। ਨਾਲ ਹੀ ਥਕਾਵਟ ਘੱਟ ਹੋ ਕੇ ਦਿਨ ਭਰ ਫ਼ਰੈਸ਼ ਫ਼ੀਲ ਹੋਵੇਗਾ। ਤੁਸੀਂ ਚਾਹੋ ਤਾਂ ਸੌਣ ਤੋਂ ਪਹਿਲਾ ਇਸ ਨਾਲ ਪ੍ਰਭਾਵਿਤ ਜਗ੍ਹਾ ਦੀ ਮਾਲਿਸ਼ ਵੀ ਕਰ ਸਕਦੇ ਹੋ।

**ਹਲਦੀ ਵਾਲਾ ਦੁੱਧ**- ਪੋਸ਼ਕ ਅਤੇ ਐਂਟੀ-ਆਕਸੀਡੇਂਟ ਗੁਣਾਂ ਨਾਲ ਭਰਪੂਰ ਹਲਦੀ ਔਸ਼ਦੀ ਗੁਣਾਂ ਵਾਲੀ ਮੰਨੀ ਜਾਂਦੀ ਹੈ। ਇਸ ਦੀ ਵਰਤੋਂ ਨਾਲ ਇਮਿਊਨ ਸਿਸਟਮ ਮਜ਼ਬੂਤ ਹੋਣ ਦੇ ਨਾਲ ਦਰਦ ਅਤੇ ਸੋਜ ਘੱਟ ਹੋਣ 'ਚ ਮਦਦ ਮਿਲਦੀ ਹੈ। 1 ਕੱਪ ਗਰਮ ਦੁੱਧ 'ਚ 1/4 ਛੋਟਾ ਚਮਚ ਹਲਦੀ ਮਿਲਾ ਕੇ ਪੀਣ ਨਾਲ ਦਰਦ ਅਤੇ ਸੋਜ ਦੀ ਸਮੱਸਿਆ ਤੋਂ ਰਾਹਤ ਮਿਲਦੀ ਹੈ। ਨਿਯਮਿਤ ਰੂਪ ਨਾਲ ਇਸ ਦੁੱਧ ਦੀ ਵਰਤੋਂ ਕਰਨ ਨਾਲ ਛੇਤੀ ਹੀ ਆਰਾਮ ਮਿਲਦਾ ਹੈ।

**ਅਦਰਕ**- ਅਦਰਕ 'ਚ ਐਂਟੀ-ਆਕਸੀਡੇਂਟ, ਐਂਟੀ ਇੰਫ਼ਲੇਮੈਂਟਰੀ, ਐਂਟੀ-ਵਾਇਰਸ ਗੁਣ ਹੁੰਦੇ ਹਨ। ਇਸ ਦੀ ਵਰਤੋਂ ਕਰਨ ਨਾਲ ਦਰਦ ਅਤੇ ਸੋਜ ਦੀ ਪ੍ਰੇਸ਼ਾਨੀ ਤੋਂ ਤੁਰੰਤ ਹੀ ਰਾਹਤ ਮਿਲਦੀ ਹੈ। ਇਸ ਲਈ ਤੁਸੀਂ 1 ਕੱਪ ਪਾਣੀ 'ਚ ਅਦਰਕ ਉਬਾਲ ਦੇ ਇਸ ਦਾ ਕਾੜਾ ਬਣਾ ਕੇ ਪੀ ਸਕਦੇ ਹੋ। ਨਹੀਂ ਤਾਂ ਰੋਜ਼ਾਨਾ ਦੀ ਚਾਹ 'ਚ 1 ਟੁੱਕੜਾ ਅਦਰਕ ਪਾ ਕੇ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਨਾਲ ਦਰਦ ਤੋਂ ਆਰਾਮ ਮਿਲਣ ਦੇ ਨਾਲ ਇਮਿਊਨਿਟੀ ਸਟਰਾਂਗ ਹੋਣ 'ਚ ਮਦਦ ਮਿਲੇਗੀ।

**ਸੇਂਧਾ ਨਮਕ**- ਸੇਂਧਾ ਨਮਕ 'ਚ ਸਾਰੇ ਜ਼ਰੂਰੀ ਵਿਟਾਮਿਨਸ ਅਤੇ ਮਿਨਰਲਸ ਹੁੰਦੇ ਹਨ। ਇਸ 'ਚ ਮੌਜੂਦ ਮੈਗਨੀਸ਼ੀਅਨ ਸਲਫ਼ੇਟ ਦੇ ਤੱਤ ਸਰੀਰ 'ਚ ਦਰਦ ਅਤੇ ਸੋਜ ਦੀ ਸਮੱਸਿਆ ਨੂੰ ਘੱਟ ਫ਼ਾਇਦੇਮੰਦ ਹੁੰਦਾ ਹੈ। ਅਜਿਹੇ 'ਚ ਸੋਜ ਅਤੇ ਦਰਦ ਵਾਲੀ ਥਾਂ 'ਤੇ ਨਮਕ ਦਾ ਸੇਕ ਕਰਨ ਨਾਲ ਆਰਾਮ ਮਿਲਦਾ ਹੈ। ਇਸ ਦੇ ਇਲਾਵਾ ਟੱਬ 'ਚ ਗਰਮ ਪਾਣੀ ਅਤੇ 1 ਚਮਚ ਨਮਕ ਮਿਲਾ ਕੇ ਉਸ 'ਚ ਹੱਥਾਂ-ਪੈਰਾਂ ਨੂੰ ਡੁਬਾਉਣ ਨਾਲ ਵੀ ਰਾਹਤ ਮਿਲਦੀ ਹੈ। ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੇਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਿਹਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਸਰੀਰ ਲਈ ਲਾਹੇਵੰਦ ਹੈ ਕੜ੍ਹੀ ਪੱਤਾ, ਜਾਣੋ ਹੋਰ ਵੀ ਫ਼ਾਇਦੇ

ਤੁਹਾਡੀ ਰਸੋਈ 'ਚੋਂ ਅਕਸਰ ਕੜ੍ਹੀ ਪੱਤਾ ਮਿਲ ਜਾਂਦਾ ਹੈ ਜਿਸ ਦਾ ਇਸਤੇਮਾਲ ਤੁਸੀਂ ਆਪਣੇ ਭੋਜਨ 'ਚ ਕਰਦੇ ਹੋ ਪਰ ਕੜ੍ਹੀ ਪੱਤਾ ਸਿਰਫ਼ ਤੁਹਾਡੇ ਭੋਜਨ ਲਈ ਹੀ ਨਹੀਂ ਵਰਤਿਆ ਜਾਂਦਾ ਬਲਕਿ ਇਸ ਨਾਲ ਸਰੀਰ ਨੂੰ ਕਈ ਹੋਰ ਫ਼ਾਇਦੇ ਵੀ ਹੁੰਦੇ ਹਨ। ਕੜ੍ਹੀ ਪੱਤੇ ਤੁਹਾਡੀ ਚਮੜੀ, ਤੁਹਾਡੇ ਵਾਲਾਂ ਅਤੇ ਤੁਹਾਡੇ ਪੂਰੇ ਸਰੀਰ ਲਈ ਬਹੁਤ ਫ਼ਾਇਦੇਮੰਦ ਹੁੰਦੇ ਹਨ। ਤੁਸੀਂ ਇਸ ਨੂੰ ਆਪਣੇ ਖਾਣੇ ਤੋਂ ਇਲਾਵਾ ਹੋਰ ਤਰੀਕਿਆਂ ਨਾਲ ਵੀ ਇਸ ਦਾ ਇਸਤੇਮਾਲ ਕਰ ਸਕਦੇ ਹੋ ਜਿਸ ਨਾਲ **ਤੁਹਾਨੂੰ ਬਹੁਤ ਸਾਰੇ ਫ਼ਾਇਦੇ ਹੋਣਗੇ। ਅੱਜ ਅਸੀਂ ਤੁਹਾਨੂੰ ਕੜ੍ਹੀ ਪੱਤਿਆਂ ਦੇ ਫ਼ਾਇਦਿਆਂ ਬਾਰੇ ਦਸਾਂਗੇ: ਸਰੀਰ ਰੱਖੇ ਤੰਦਰੁਸਤ**

ਕੜ੍ਹੀ ਪੱਤੇ 'ਚ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜੋ ਸਾਡੇ ਸਰੀਰ ਨੂੰ ਤੰਦਰੁਸਤ ਰੱਖਣ 'ਚ ਸਹਾਇਤਾ ਕਰਦੀਆਂ ਹਨ। ਇਸ 'ਚ ਆਇਰਨ, ਕੈਲਸ਼ੀਅਮ, ਫ਼ਾਸਫ਼ੋਰਸ ਅਤੇ ਹੋਰ ਬਹੁਤ ਸਾਰੇ ਵਿਟਾਮਿਨ ਹੁੰਦੇ ਹਨ ਜੋ ਸਰੀਰ ਨੂੰ ਅਨੀਮੀਆ, ਹਾਈ ਬਲੱਡ ਪ੍ਰੈੱਸ਼ਰ, ਸ਼ੂਗਰ ਵਰਗੀਆਂ ਬੀਮਾਰੀਆਂ ਤੋਂ ਬਚਾ ਸਕਦੇ ਹਨ। ਇੰਨਾ ਹੀ ਨਹੀਂ, ਇਸ 'ਚ ਵਿਟਾਮਿਨ ਵੀ ਹੁੰਦੇ ਹਨ ਜੋ ਸਰੀਰ ਦੀਆਂ ਕਈ ਬੀਮਾਰੀਆਂ ਨੂੰ ਦੂਰ ਕਰਦੇ ਹਨ। ਜੇ ਤੁਸੀਂ ਕੜ੍ਹੀ ਪੱਤੇ ਦੀ ਵਰਤੋਂ ਖ਼ਾਲੀ ਪੇਟ ਕਰਦੇ ਹੋ ਤਾਂ ਤੁਹਾਡੇ ਸਰੀਰ ਨੂੰ ਲਾਭ ਹੋਵੇਗਾ।

**ਭਾਰ ਕਰੇ ਕੰਟਰੋਲ**
ਕੜ੍ਹੀ ਪੱਤੇ ਦੀ ਵਰਤੋਂ ਕਰਨ ਨਾਲ ਤੁਹਾਡਾ ਭਾਰ ਕੰਟਰੋਲ 'ਚ ਰਹਿੰਦਾ ਹੈ ਅਤੇ ਤੁਹਾਡਾ ਭਾਰ ਨਹੀਂ ਵੱਧਦਾ। ਇਹ ਤੁਹਾਡੇ ਕੈਲੇਸਟੋਰਲ ਨੂੰ ਵੀ ਕੰਟਰੋਲ 'ਚ ਰੱਖਦਾ ਹੈ। ਕੜ੍ਹੀ ਪੱਤੇ ਤੁਹਾਡੇ ਸਰੀਰ 'ਚ ਖ਼ੂਨ ਦੀ ਕਮੀ ਨੂੰ ਪੂਰਾ ਕਰਦੇ ਹਨ, ਇਸ ਦੀ ਵਰਤੋਂ ਨਾਲ ਤੁਹਾਡੇ ਸਰੀਰ ਨੂੰ ਬਹੁਤ ਲਾਭ ਹੁੰਦਾ ਹੈ ਕਿਉਂਕਿ ਇਸ 'ਚ ਆਇਰਨ ਅਤੇ ਫ਼ੋਲਿਕ ਐਸਿਡ ਦੀ ਬਹੁਤ ਮਾਤਰਾ ਹੁੰਦੀ ਹੈ। ਜੇ ਤੁਸੀਂ ਖ਼ਾਲੀ ਪੇਟ ਕੜ੍ਹੀ ਪੱਤੇ ਦੀ ਵਰਤੋਂ ਕਰਦੇ ਹੋ ਤਾਂ ਇਸ ਨਾਲ ਤੁਹਾਡੀ ਪਾਚਣ ਸ਼ਕਤੀ ਵੱਧਦੀ ਹੈ। ਇੰਨਾ ਹੀ ਨਹੀਂ ਕੜ੍ਹੀ ਪੱਤੇ ਖਾਣ ਨਾਲ ਤੁਹਾਨੂੰ ਕਬਜ਼ ਤੋਂ ਵੀ



ਰਾਹਤ ਮਿਲਦੀ ਹੈ।

**ਦਿਲ ਦੀਆਂ ਬੀਮਾਰੀਆਂ ਤੋਂ ਰਾਹਤ**
ਕਈ ਵਾਰ ਸਵੇਰੇ ਉਠਣ ਤੋਂ ਬਾਅਦ ਸਾਡਾ ਜੀ ਬਹੁਤ ਮਚਲਾਉਂਦਾ ਹੈ ਅਤੇ ਸਾਨੂੰ ਉਲਟੀ ਜਿਹਾ ਮਹਿਸੂਸ ਹੋਣ ਲੱਗਦੀ ਹੈ। ਅਜਿਹੇ 'ਚ ਜੇ ਤੁਸੀਂ ਸਵੇਰੇ ਖ਼ਾਲੀ ਪੇਟ ਕੜ੍ਹੀ ਪੱਤੇ ਦੀ ਵਰਤੋਂ ਕਰੋ ਤਾਂ ਤੁਸੀਂ ਇਸ ਤੋਂ ਵੀ ਛੁਟਕਾਰਾ ਪਾ ਸਕਦੇ ਹੋ। ਕੜ੍ਹੀ ਪੱਤਾ ਤੁਹਾਨੂੰ ਦਿਲ ਦੀਆਂ ਬੀਮਾਰੀਆਂ ਤੋਂ ਵੀ ਬਚਾਉਂਦਾ ਹੈ। ਇਸ 'ਚ ਮੌਜੂਦ ਐਂਟੀ-ਆਕਸੀਡੈਂਟਸ ਤੁਹਾਨੂੰ ਇਨ੍ਹਾਂ ਬੀਮਾਰੀਆਂ ਤੋਂ ਦੂਰ ਰੱਖਦੇ ਹਨ। ਇਹ ਤੁਹਾਡੇ ਕੈਲੈਸਟਰੋਲ ਨੂੰ ਵੀ ਕੰਟਰੋਲ 'ਚ ਰੱਖਦਾ ਹੈ। ਜੇ ਤੁਸੀਂ ਕੜ੍ਹੀ ਪੱਤੇ ਨੂੰ ਪੀਸ ਕੇ ਇਸ 'ਚ ਸ਼ਹਿਦ ਮਿਲਾ ਕੇ ਖਾਉਗੇ ਤਾਂ ਤੁਹਾਨੂੰ ਕਫ਼ ਤੋਂ ਰਾਹਤ ਮਿਲੇਗੀ ਅਤੇ ਘੰਘ ਤੁਹਾਡੇ ਆਲੇ-ਦੁਆਲੇ ਵੀ ਨਹੀਂ ਫ਼ਟਕੇਗੀ। ਜੇ ਤੁਸੀਂ ਲੰਮੇ ਸਮੇਂ ਤੋਂ ਚਮੜੀ ਦੀ ਸਮੱਸਿਆ ਨਾਲ ਜੂਝ ਰਹੇ ਹੋ ਜਾਂ ਤੁਹਾਡੇ ਚਿਹਰੇ 'ਤੇ ਕਿੱਲ ਛਾਈਆਂ ਹਨ ਤਾਂ ਤੁਹਾਨੂੰ ਹਰ ਰੋਜ਼ ਕੜ੍ਹੀ ਪੱਤੇ ਚਬਾਉਣੇ ਚਾਹੀਦੇ ਹਨ ਅਤੇ ਇਸ ਦਾ ਪੇਸਟ ਬਣਾ ਕੇ ਆਪਣੇ ਚਿਹਰੇ 'ਤੇ ਲਗਾਓ। ਕੜ੍ਹੀ ਪੱਤਿਆਂ ਦਾ ਇੱਕ ਵੱਡਾ ਲਾਭ ਇਹ ਵੀ ਹੈ ਕਿ ਇਹ ਤੁਹਾਡੇ ਵਾਲਾਂ ਨੂੰ ਮਜ਼ਬੂਤ ਬਣਾਉਂਦਾ ਹੈ। ਜੇ ਤੁਸੀਂ ਇਸ ਦੀ ਵਰਤੋਂ ਨਾਰੀਅਲ ਦੇ ਤੇਲ ਨਾਲ ਕਰਦੇ ਹੋ ਤਾਂ ਇਸ ਨਾਲ ਤੁਹਾਡੇ ਵਾਲਾਂ ਦੀ ਇੱਕ ਤਰ੍ਹਾਂ ਨਾਲ ਮਾਲਿਸ਼ ਹੋ ਜਾਂਦੀ ਹੈ। ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੇਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਿਹਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਸੂਗਰ ਤੇ ਭਾਰ ਘੱਟ ਕਰਨ 'ਚ ਲਾਹੇਵੰਦ ਹੁੰਦੇ ਨੇ 'ਮੇਥੀ ਦੇ ਦਾਣੇ',

ਖਾਣਾ ਬਣਾਉਣ ਦੀਆਂ ਚੀਜ਼ਾਂ 'ਚ ਅਕਸਰ ਮੇਥੀ ਦੇ ਦਾਣੇ ਵਰਤੇ ਜਾਂਦੇ ਹਨ। ਮੇਥੀ 'ਚ ਪ੍ਰੋਟੀਨ, ਵਿਟਾਮਿਨ, ਕੈਲਸ਼ੀਅਮ ਵਰਗੇ ਕਈ ਤੱਤ ਪਾਏ ਜਾਂਦੇ ਹਨ, ਜੋ ਸਰੀਰ ਲਈ ਬੇਹੱਦ ਲਾਭਕਾਰੀ ਸਾਬਤ ਹੁੰਦੇ ਹਨ। ਇਸ ਦੇ ਸੇਵਨ ਨਾਲ ਡਾਇਬਟੀਜ਼, ਹਾਈ ਬਲੱਡ ਪ੍ਰੈਸ਼ਰ ਅਤੇ ਪੇਟ ਨਾਲ ਜੁੜੀਆਂ ਕਈ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ। ਇਸ 'ਚ ਪਾਏ ਜਾਣ ਵਾਲੇ ਪੋਸ਼ਟਿਕ ਤੱਤਾਂ ਦੇ ਕਾਰਨ ਇਹ ਸਕਿਨ ਅਤੇ ਵਾਲਾਂ 'ਚ ਵੀ ਫ਼ਾਇਦੇਮੰਦ ਸਾਬਤ ਹੁੰਦੀ ਹੈ। ਅੱਜ ਅਸੀਂ ਤੁਹਾਨੂੰ ਮੇਥੀ ਦੇ ਦਾਣੇ ਖਾਣ ਦੇ ਫ਼ਾਇਦਿਆਂ ਬਾਰੇ ਹੀ ਦੱਸਣ ਜਾ ਰਹੇ ਹਾਂ। ਆਓ ਜਾਣਦੇ ਹਾਂ ਉਨ੍ਹਾਂ ਫ਼ਾਇਦਿਆਂ ਬਾਰੇ।

**ਹਾਈ ਬਲੱਡ ਪ੍ਰੈਸ਼ਰ ਕਰੇ ਕੰਟਰੋਲ**
ਮੇਥੀ ਦੇ ਦਾਣੇ ਖਾਣ ਨਾਲ ਹਾਈ ਬਲੱਡ ਪ੍ਰੈਸ਼ਰ ਵੀ ਕੰਟਰੋਲ 'ਚ ਰਹਿੰਦਾ ਹੈ। ਇਹ ਵੱਧਦੇ ਕੋਲੈਸਟਰੋਲ ਨੂੰ ਘੱਟ ਕਰਨ 'ਚ ਮਦਦ ਕਰਦੇ ਹਨ। ਮੇਥੀ ਦੇ ਦਾਣੇ ਕੋਲੈਸਟਰੋਲ ਨੂੰ ਵਧਾ ਕੇ ਖਰਾਬ ਕੋਲੈਸਟਰੋਲ ਨੂੰ ਖਤਮ ਕਰਦੇ ਹਨ, ਜਿਸ ਨਾਲ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਤੋਂ ਛੁਟਕਾਰਾ ਮਿਲਦਾ ਹੈ।

**ਸ਼ੂਗਰ ਦੇ ਮਰੀਜ਼ਾਂ ਲਈ ਲਾਹੇਵੰਦ**
ਮੇਥੀ ਦੇ ਦਾਣੇ ਸ਼ੂਗਰ ਦੇ ਮਰੀਜ਼ਾਂ ਲਈ ਵੀ ਕਾਫ਼ੀ ਲਾਹੇਵੰਦ ਹੁੰਦੇ ਹਨ। ਰੋਜ਼ਾਨਾ ਇੱਕ ਚਮਚ ਮੇਥੀ ਦੇ ਪਾਊਡਰ ਨੂੰ ਪਾਣੀ ਨਾਲ ਪੀਣ ਕਾਰਨ ਸ਼ੂਗਰ ਕੰਟਰੋਲ 'ਚ ਰਹਿੰਦੀ ਹੈ।

**ਭਾਰ ਨੂੰ ਰੱਖੇ ਕੰਟਰੋਲ**
ਮੇਥੀ ਦੇ ਦਾਣੇ ਭਾਰ ਘੱਟ ਕਰਨ 'ਚ ਵੀ ਲਾਹੇਵੰਦ ਹੁੰਦੇ ਹਨ। ਭਾਰ ਨੂੰ ਕੰਟਰੋਲ 'ਚ ਰੱਖਣ ਲਈ ਰੋਜ਼ਾਨਾ ਮੇਥੀ ਦੇ ਦਦਾਣੇ ਖਾਣੇ ਚਾਹੀਦੇ ਹਨ।

**ਪਾਚਨ ਤੰਤਰ ਕਰੇ ਮਜ਼ਬੂਤ**
ਆਇਰਨ, ਕੈਲਸ਼ੀਅਮ, ਫ਼ਾਸਫ਼ੋਰਸ ਅਤੇ ਪ੍ਰੋਟੀਨ, ਵਿਟਾਮਿਨ ਕੇ. ਆਦਿ ਤੱਤਾਂ ਨਾਲ ਭਰਪੂਰ ਮੇਥੀ ਪੇਟ ਲਈ ਬੇਹੱਦ ਫ਼ਾਇਦੇਮੰਦ ਹੁੰਦੀ ਹੈ। ਇਹ ਭੋਜਨ ਨੂੰ ਪਚਾਉਣ 'ਚ ਮਦਦ ਕਰਨ ਨਾਲ ਪਾਚਨ ਕਿਰਿਆ ਨੂੰ ਮਜ਼ਬੂਤ ਰੱਖਦਾ ਹੈ।

**ਮਜ਼ਬੂਤ ਕਰੇ ਵਾਲ**
2 ਚਮਚੇ ਮੇਥੀ ਦੇ ਦਾਣਿਆਂ 'ਚ 1-1 ਚਮਚ ਨਿੰਬੂ ਦਾ ਰਸ ਅਤੇ ਨਾਰੀਅਲ ਦਾ ਦੁੱਧ ਮਿਲਾ ਕੇ ਤਿਆਰ ਕਰੋ। ਫ਼ਿਰ ਇਸ ਨੂੰ 30 ਮਿੰਟ ਵਾਲਾਂ 'ਤੇ ਲਗਾਓ। ਅਜਿਹਾ ਕਰਨ ਦੇ ਨਾਲ ਵਾਲਾਂ ਦੀ ਸਿਕਰੀ ਦੂਰ ਹੁੰਦੀ ਹੈ ਅਤੇ ਵਾਲ ਮਜ਼ਬੂਤ ਹੁੰਦੇ ਹਨ। ਇਸ ਦੇ ਨਾਲ ਹੀ ਵਾਲ ਚਮਕਦਾਰ ਵੀ ਹੁੰਦੇ ਹਨ।



**ਚਮੜੀ ਲਈ ਲਾਹੇਵੰਦ**
ਇਸ ਨੂੰ ਚਿਹਰੇ 'ਤੇ ਲਗਾਉਣ ਨਾਲ ਚਮੜੀ ਸਬੰਧੀ ਹੋਣ ਵਾਲੀ ਕਈ ਸਮੱਸਿਆ ਤੋਂ ਰਾਹਤ ਮਿਲਦੀ ਹੈ। ਰਾਤ ਭਾਰ ਭਿਓ ਕੇ ਰੱਖਣ ਨਾਲ ਮੇਥੀ ਦੇ ਦਾਣਿਆਂ ਦਾ ਪੇਸਟ ਬਣਾ ਕੇ ਚਿਹਰੇ 'ਤੇ ਲਗਾਉਣ ਨਾਲ ਮੂੰਹ ਦੇ ਕਿਲਾਂ ਤੋਂ ਛੁਟਕਾਰਾ ਮਿਲਦਾ ਹੈ।

**ਪੀਰੀਅਡ ਦੌਰਾਨ ਹੋਣ ਵਾਲੀ ਸਮੱਸਿਆ ਤੋਂ ਦੇਵੇ ਨਿਜਾਤ**
ਮੇਥੀ ਦੇ ਦਾਣੇ ਪੀਰੀਅਡ ਦੌਰਾਨ ਹੋਣ ਵਾਲੀ ਸਮੱਸਿਆ ਤੋਂ ਵੀ ਰਾਹਤ ਦਿੰਦੇ ਹਨ। ਇਹ ਪੇਟ ਦਰਦ ਤੋਂ ਰਾਹਤ ਦਿਵਾਉਣ ਦੇ ਨਾਲ-ਨਾਲ ਸਿਰ ਦਰਦ ਅਤੇ ਥਕਾਣ ਨੂੰ ਵੀ ਦੂਰ ਕਰਦੇ ਹਨ। ਪੀਰੀਅਡ ਆਉਣ ਦੇ ਦਿਨਾਂ 'ਚ ਰੋਜ਼ਾਨਾ ਮੇਥੀ ਦੇ ਦਾਣੇ ਖਾਣੇ ਚਾਹੀਦੇ ਹਨ।

**ਐਸੀਡਿਟੀ, ਗੈਸ ਦੀ ਸਮੱਸਿਆ ਨਹੀਂ ਹੁੰਦੀ**
ਫ਼ਾਈਬਰ ਦੀ ਮਾਤਰਾ ਵੱਧ ਹੋਣ ਕਾਰਨ ਇਸ ਦੇ ਸੇਵਨ ਨਾਲ ਕਬਜ਼, ਐਸੀਡਿਟੀ, ਗੈਸ ਆਦਿ ਦੀ ਸਮੱਸਿਆ ਨਹੀਂ ਹੁੰਦੀ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੇਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਿਹਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਸਰ੍ਹੋਂ ਦਾ ਸਾਗ ਦਿਵਾਉਂਦਾ ਹੈ ਕੈਂਸਰ ਵਰਗੀਆਂ ਖਤਰਨਾਕ ਬੀਮਾਰੀਆਂ ਤੋਂ ਰਾਹਤ



ਪੰਜਾਬੀਆਂ ਦਾ ਸਰ੍ਹੋਂ ਦਾ ਸਾਗ ਸਿਰਫ਼ ਪੰਜਾਬ ਹੀ ਨਹੀਂ ਸਗੋਂ ਹੋਰ ਸੂਬਿਆਂ 'ਚ ਵੀ ਬਹੁਤ ਚਾਅ ਨਾਲ ਖਾਧਾ ਜਾਂਦਾ ਹੈ। ਇਸ ਸੁਆਦ ਡਿਸ਼ 'ਚ ਪੋਸ਼ਕ ਤੱਤ ਵੀ ਭਰਪੂਰ ਮਾਤਰਾ 'ਚ ਸ਼ਾਮਲ ਹੁੰਦੇ ਹਨ ਜੋ ਸਿਹਤ ਲਈ ਬਹੁਤ ਲਾਭਕਾਰੀ ਮੰਨੇ ਜਾਂਦੇ ਹਨ। ਇਸ 'ਚ ਪ੍ਰੋਟੀਨ ਫ਼ਾਈਬਰ ਤੋਂ ਇਲਾਵਾ ਕੈਲੋਰੀ, ਫ਼ੈਟ, ਕਾਰਬੋਹਾਈਡਰੇਟ, ਫ਼ਾਈਬਰ, ਸ਼ੂਗਰ, ਪੋਟਾਸ਼ੀਅਮ, ਵਿਟਾਮਿਨ ਏ. ਸੀ, ਡੀ, ਬੀ-12, ਮੈਗਨੀਸ਼ੀਅਮ, ਆਇਰਨ ਅਤੇ ਕੈਲਸ਼ੀਅਮ ਵਰਗੇ ਬਹੁਤ ਸਾਰੇ ਜ਼ਰੂਰੀ ਨਿਊਟਰੀਸ਼ਨਸ ਪਾਏ ਜਾਂਦੇ ਹਨ। ਆਪਣੇ ਗੁਣਾਂ ਦੇ ਕਾਰਨ ਸਾਗ ਦਾ ਜ਼ਿਕਰ ਹਰੀਆਂ ਸਬਜ਼ੀਆਂ 'ਚ ਸਭ ਤੋਂ ਪਹਿਲਾ ਕੀਤਾ ਜਾਂਦਾ ਹੈ।

**ਇਸ ਦੀ ਵਰਤੋਂ ਨਾਲ ਕੈਲੋਸੂਟਾਲ ਦਾ ਪੱਧਰ ਘੱਟ ਹੁੰਦਾ ਹੈ।**

**ਸਰ੍ਹੋਂ ਦੇ ਸਾਗ 'ਚ ਮੌਜੂਦ ਨਿਊਟਰੀਸ਼ਨ**
113 ਗ੍ਰਾਮ ਬਣੇ ਸਾਗ ਦੀ ਕੌਲੀ 'ਚ 2 ਗ੍ਰਾਮ ਪ੍ਰੋਟੀਨ ਪਾਇਆ ਜਾਂਦਾ ਹੈ। ਇਸ ਦੇ ਇਲਾਵਾ ਇਸ 'ਚ 59.9 ਕੈਲੋਰੀ, 499.5 ਮਿਲੀਗ੍ਰਾਮ ਸੋਡੀਅਮ, 6 ਗ੍ਰਾਮ ਕਾਰਬੋਹਾਈਡ੍ਰੇਟਸ, 3 ਗ੍ਰਾਮ ਸ਼ੂਗਰ, 1 ਗ੍ਰਾਮ ਫ਼ਾਈਬਰ ਪਾਇਆ ਜਾਂਦਾ ਹੈ। ਨਾਲ ਹੀ ਇਸ 'ਚ ਵਿਟਾਮਿਨ ਏ, ਸੀ, ਡੀ, ਬੀ-12, ਮੈਗਨੀਸ਼ੀਅਮ, ਆਇਰਨ ਅਤੇ ਕੈਲਸ਼ੀਅਮ ਵਰਗੇ ਤੱਤ ਵੀ ਭਰਪੂਰ ਮਾਤਰਾ 'ਚ ਹੁੰਦੇ ਹਨ।

ਸਾਗ ਖਾਣ ਦੇ ਫ਼ਾਇਦੇ

**1. ਅੱਖਾਂ ਦੀ ਰੌਸ਼ਨੀ ਵਧਾਏ**
ਸਾਗ ਨੂੰ ਵਿਟਾਮਿਨ-ਏ ਦਾ ਪਾਵਰ ਹਾਊਸ ਮੰਨਿਆ ਜਾਂਦਾ ਹੈ ਜੋ ਅੱਖਾਂ ਦੀਆਂ ਮਾਸਪੇਸ਼ੀਆਂ ਨੂੰ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਤੋਂ ਬਚਾਉਂਦਾ ਹੈ। ਨਾਲ ਹੀ ਅੱਖਾਂ ਦੀ ਰੌਸ਼ਨੀ ਤੇਜ਼ ਹੁੰਦੀ ਹੈ।

**2. ਕੈਂਸਰ ਤੋਂ ਬਚਾਅ**
ਸਾਗ ਐਂਟੀ-ਆਕਸੀਡੈਂਟ ਨਾਲ ਭਰਪੂਰ ਹੁੰਦਾ ਹੈ। ਇਹ ਸਰੀਰ ਨੂੰ ਡੀ-ਟਾਕਸੀਫ਼ਾਈ ਕਰਕੇ ਰੋਗ-ਪ੍ਰਤੀਰੋਧਕ ਸਮੱਰਥਾ ਵਧਾਉਂਦਾ ਹੈ। ਇਸ ਦੀ ਵਰਤੋਂ ਨਾਲ ਸਰੀਰ ਨੂੰ 6 ਤਰ੍ਹਾਂ (ਬਲੈਂਡਰ, ਪੇਟ, ਬ੍ਰੈਸਟ, ਫ਼ੇਫ਼ੜੇ, ਪ੍ਰੋਸਟੇਟ ਅਤੇ ਓਵਰੀ) ਦੇ ਕੈਂਸਰ ਤੋਂ ਬਚਾਇਆ ਜਾ ਸਕਦਾ ਹੈ। ਕਿਉਂਕਿ ਗੁਣਾਂ ਨਾਲ ਭਰਪੂਰ ਸਾਗ ਕੈਂਸਰ ਦੀਆਂ ਕੋਸ਼ਿਕਾਵਾਂ ਨੂੰ ਵਧਣ ਨਹੀਂ ਦਿੰਦਾ।

**3. ਦਿਲ ਲਈ ਫ਼ਾਇਦੇਮੰਦ**
ਸਾਗ ਖਾਣ ਨਾਲ ਸਰੀਰ 'ਚ ਕੈਲਸਟ੍ਰਾਲ ਦਾ ਪੱਧਰ ਘੱਟਦਾ ਹੈ ਅਤੇ ਫ਼ੋਲੇਟ ਦਾ ਨਿਰਮਾਣ ਜ਼ਿਆਦਾ ਹੁੰਦਾ ਹੈ। ਇਸ ਨਾਲ ਦਿਲ ਦਾ ਦੌਰਾ, ਹਾਈਪਰਟੈਂਸ਼ਨ ਅਤੇ ਦਿਲ ਨਾਲ ਸੰਬੰਧੀ ਹੋਰ ਗੰਭੀਰ ਬੀਮਾਰੀਆਂ ਦਾ ਖਤਰਾ ਘੱਟ ਹੁੰਦਾ ਹੈ।

**4. ਮੈਟਾਬੋਲੀਜ਼ਮ ਵਧਾਏ**
ਸਰ੍ਹੋਂ ਦੇ ਸਾਗ 'ਚ ਫ਼ਾਈਬਰ ਦੀ ਭਰਪੂਰ ਮਾਤਰਾ ਹੁੰਦੀ ਹੈ ਜੋ ਸਰੀਰ ਦੀ ਮੈਟਾਬੋਲੀਜ਼ਮ ਦੇ ਪੱਧਰ ਨੂੰ ਵਧਾਉਂਦਾ ਹੈ। ਇਸ ਦੀ ਵਰਤੋਂ ਨਾਲ ਪਾਚਨ ਕਿਰਿਆ ਦਰੁੱਸਤ ਰਹਿੰਦੀ ਹੈ।

**5. ਭਾਰ ਘਟਾਏ**
ਸਾਗ 'ਚ ਫ਼ਾਈਬਰ ਦੀ ਮਾਤਰਾ ਜ਼ਿਆਦਾ ਅਤੇ ਕੈਲੋਰੀ ਘੱਟ ਹੁੰਦੀ ਹੈ। ਇਸ ਨਾਲ ਸਰੀਰ ਦਾ ਮੈਟਾਬੋਲੀਜ਼ਮ ਠੀਕ ਰਹਿੰਦਾ ਹੈ ਅਤੇ ਭਾਰ ਘਟਾਉਣ 'ਚ ਆਸਾਨੀ ਹੁੰਦੀ ਹੈ।

ਸਾਗ 'ਚ ਕੈਲਸ਼ੀਅਮ ਅਤੇ ਪੋਟਾਸ਼ੀਅਮ ਦੀ ਭਰਪੂਰ ਮਾਤਰਾ ਹੁੰਦੀ ਹੈ ਜੋ ਹੱਡੀਆਂ ਲਈ ਲਾਭਕਾਰੀ ਹੁੰਦੇ ਹਨ। ਹੱਡੀਆਂ ਦੇ ਰੋਗੀ ਦੀ ਰਿਕਵਰੀ ਲਈ ਸਾਗ ਦੀ ਵਰਤੋਂ ਕਰਨੀ ਚਾਹੀਦੀ।

# ਸ਼ੂਗਰ ਅਤੇ ਅਸਥਮਾ ਦੇ ਰੋਗੀਆਂ ਲਈ ਲਾਹੇਵੰਦ ਹੈ ਜ਼ਿਮੀਕੰਦ



ਜਿਮੀਕੰਦ ਇੱਕ ਸਬਜ਼ੀ ਨਹੀਂ ਸਗੋਂ ਇੱਕ ਬਹੁਮੁਲੀ ਜੜ੍ਹੀ-ਬੂਟੀ ਮੰਨੀ ਗਈ ਹੈ। ਜਿਮੀਕੰਦ 'ਚ ਫ਼ਾਈਬਰ, ਵਿਟਾਮਿਨ ਸੀ, ਬੀ-6, ਬੀ-1 ਤੋਂ ਇਲਾਵਾ ਪੋਟਾਸ਼ੀਅਮ, ਆਈਰਨ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਫ਼ਾਸਫ਼ੋਰਸ ਮਿਲਦਾ ਹੈ।

ਧਰਤੀ ਦੇ ਅੰਦਰ ਉਗਣ ਕਰ ਕੇ ਜਿਮੀਕੰਦ ਦੀਆਂ ਜੜ੍ਹਾਂ ਦੀ ਵਰਤੋਂ ਦਵਾਈ ਦੇ ਰੂਪ 'ਚ ਕੀਤੀ ਜਾਂਦੀ ਹੈ। ਜਿਮੀਕਦ ਦੀ ਵਰਤੋਂ ਪੇਟ ਸਬੰਧੀ ਬੀਮਾਰੀਆਂ ਹੋਣ 'ਤੇ ਕਰਨੀ ਕਾਫ਼ੀ ਫ਼ਾਇੰਦੇਮੰਦ ਹੁੰਦੀ ਹੈ। **ਸ਼ੂਗਰ ਦੀ ਸਮੱਸਿਆ ਤੋਂ ਰਾਹਤ** - ਸ਼ੂਗਰ ਦੀ ਸਮੱਸਿਆ ਤੋਂ ਪ੍ਰੇਸ਼ਾਨ ਲੋਕਾਂ ਨੂੰ ਜਿਮੀਕੰਦ ਦੀ ਵਰਤੋਂਕਰਨੀ ਚਾਹੀਦੀ ਹੈ। ਇਸ ਬੀਮਾਰੀ ਨਾਲ ਲੜ ਰਹੇ ਰੋਗੀਆਂ ਲਈ ਜਿਮੀਕੰਦ ਫ਼ਾਇਦੇਮੰਦ ਸਾਬਤ ਹੋ ਸਕਦਾ ਹੈ। ਲਗਾਤਾਰ 90 ਦਿਨ ਜਿਮੀਕੰਦ ਖਾਣ ਨਾਲ ਖੂਨ 'ਚ ਸ਼ੂਗਰ ਦਾ ਲੈਵਲ ਘੱਟਦਾ ਹੈ।

**ਅਸਥਮਾ ਦੇ ਰੋਗੀਆਂ ਲਈ ਲਾਹੇਵੰਦ**- ਅਸਥਮਾ ਦੇ ਮਰੀਜ਼ਾਂ ਲਈ ਜਿਮੀਕੰਦ ਬਹੁਤ ਲਾਭਕਾਰੀ ਹੁੰਦਾ ਹੈ। ਇਸ 'ਚ ਭਰਪੂਰ ਮਾਤਰਾ 'ਚ ਕੁਝ ਅਜਿਹੇ ਪੋਸ਼ਟਿਕ ਤੱਤ ਮੌਜੂਦ ਹੁੰਦੇ ਹਨ, ਜੋ ਅਸਥਮਾ ਦੇ ਨਾਲ-ਨਾਲ ਗਠੀਆ ਦੀ ਬੀਮਾਰੀ ਤੋਂ ਵੀ ਛੁਟਕਾਰਾ ਦਿਵਾਉਣ 'ਚ ਮਦਦ ਕਰਦੇ ਹਨ। ਜਿਨ੍ਹਾਂ ਲੋਕਾਂ ਨੂੰ ਲਿਵਰ ਜਾਂ ਜਿਗਰ ਦੀ ਸਮੱਸਿਆ ਹੈ, ਉਨ੍ਹਾਂ ਲੋਕਾਂ ਨੂੰ ਜਿਮੀਕੰਦ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਬੀਮਾਰੀ ਨਾਲ ਲੜ ਰਹੇ ਲੋਕਾਂ ਲਈ ਜਿਮੀਕੰਦ ਇੱਕ ਵਰਦਾਨ ਹੈ, ਜਿਸ ਨਾਲ ਇਹ ਸਮੱਸਿਆ ਬਹੁਤ ਜਲਦ ਠੀਕ ਹੋ ਜਾਂਦੀ ਹੈ। ਜਿਮੀਕੰਦ 'ਚ ਪੋਟਾਸ਼ੀਅਮ ਦੀ ਮਾਤਰਾ ਭਰਪੂਰ ਪਾਈ ਜਾਂਦੀ ਹੈ। ਇਸ ਨਾਲ ਪਾਚਨ ਕਿਰਿਆ ਸਹੀ ਰਹਿੰਦੀ ਹੈ। ਜਿਮੀਕੰਦ ਦੀ ਰੋਜ਼ਾਨਾ ਵਰਤੋਂ ਕਰਨ ਨਾਲ ਕਬਜ਼ ਦੀ ਸਮੱਸਿਆ ਨਹੀਂ ਹੁੰਦੀ।

# ਸਿਹਤ ਲਈ ਫ਼ਾਇਦੇਮੰਦ ਹੁੰਦੈ 'ਮੱਖਣ', ਥਾਈਰਾਈਡ ਦੇ ਨਾਲ-ਨਾਲ ਇਨ੍ਹਾਂ ਰੋਗਾਂ ਦਾ ਵੀ ਜੜ੍ਹ ਤੋਂ ਕਰਦੈ ਇਲਾਜ਼

ਮੱਖਣ ਪੰਜਾਬੀਆਂ ਦੇ ਖਾਣੇ ਦਾ ਅਹਿਮ ਹਿੱਸਾ ਮੰਨਿਆ ਜਾਂਦਾ ਹੈ। ਮੱਖਣ ਖਾਣ 'ਚ ਜਿੰਨਾ ਸੁਆਦ ਹੁੰਦੈ, ਉਸ ਤੋਂ ਵੱਧ ਇਹ ਸਰੀਰ ਲਈ ਗੁਣਕਾਰੀ ਹੁੰਦਾ ਹੈ। ਫ਼ਾਇਦੇਮੰਦ ਹੋਣ ਕਾਰਨ ਮੱਖਣ ਨੂੰ ਨਾਸ਼ਤੇ 'ਚ ਪਹਿਲ ਦੇਣੀ ਚਾਹੀਦੀ ਹੈ। ਬਹੁਤ ਸਾਰੇ ਲੋਕ ਨਾਸ਼ਤੇ 'ਚ ਬਰੈੱਡ ਬਟਰ ਖਾਣਾ ਪਸੰਦ ਕਰਦੇ ਹਨ, ਜੋ ਸਹੀ ਹੈ। ਅੱਜ ਕੱਲ ਲੋਕ ਬਾਜ਼ਾਰ ਤੋਂ ਮਿਲਣ ਵਾਲੇ ਮੱਖਣ ਦੀ ਵਰਤੋਂ ਜ਼ਿਆਦਾ ਮਾਤਰਾ 'ਚ ਕਰਦੇ ਹਨ, ਕਿਉਂਕਿ ਬੱਚਿਆਂ ਅਤੇ ਵੱਡਿਆਂ ਨੂੰ ਘਰੋਂ ਕੱਢਿਆ ਮੱਖਣ ਚੰਗਾ ਨਹੀਂ ਲੱਗਦਾ। ਪਿਲੇ ਮੱਖਣ ਨਾਲੋਂ ਸਫ਼ੇਦ ਮੱਖਣ ਸਿਹਤ ਲਈ ਬਹੁਤ ਫ਼ਾਇਦੇਮੰਦ ਹੈ, ਜਿਸ 'ਚ ਵਿਟਾਮਿਨ-ਏ, ਈ ਅਤੇ ਫ਼ੈਟੀ ਐਸਿਡ ਪਾਏ ਜਾਂਦੇ ਹਨ। ਇਹ ਸਰੀਰ ਦੇ ਰੋਗਾਂ ਨਾਲ ਲੜਣ ਦੀ ਸ਼ਕਤੀ ਨੂੰ ਵਧਾਉਣ 'ਚ ਮਦਦ ਕਰਦੇ ਹਨ। ਸਫ਼ੇਦ ਮੱਖਣ 'ਚ ਨਮਕ ਬਿਲਕੁੱਲ ਨਹੀਂ ਹੁੰਦਾ ਅਤੇ ਇਸ 'ਚ ਬੀਟਾ ਕੈਰੋਟੀਨ ਦੀ ਮਾਤਰਾ ਵੀ ਘੱਟ ਹੁੰਦੀ ਹੈ।



**ਮੱਖਣ ਖਾਣ ਨਾਲ ਸਰੀਰ ਨੂੰ ਹੋਣ ਵਾਲੇ ਫ਼ਾਇਦੇ...**

**1. ਥਾਈਰਾਈਡ**
ਥਾਈਰਾਈਡ ਦੀ ਵਜ੍ਹਾ ਨਾਲ ਗਲੇ ਵਿੱਚ ਸੋਜ ਹੋ ਜਾਂਦੀ ਹੈ। ਅਜਿਹੇ ਵਿੱਚ ਸਫ਼ੇਦ ਮੱਖਣ ਖਾਣਾ ਕਾਫ਼ੀ ਫ਼ਾਇਦੇਮੰਦ ਹੁੰਦਾ ਹੈ। ਇਸ ਵਿੱਚ ਮੌਜੂਦ ਆਇਓਡੀਨ ਥਾਈਰਾਈਡ ਗ੍ਰੰਥੀਆਂ ਨੂੰ ਮਜ਼ਬੂਤ ਬਣਾ ਕੇ ਇਸ ਸਮੱਸਿਆ ਤੋਂ ਛੁਟਕਾਰਾ ਦਿਵਾਉਣ ਵਿੱਚ ਮਦਦ ਕਰਦਾ ਹੈ।

**2. ਅੱਖਾਂ ਦੀ ਜਲਨ**
ਅੱਖਾਂ ਦੀ ਜਲਨ ਦੀ ਸਮੱਸਿਆ ਹੋਣ 'ਤੇ ਗਾਂ ਦੇ ਦੁੱਧ ਦਾ ਮੱਖਣ ਬਣਾ ਕੇ ਅੱਖਾਂ 'ਤੇ ਲਗਾਉਣਾ ਚਾਹੀਦਾ ਹੈ। ਇਸ ਨਾਲ ਅੱਖਾਂ ਨੂੰ ਫ਼ਾਇਦਾ ਹੁੰਦਾ ਹੈ। ਕਿਸੇ ਕਾਰਨ ਅੱਖਾਂ 'ਚ ਹੋਣ ਵਾਲੀ ਜਲਨ 'ਤੇ ਮੱਖਣ ਦੀ ਵਰਤੋਂ ਕਰਨਾ ਫ਼ਾਇਦੇਮੰਦ ਹੈ।

**3. ਦਿਲ ਦਾ ਰੋਗ**
ਅੱਜਕਲ ਜ਼ਿਆਦਾਤਰ ਲੋਕਾਂ ਨੂੰ ਕੋਲੈਸਟਰੋਲ ਦੀ ਸਮੱਸਿਆ ਹੁੰਦੀ ਹੈ, ਜਿਸ ਵਜ੍ਹਾ ਨਾਲ ਦਿਲ ਦੇ ਕਈ ਰੋਗ ਹੋ ਜਾਂਦੇ ਹਨ। ਅਜਿਹੇ ਵਿੱਚ ਵਿਟਾਮਿਨ ਅਤੇ ਸੇਲੇਨਿਯਮ ਨਾਲ ਭਰਪੂਰ ਸਫ਼ੇਦ ਮੱਖਣ ਖਾਣ ਨਾਲ ਦਿਲ ਹੈਲਦੀ ਰਹਿੰਦਾ ਹੈ।

**4. ਸਿਹਤਮੰਦ ਦਿਮਾਗ**
ਸਫ਼ੇਦ ਮੱਖਣ ਬੱਚਿਆਂ ਨੂੰ ਜ਼ਰੂਰ ਖਿਲਾਉਣਾ ਚਾਹੀਦਾ ਹੈ। ਇਸ ਨਾਲ ਬੱਚਿਆਂ ਦਾ ਦਿਮਾਗ ਸਿਹਤਮੰਦ ਹੁੰਦਾ ਹੈ ਤੇ ਯਾਦ ਰੱਖਣ ਦੀ ਤਾਕਤ ਵਧਦੀ ਹੈ। ਇਸ ਤੋਂ ਇਲਾਵਾ ਮੱਖਣ ਦੀ ਵਰਤੋਂ ਕਰਨ ਨਾਲ ਬੱਚਿਆਂ ਦੀ ਅੱਖਾਂ ਦੀ ਰੋਸ਼ਨੀ ਵੀ ਤੇਜ਼ ਹੋ ਜਾਂਦੀ ਹੈ।

**5. ਕਮਜ਼ੋਰ ਹੱਡੀਆਂ**
ਵਧਦੀ ਉਮਰ ਦੇ ਨਾਲ ਹੀ ਹੱਡੀਆਂ ਕਮਜ਼ੋਰ ਹੋਣ ਲੱਗਦੀਆਂ ਹਨ, ਜਿਸ ਨਾਲ ਜੋੜਾਂ ਦੇ ਦਰਦ ਦੀ ਸਮੱਸਿਆ ਹੋ ਜਾਂਦੀ ਹੈ। ਅਜਿਹੇ ਵਿੱਚ ਸਫ਼ੇਦ ਮੱਖਣ ਖਾਣਾ ਬਹੁਤ ਜ਼ਰੂਰੀ ਹੁੰਦਾ ਹੈ। ਇਸ ਵਿੱਚ ਮੌਜੂਦ ਕੈਲਸ਼ੀਅਮ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ।

**6. ਕੈਂਸਰ**
ਸਫ਼ੇਦ ਮੱਖਣ ਨਾਲ ਕੈਂਸਰ ਵਰਗੀਆਂ ਗੰਭੀਰ ਬੀਮਾਰੀਆਂ ਨਾਲ ਲੜਣ ਵਿੱਚ ਮਦਦ ਮਿਲਦੀ ਹੈ। ਇਸ ਵਿੱਚ ਮੌਜੂਦ ਐਂਟੀਆਕਸੀਡੈਂਟ ਚਮੜੀ ਦੀ ਫ਼੍ਰੀ ਰੈਡਿਕਲਸ ਤੋਂ ਸੁਰੱਖਿਆ ਕਰਦੇ ਹਨ ਅਤੇ ਕੈਂਸਰ ਨਾਲ ਲੜਣ ਵਿੱਚ ਮਦਦ ਕਰਦੇ ਹਨ।

**7. ਕੋਲੈਸਟਰੋਲ ਦੀ ਸਮੱਸਿਆ**
ਰੋਜ਼ਾਨਾ ਮੱਖਣ ਦੀ ਵਰਤੋਂ ਕਰਨ ਨਾਲ ਕੋਲੈਸਟਰੋਲ ਦੀ ਸਮੱਸਿਆ ਤੋਂ ਹਮੇਸ਼ਾ-ਹਮੇਸ਼ਾ ਲਈ ਛੁਟਕਾਰਾ ਮਿਲਦਾ ਹੈ। ਕੋਲੈਸਟਰੋਲ ਦੇ ਮਰੀਜ਼ਾਂ ਨੂੰ ਰੋਜ਼ਾਨਾਂ ਮੱਖਣ ਦੀ ਵਰਤੋਂ ਕਰਨੀ ਚਾਹੀਦੀ ਹੈ।

**8. ਦਮਾ**
ਦਮੇ ਦੇ ਸ਼ਿਕਾਰ ਲੋਕਾਂ ਨੂੰ ਮੱਖਣ ਦੀ ਵਰਤੋਂ ਕਰਨੀ ਚਾਹੀਦੀ ਹੈ। ਸਾਹ ਦੀ ਤਕਲੀਫ਼ ਹੋਣ 'ਤੇ ਮੱਖਣ ਖਾਣਾ ਲਾਭਦਾਇੱਕ ਸਾਬਿਤ ਹੁੰਦਾ ਹੈ।

# ਪਹੁੰਚਯੋਗ ਭਾਰਤ ਮੁਹਿੰਮ: ਨੌਂ ਵਰ੍ਹਿਆਂ ਦੀ ਤਰੱਕੀ ਦੀ ਝਲਕ ਅਤੇ ਅੱਗੇ ਦੀ ਰਾਹ

ਇਸ ਤੋਂ ਬਿਹਤਰ ਸੰਜੋਗ ਨਹੀਂ ਹੋ ਸਕਦਾ ਹੈ, ਜਿਵੇਂ ਹੀ ਅਸੀਂ ਅਤਿ ਮਹੱਤਵਅਕਾਂਖੀ ਪਹੁੰਚਯੋਗ ਭਾਰਤ ਮੁਹਿੰਮ (Accessible India Campaign) ਦੇ ਨੌਂ ਵਰ੍ਹੇ ਪੂਰੇ ਹੋਣ ਦਾ ਜਸ਼ਨ ਮਨਾਉਣ, ਵਿਸ਼ਲੇਸ਼ਣ ਕਰਨ ਅਤੇ ਉਸ 'ਤੇ ਵਿਚਾਰ ਕਰਨ ਦੀ ਤਿਆਰੀ ਕਰ ਰਹੇ ਹਾਂ, ਠੀਕ ਉਸੇ ਦਰਮਿਆਨ ਸੁਪਰੀਮ ਕੋਰਟ ਨੇ ਇੱਕ ਇਤਿਹਾਸਿਕ ਫੈਸਲਾ ਸੁਣਾਇਆ ਜੋ ਇਸ ਦੇ ਉਦੇਸ਼ ਨੂੰ ਮਜ਼ਬੂਤ ਕਰਦਾ ਹੈ। ਸੁਪਰੀਮ ਕੋਰਟ ਨੇ 8 ਨਵੰਬਰ ਨੂੰ ਕੇਂਦਰ ਸਰਕਾਰ ਨੂੰ ਦਿਵਿਯਾਂਗਜਨਾਂ ਦੇ ਅਧਿਕਾਰ ਐਕਟ, 2016 ਦੀ ਧਾਰਾ 40 ਦੇ ਤਹਿਤ ਜ਼ਰੂਰੀ ਨਿਯਮ ਬਣਾਉਣ ਦਾ ਨਿਰਦੇਸ਼ ਦਿੱਤਾ। ਇਹ ਨਿਰਦੇਸ਼ ਜਿਸ ਦਾ ਉਦੇਸ਼ ਇਹ ਸੁਨਿਸ਼ਚਿਤ ਕਰਨਾ ਹੈ ਕਿ ਜਨਤਕ ਸਥਾਨ ਅਤੇ ਸੇਵਾਵਾਂ ਦਿਵਿਯਾਂਗਜਨਾਂ ਲਈ ਸੁਲਭ ਹੋਣ, ਭਾਰਤ ਦੀ ਸਮਾਵੇਸ਼ਿਤਾ ਦੀ ਖੋਜ ਨੂੰ ਨਵਾਂ ਪ੍ਰੋਤਸਾਹਨ ਪ੍ਰਦਾਨ ਕਰਦਾ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ 2015 ਵਿੱਚ ਉਤਸ਼ਾਹ ਅਤੇ ਦੂਰਦਰਸ਼ਿਤਾ ਨਾਲ ਪਹੁੰਚਯੋਗ ਭਾਰਤ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਮੁਹਿੰਮ ਦਾ ਉਦੇਸ਼ ਦੇਸ਼ ਭਰ ਵਿੱਚ ਦਿਵਿਯਾਂਗਜਨਾਂ ਲਈ ਰੁਕਾਵਟ ਰਹਿਤ ਅਤੇ ਸੁਖਾਲਾ/ਅਨੁਕੂਲ ਵਾਤਾਵਰਨ ਤਿਆਰ ਕਰਨਾ ਹੈ। ਨਾਲ ਹੀ ਟ੍ਰਾਂਸਪੋਰਟੇਸ਼ਨ ਸਿਸਟਮਸ ਅਤੇ ਇਨਫਰਮੇਸ਼ਨ ਅਤੇ ਕਮਿਊਨੀਕੇਸ਼ਨ ਈਕੋਸਿਸਟਮ ਵਿੱਚ ਪਹੁੰਚ ਨੂੰ ਸੁਨਿਸ਼ਚਿਤ ਕਰਨਾ ਹੈ।

ਇਹ ਆਪਣੀ ਤਰ੍ਹਾਂ ਦੀ ਪਹਿਲੀ ਰਾਸ਼ਟਰ-ਵਿਆਪੀ ਕੋਸ਼ਿਸ਼ ਸੀ, ਜਿਸ ਵਿੱਚ ਟੀਅਰ 1 ਸ਼ਹਿਰਾਂ ਵਿੱਚ 50 ਸਭ ਤੋਂ ਮਹੱਤਵਪੂਰਨ ਭਵਨਾਂ ਅਤੇ ਟੀਅਰ 2 ਸ਼ਹਿਰਾਂ ਵਿੱਚ 25 ਪ੍ਰਮੁੱਖ ਭਵਨਾਂ ਨੂੰ ਪੂਰਨ ਤੌਰ 'ਤੇ ਯੋਜਨਾਬੱਧ ਤਰੀਕੇ ਨਾਲ ਨਿਸ਼ਾਨਾ ਬਣਾਇਆ ਗਿਆ ਸੀ।

ਮੈਨੂੰ ਰਾਜਾਂ ਦੇ ਮੁੱਖ ਸਕੱਤਰਾਂ ਵੱਲੋਂ ਬੁਲਾਈਆਂ ਗਈਆਂ ਕਈ ਉੱਚ-ਪੱਧਰੀ ਬੈਠਕਾਂ ਵਿੱਚ ਹਿੱਸਾ ਲੈਣ ਦੀਆਂ ਗੱਲਾਂ ਯਾਦ ਹਨ। ਉਨ੍ਹਾਂ ਬੈਠਕਾਂ ਵਿੱਚ ਵਿਭਾਗਾਂ ਨੂੰ ਤਰੱਕੀ ਦੀ ਨਿਗਰਾਨੀ ਕਰਨ ਅਤੇ ਆਪਣੇ-ਆਪਣੇ ਖੇਤਰਾਂ ਵਿੱਚ ਪਹੁੰਚਯੋਗ ਉਪਾਵਾਂ ਨੂੰ ਅੱਪਡੇਟ ਕਰਨ ਦਾ ਕੰਮ ਸੌਂਪਿਆ ਗਿਆ ਸੀ। ਇਨ੍ਹਾਂ ਸੈਸ਼ਨਾਂ ਨੇ ਸਰਕਾਰ ਦੇ ਇਰਾਦੇ ਦੀ ਗੰਭੀਰਤਾ ਨੂੰ ਮਜ਼ਬੂਤ ਕੀਤਾ ਅਤੇ ਅਜਿਹੀ ਪਰਿਵਰਤਨਕਾਰੀ ਪਹਿਲ ਲਈ ਜ਼ਰੂਰੀ ਪ੍ਰਤੀਬੱਧਤਾ ਨੂੰ ਪ੍ਰਦਰਸ਼ਿਤ ਕੀਤਾ। ਚੰਡੀਗੜ੍ਹ ਵਰਗੇ ਸ਼ਹਿਰ ਜੋ ਆਪਣੀ ਬਿਹਤਰ ਸ਼ਹਿਰੀ ਯੋਜਨਾ ਲਈ ਜਾਣੇ ਜਾਂਦੇ ਹਨ ਅਤੇ ਭੁਵਨੇਸ਼ਵਰ ਜੋ ਆਪਣੀ ਪਹੁੰਚਯੋਗਤਾ ਪਹਿਲਕਦਮੀਆਂ ਲਈ ਪ੍ਰਸਿੱਧ ਹੈ, ਇਸ ਮੁਹਿੰਮ ਦੀ ਪ੍ਰੇਰਣਾਦਾਇਕ ਉਦਾਹਰਣ ਵਜੋਂ ਉੱਭਰਿਆ ਕਿ ਇਸ ਮੁਹਿੰਮ ਰਾਹੀਂ ਕੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਫਿਰ ਵੀ ਆਪਣੇ ਬੇਮਿਸਾਲ ਦ੍ਰਿਸ਼ਟੀਕੋਣ ਦੇ ਬਾਵਜੂਦ ਇਸ ਮੁਹਿੰਮ ਨੂੰ ਖਾਸ ਤੌਰ 'ਤੇ ਰਾਜ ਪੱਧਰ 'ਤੇ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਪਹੁੰਚਯੋਗਤਾ ਰਾਜ ਦਾ ਵਿਸ਼ਾ ਹੈ, ਅਜਿਹੇ ਵਿੱਚ ਇਸ ਦੇ ਕਾਰਨ ਲਾਗੂ ਕਰਨ ਦਾ ਜ਼ਿਆਦਾ ਬੋਝ ਰਾਜਾਂ ਉੱਪਰ ਪੈਂਦਾ ਹੈ, ਜਿਨ੍ਹਾਂ ਵਿੱਚੋਂ ਕਈ ਰਾਜਾਂ ਨੂੰ ਖਾਹਿਸ਼ੀ ਟੀਚਿਆਂ ਨੂੰ ਪੂਰਾ ਕਰਨ ਲਈ ਸੰਘਰਸ਼ ਕਰਨਾ ਪਿਆ। ਸੀਮਤ ਜਵਾਬਦੇਹੀ ਪ੍ਰਣਾਲੀ ਅਤੇ ਕੇਂਦਰ ਅਤੇ ਰਾਜ ਸਰਕਾਰਾਂ ਦਰਮਿਆਨ ਤਾਲਮੇਲ ਦੀ ਘਾਟ ਨੇ ਪ੍ਰਗਤੀ ਵਿੱਚ ਹੋਰ ਰੁਕਾਵਟ ਕੀਤੀ। ਮੁਹਿੰਮ ਦੇ ਖਾਹਿਸ਼ੀ ਟੀਚੇ ਕਈ ਖੇਤਰਾਂ ਵਿੱਚ ਪੂਰੇ ਨਹੀਂ ਹੋਏ ਜਿਵੇਂ ਜਨਤਕ ਬੁਨਿਆਦੀ ਢਾਂਚੇ ਨੂੰ ਮੁੜ ਤੋਂ ਤਿਆਰ ਕਰਨਾ ਅਤੇ ਡਿਜੀਟਲ ਪਹੁੰਚ ਨੂੰ ਹੁਲਾਰਾ ਦੇਣਾ।

ਸੁਪਰੀਮ ਕੋਰਟ ਦੀ ਸਮੇਂ ਸਿਰ ਦਖਲਅੰਦਾਜ਼ੀ ਨਾਲ ਇਸ ਮਿਸ਼ਨ ਵਿੱਚ ਨਵੀਂ ਤਤਕਾਲਤਾ ਆ ਗਈ। ਸਿਫਾਰਸ਼ਾਂ ਨੂੰ ਕਾਨੂੰਨੀ ਆਦੇਸ਼ਾਂ ਵਿੱਚ ਬਦਲ ਕੇ, ਕੋਰਟ ਦਾ ਫੈਸਲਾ ਇਹ ਸੁਨਿਸ਼ਚਿਤ ਕਰਦਾ ਹੈ ਕਿ ਪਹੁੰਚਯੋਗ ਭਾਰਤ ਮੁਹਿੰਮ ਨੂੰ ਗਤੀ ਗੁਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

**ਅੱਗੇ ਵਧਣ ਨੂੰ ਲੈ ਕੇ ਨਿੱਜੀ ਦ੍ਰਿਸ਼ਟੀਕੋਣ**

ਮੁਹਿੰਮ ਦੀ ਯਾਤਰਾ 'ਤੇ ਵਿਚਾਰ ਕਰਦੇ ਹੋਏ ਮੇਰਾ ਮੰਨਣਾ ਹੈ ਕਿ ਪਹੁੰਚਯੋਗ ਭਾਰਤ 2.0 ਨੂੰ ਸਵੱਛ ਭਾਰਤ ਅਭਿਯਾਨ ਵਰਗੀ ਸਫਲ ਪਹਿਲ ਦੇ ਬਰਾਬਰ ਇੱਕ ਮਿਸ਼ਨ -ਮੋਡ ਵਿਜ਼ਨ ਅਪਣਾਉਣਾ ਚਾਹੀਦਾ ਹੈ। ਇਸ ਦੇ ਵਿਜ਼ਨ ਨੂੰ ਵਾਸਤਵਿਕਤਾ ਵਿੱਚ ਬਦਲਣ ਲਈ ਮਜ਼ਬੂਤ ਹਿਤਧਾਰਕ, ਜੁੜਾਅ, ਸਪਸ਼ਟ ਜਵਾਬਦੇਹੀ ਪ੍ਰਣਾਲੀ ਅਤੇ ਪ੍ਰਾਪਤ ਕਰਨ ਯੋਗ ਸਮਾਂ ਸੀਮਾ ਮਹੱਤਵਪੂਰਨ ਹੈ। ਪ੍ਰੋਤਸਾਹਨ ਪਰਿਵਰਤਨ ਦੇ ਪ੍ਰਮੁੱਖ ਸੰਚਾਲਕ ਹੋਣਗੇ। ਉਦਾਹਰਣ ਦੇ ਤੌਰ 'ਤੇ ਯੂਨੀਵਰਸਿਟੀ ਐੱਨਏਏਸੀ ਮਾਨਤਾ ਲਈ ਪਹੁੰਚਯੋਗਤਾ ਨੂੰ ਇੱਕ ਮਾਪਦੰਡ ਬਣਾ ਸਕਦੇ ਹਨ, ਜਦਕਿ ਉਦਯੋਗ ਸਥਾਨਕ ਸਰਕਾਰ ਅਤੇ ਜਨਤਕ ਸੰਸਥਾਨਾਂ ਨੂੰ ਯੂਨੀਵਰਸਲ ਡਿਜ਼ਾਈਨ ਸਿਧਾਂਤਾਂ ਨੂੰ ਅਪਣਾਉਣ ਲਈ ਸਨਮਾਨਿਤ ਕੀਤਾ ਜਾ ਸਕਦਾ ਹੈ।

ਮੁਹਿੰਮ ਦਾ ਫੋਕਸ ਭੌਤਿਕ ਬੁਨਿਆਦੀ ਢਾਂਚੇ ਤੋਂ ਲੈ ਕੇ ਉਤਪਾਦਾਂ, ਸੇਵਾਵਾਂ ਅਤੇ ਡਿਜੀਟਲ ਇਨਫ੍ਰਾਸਟ੍ਰਕਚਰ ਤੱਕ ਹੋਣਾ ਚਾਹੀਦਾ ਹੈ। ਪ੍ਰਾਈਵੇਟ ਸੈਕਟਰ ਵਿੱਚ ਸਰਕਾਰੀ ਕੋਸ਼ਿਸ਼ਾਂ ਨੂੰ ਪੂਰਾ ਕਰਨ ਦੀਆਂ ਭਰਪੂਰ ਸੰਭਾਵਨਾਵਾਂ ਹਨ। ਕੰਪਨੀਆਂ ਆਪਣੇ ਦਫ਼ਤਰਾਂ ਅਤੇ ਸੇਵਾਵਾਂ ਵਿੱਚ ਸਮਾਵੇਸ਼ੀ ਡਿਜ਼ਾਈਨ ਸਿਧਾਂਤਾਂ ਨੂੰ ਅਪਣਾ ਸਕਦੀਆਂ ਹਨ, ਜਦਕਿ ਦਿਵਿਯਾਂਗਜਨਾਂ ਦੇ ਸੰਗਠਨ (ਡੀਪੀਓ) ਨਾਲ ਸਾਂਝੇਦਾਰੀ ਦਿਵਿਯਾਂਗਜਨਾਂ ਦੀਆਂ ਜ਼ਰੂਰਤਾਂ ਵਿੱਚ ਕੀਮਤੀ ਸਮਝ ਜਾਂ ਜਾਣਕਾਰੀ ਪ੍ਰਦਾਨ ਕਰ ਸਕਦੀ ਹੈ। ਪਹੁੰਚਯੋਗਤਾ ਨੂੰ ਇੱਕ ਸਮਾਜਿਕ ਵਚਨਬੱਧਤਾ ਅਤੇ ਵਪਾਰਕ ਰਣਨੀਤੀ ਦੋਵਾਂ ਦੇ ਰੂਪ ਵਿੱਚ ਮਾਨਤਾ ਦੇਣਾ ਪਰਿਵਰਤਨਸ਼ੀਲ ਹੋਵੇਗਾ।

**ਚਿੰਤਨ ਤੋਂ ਕਾਰਵਾਈ ਤੱਕ**

ਨੌਂ ਵਰ੍ਹਿਆਂ ਦੀ ਪਹੁੰਚਯੋਗ ਭਾਰਤ ਮੁਹਿੰਮ ਨੇ ਇੱਕ ਮਜ਼ਬੂਤ ਨੀਂਹ ਰੱਖੀ ਹੈ, ਪਰ ਇਹ ਸਪਸ਼ਟ ਹੈ ਕਿ ਹਾਲੇ ਵੀ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਸੁਪਰੀਮ ਕੋਰਟ ਦਾ ਫੈਸਲਾ ਅਭਿਲਾਸ਼ਾ ਤੋਂ ਕਾਰਵਾਈ ਵੱਲ ਵਧਣ ਦਾ ਇੱਕ ਸਪਸ਼ਟ ਸੱਦਾ ਹੈ, ਜਿਸ ਨਾਲ ਪਹੁੰਚਯੋਗਤਾ ਨੂੰ ਰਾਸ਼ਟਰੀ ਪ੍ਰਾਥਮਿਕਤਾ ਦਿੱਤੀ ਗਈ ਹੈ। ਸਫਲਤਾ ਲਈ ਸਾਨੂੰ ਹਰ ਪੱਧਰ 'ਤੇ ਸਮੂਹਿਕ ਯਤਨ ਕਰਨ ਦੀ ਜ਼ਰੂਰਤ ਹੈ। ਇਸ ਲਈ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਸ਼੍ਰੇਣੀਬੱਧ ਢੰਗ ਨਾਲ ਰਣਨੀਤੀ ਬਣਾਉਣੀ ਚਾਹੀਦੀ ਹੈ, ਨਾਗਰਿਕ ਸਮਾਜ ਸੰਗਠਨਾਂ ਨੂੰ ਇਸ ਨੂੰ ਹੁਲਾਰਾ ਦੇਣਾ ਚਾਹੀਦਾ ਹੈ, ਪ੍ਰਾਈਵੇਟ ਸੈਕਟਰ ਨੂੰ ਇਨੋਵੇਸ਼ਨ ਕਰਨਾ ਚਾਹੀਦਾ ਹੈ ਅਤੇ ਪਹੁੰਚਯੋਗਤਾ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ। ਨਾਲ ਹੀ ਮੀਡੀਆ ਨੂੰ ਇਨ੍ਹਾਂ ਮੁੱਦਿਆਂ 'ਤੇ ਧਿਆਨ ਕੇਂਦ੍ਰਿਤ ਕਰਨ ਦੀ ਜ਼ਰੂਰਤ ਹੈ।

ਇੱਕ ਅਜਿਹੇ ਵਿਅਕਤੀ ਦੇ ਰੂਪ ਵਿੱਚ ਜਿਸ ਨੇ ਪਿਛਲੇ ਕੁਝ ਵਰ੍ਹਿਆਂ ਵਿੱਚ ਪਹੁੰਚਯੋਗ ਭਾਰਤ ਮੁਹਿੰਮ ਨੂੰ ਵਿਕਸਿਤ ਹੁੰਦੇ ਦੇਖਿਆ ਹੈ, ਮੈਂ ਇਸ ਦੀ ਸਮਰੱਥਾ ਪ੍ਰਤੀ ਕਾਫੀ ਆਸਵੰਦ ਹਾਂ। ਜਾਗਰੂਕਰਨ, ਹਿਤਧਾਰਕ ਗਠਬੰਧਨ ਅਤੇ ਟਿਕਾਊ ਵਿਕਾਸ 'ਤੇ ਵਧੇਰੇ ਧਿਆਨ ਦੇਣ ਨਾਲ ਪਹੁੰਚਯੋਗ ਭਾਰਤ 2.0 ਇੱਕ ਸਮਾਵੇਸ਼ੀ ਰਾਸ਼ਟਰ ਦੇ ਨਿਰਮਾਣ ਲਈ ਇੱਕ ਸ਼ਕਤੀਸ਼ਾਲੀ ਉਤਪ੍ਰੇਰਕ ਬਣ ਸਕਦਾ ਹੈ। ਇੱਕ ਅਜਿਹੇ ਭਾਰਤ ਦਾ ਸੁਪਨਾ ਜਿੱਥੇ ਪਹੁੰਚਯੋਗਤਾ ਸਿਰਫ਼ ਇੱਕ ਆਦਰਸ਼ ਨਹੀਂ ਹੈ ਸਗੋਂ ਸਾਰਿਆਂ ਲਈ ਇੱਕ ਵਾਸਤਵਿਕਤਾ ਹੈ -ਜੇਕਰ ਅਸੀਂ ਦ੍ਰਿੜ੍ਹ ਸੰਕਲਪ ਅਤੇ ਉਦੇਸ਼ ਨਾਲ ਇਸ ਪਲ ਦਾ ਲਾਭ ਉਠਾਉਂਦੇ ਹਾਂ।

**ਅਰਮਾਨ ਅਲੀ, ਕਾਰਜਕਾਰੀ ਨਿਰਦੇਸ਼ਕ (ਐੱਨਸੀਪੀਈਡੀਪੀ) ਨਵੀਂ ਦਿੱਲੀ**

# ਐੱਸਆਰਐੱਸ ਵਿਦਿਆਪੀਠ ਵਿੱਚ ਸਾਲਾਨਾ ਸਮਾਗਮ ਕਰਵਾਇਆ



ਸਮਾਗਮ ਵਿੱਚ ਹਿੱਸਾ ਲੈਣ ਵਾਲੀਆਂ ਬੱਚੀਆਂ ਤੇ ਸਕੂਲ ਅਧਿਆਪਕਾਵਾਂ।

**ਸਮਾਣਾ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਐੱਸਆਰਐੱਸ ਵਿਦਿਆਪੀਠ ਸਮਾਣਾ ਵਿੱਚ ਕਾਰਨੀਵਲ ਅਤੇ ਸਾਲਾਨਾ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਕੌਮੀ ਗੀਤ ਨਾਲ ਹੋਈ। ਇਸ ਮੌਕੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਵੱਲੋਂ ਪੇਸ਼ ਗਤੀਵਿਧੀਆਂ ਤੋਂ ਪ੍ਰਭਾਵਿਤ ਹੋ ਕੇ ਸਕੂਲ ਮੈਨੇਜਮੈਂਟ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਅਜਿਹੇ ਸਮਾਗਮ ਵਿਦਿਆਰਥੀਆਂ ਅੰਦਰ ਛੁਪੀ ਕਲਾ ਨੂੰ ਉਜਾਗਰ ਕਰਦੇ ਹਨ। ਜਾਣਕਾਰੀ ਅਨੁਸਾਰ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਵਿਦਿਆਰਥੀਆਂ ਨੇ ਸ਼ਬਦ ਗਾਇਨ ਕੀਤਾ। ਇਸ ਮਗਰੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਗਿੱਧਾ, ਭੰਗੜਾ, ਡਾਂਡੀਆ ਅਤੇ ਹੋਰ ਕਈ ਤਰ੍ਹਾਂ ਦੇ ਨਾਚ ਪੇਸ਼ ਕਰ ਕੇ ਦਰਸ਼ਕਾਂ ਨੂੰ ਕੀਲ ਦਿੱਤਾ। ਵਿਦਿਆਰਥੀਆਂ ਵੱਲੋਂ ਕਾਰਨੀਵਲ ਵਿੱਚ ਖਾਣ-ਪੀਣ ਦੀਆਂ ਸਟਾਲਾਂ ਤੋਂ ਇਲਾਵਾ ਗਣਿਤ ਅਤੇ ਸਮਾਜਿਕ ਸਿੱਖਿਆ ਵਿਸ਼ੇ ਨਾਲ ਸਬੰਧਤ ਪ੍ਰਦਰਸ਼ਨੀ ਵੀ ਲਾਈ ਗਈ। ਇਸ ਮੌਕੇ ਸਕੂਲ ਚੇਅਰਮੈਨ ਅਮਿਤ ਸਿੰਗਲਾ, ਸੈਕਟਰੀ ਲਲਿਤ ਸਿੰਗਲਾ ਤੇ ਪ੍ਰਿੰਸੀਪਲ ਮਿਲੀ ਬੋਸ ਨੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ।

ਨਾਭਾ ਸੋਸ਼ਲ ਆਰਗੇਨਾਈਜ਼ੇਸ਼ਨ ਸੁਸਾਇਟੀ ਰਜਿ ਨੰ. 1787 ਐਨ ਐਸ ਓ ਦੇ ਸਹਿਯੋਗ ਨਾਲ ਸਮਾਜ ਸੇਵਕ ਵਿਸ਼ਾਲ ਵਾਲੀਆ ($®©") ਦੀ ਅਗਵਾਈ ਵਿੱਚ ਟੀਮ ਦੇ ਸਹਿਯੋਗ ਨਾਲ 6 ਸਾਲ ਲਗਾਤਰ ਅਨਾਥ ਤੇ ਹੈਂਡੀਕੈਪ ਨੂੰ ਰਾਸ਼ਨ ਤੇ ਸਟੇਸ਼ਨਰੀ ਦੀ ਸੇਵਾ ਨਿਭਾਈ ਜਾ ਰਹੀ ਹੈ। ਇਸ ਮੌਕੇ ਤੇ ਮੈਡਮ ਮਨਜੀਤ ਕੌਰ ਪਹੁੰਚੇ। ਐਨ ਐਸ ਓ ਟੀਮ ਵੱਲੋਂ ਬੂਟਾ ਦੇ ਕੇ ਸਨਮਾਨਿਤ ਕੀਤਾ ਗਿਆ। ਸਾਰੀ ਐਨ ਐਸ ਓ ਟੀਮ ਦਾ ਤਹ ਤਹਿ ਦਿਲੋਂ ਧੰਨਵਾਦ।

# ਉਜਾੜਾ ਰੋਕੂ ਸੰਘਰਸ਼ ਕਮੇਟੀ ਵੱਲੋਂ ਸੀਲ ਕੈਮੀਕਲ ਫੈਕਟਰੀ ਅੱਗੇ ਮੁਜ਼ਾਹਰਾ

## ਸਨਅਤੀ ਸ਼ਹਿਰ ਲਈ ਐਕੁਆਇਰ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਨ ਦੀ ਮੰਗ



ਸੀਲ ਫ਼ੈਕਟਰੀ ਅੱਗੇ ਰੋਸ ਮੁਜ਼ਾਹਰਾ ਕਰਦੇ ਹੋਏ ਕਿਸਾਨ।

**ਰਾਜਪੁਰਾ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਉਜਾੜਾ ਰੋਕੂ ਸੰਘਰਸ਼ ਕਮੇਟੀ ਵੱਲੋਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਡਾਕਟਰ ਦਰਸ਼ਨਪਾਲ ਪ੍ਰਧਾਨ ਅਤੇ ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਪ੍ਰਧਾਨ ਪ੍ਰੇਮ ਸਿੰਘ ਭੰਗੂ ਅਗਵਾਈ ਹੇਠ ਰਾਜਪੁਰਾ ਨੇੜਲੇ ਪਿੰਡ ਦਮਨਹੇੜੀ ਵਿੱਚ ਸੀਲ ਕੈਮੀਕਲ ਫ਼ੈਕਟਰੀ ਅੱਗੇ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਦੌਰਾਨ ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਸੀਲ ਕੰਪਨੀ ਵੱਲੋਂ ਧੋਖਾ ਕਰਕੇ ਹਥਿਆਈ ਜ਼ਮੀਨ ਕਿਸਾਨਾਂ ਨੂੰ ਵਾਪਸ ਕੀਤੀ ਜਾਵੇ। ਕਿਸਾਨ ਆਗੂ ਲਸ਼ਕਰ ਸਿੰਘ ਨੇ ਦੱਸਿਆ ਕਿ ਕਿਸਾਨਾਂ ਨੇ ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਦੀ ਅਗਵਾਈ 'ਚ ਐਕੁਆਇਰ ਜ਼ਮੀਨ ਵਿਚ ਟਰੈਕਟਰ ਮਾਰਚ ਕਰਨ ਮਗਰੋਂ ਪ੍ਰਦਰਸ਼ਨ ਕੀਤਾ। ਇਸ ਮੌਕੇ ਕਿਸਾਨ ਆਗੂਆਂ ਨੇ ਦੱਸਿਆ ਕਿ 30 ਸਾਲ ਪਹਿਲਾਂ ਸਰਕਾਰ ਨੇ ਕਿਸਾਨਾਂ ਤੋਂ ਸਸਤੇ ਭਾਅ ਜ਼ਮੀਨ ਲੈ ਕੇ ਸੀਲ ਕੰਪਨੀ ਨੂੰ ਇੱਕ ਉਦਯੋਗਿਕ ਸ਼ਹਿਰ ਵਸਾਉਣ ਵਾਸਤੇ ਦਿੱਤੀ ਸੀ ਜਿਸ ਨੂੰ ਕੰਪਨੀ ਵੱਲੋਂ ਦਸ ਸਾਲਾਂ ਦੇ ਅੰਦਰ-ਅੰਦਰ ਵਿਕਸਿਤ ਕੀਤਾ ਜਾਣਾ ਸੀ ਅਤੇ ਸ਼ਰਤ ਸੀ ਕਿ ਜੇਕਰ ਕੰਪਨੀ ਇਸ ਨੂੰ ਦਸ ਸਾਲਾਂ ਦੇ ਅੰਦਰ ਵਿਕਸਿਤ ਨਹੀਂ ਕਰਦੀ ਤਾਂ ਸਰਕਾਰ ਨੂੰ ਇਹ ਜ਼ਮੀਨ ਵਾਪਸ ਲੈਣ ਦਾ ਅਧਿਕਾਰ ਹੋਵੇਗਾ। ਕਿਸਾਨਾਂ ਨੇ ਕਿਹਾ ਕਿ ਦਸਾਂ ਸਾਲਾਂ ਦੀ ਬਜਾਏ 30 ਸਾਲ ਦਾ ਸਮਾਂ ਲੰਘ ਚੁੱਕਾ ਹੈ ਅਤੇ ਕਿਸਾਨਾਂ ਵੱਲੋਂ ਵਾਰ-ਵਾਰ ਯਾਦ ਦੁਆਉਣ 'ਤੇ ਵੀ ਸਰਕਾਰ ਵੱਲੋਂ ਇਸ ਸਮੇਂ ਦੌਰਾਨ ਕਦੇ ਵੀ ਕੰਪਨੀ ਨੂੰ ਜ਼ਮੀਨ ਵਾਪਸ ਲੈਣ ਦਾ ਨੋਟਿਸ ਨਹੀਂ ਭੇਜਿਆ ਗਿਆ। ਕੰਪਨੀ ਵੱਲੋਂ ਵੀ ਇਸ ਜ਼ਮੀਨ ਵਿੱਚ ਕੋਈ ਉਸਾਰੀ ਨਹੀਂ ਕੀਤੀ ਗਈ। ਇਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਕੰਪਨੀ ਵੱਲੋਂ ਜ਼ਮੀਨ ਮਹਿੰਗੀ ਕਰਕੇ ਵੇਚਣ ਦੀ ਮਨਸ਼ਾ ਨਾਲ ਹੀ ਐਕੁਆਇਰ ਕੀਤੀ ਗਈ ਸੀ ਜੋ ਕਿ ਗੈਰ-ਕਾਨੂੰਨੀ ਹੈ। ਹੁਣ ਸਥਿਤੀ ਇਹ ਹੈ ਕਿ ਸੀਲ ਕੰਪਨੀ ਵੱਲੋਂ ਇੱਕ ਹੋਰ ਬਿਲਡਰ ਕੰਪਨੀ ਨੂੰ ਇਹ ਜ਼ਮੀਨ ਇੱਕ ਪ੍ਰਾਪਰਟੀ ਡੀਲਰ ਦੇ ਤੌਰ 'ਤੇ ਵੇਚਣ ਦਾ ਇਕਰਾਰ ਕੀਤਾ ਜਾ ਰਿਹਾ ਹੈ, ਜੋ ਕਿ ਬਿਲਕੁਲ ਸਮਝੌਤੇ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਸ ਮਸਲੇ ਵਿੱਚ ਚੁੱਪ ਵੱਟੀ ਰੱਖਣਾ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਸਾਜ਼ਿਸ਼ ਨੂੰ ਉਜਾਗਰ ਕਰਦਾ ਹੈ। ਡਾਕਟਰ ਦਰਸ਼ਨ ਪਾਲ ਅਤੇ ਪ੍ਰੇਮ ਸਿੰਘ ਭੰਗੂ ਨੇ ?ਸਰਕਾਰ ਨੂੰ ਤਾੜਨਾ ਕੀਤੀ ਕਿ ਜੇਕਰ ਇਸ ਮਸਲੇ ਦੇ ਹੱਲ ਬਾਰੇ ਸਰਕਾਰ ਵੱਲੋਂ ਕੋਈ ਪਹਿਲ ਨਾ ਕੀਤੀ ਗਈ ਤਾਂ ਕਿਸਾਨ ਜਥੇਬੰਦੀਆਂ ਦੀ ਮੌਜੂਦਗੀ ਵਿੱਚ ਕੋਈ ਹੋਰ ਐਕਸ਼ਨ ਉਲੀਕਿਆ ਜਾਵੇਗਾ। ਪ੍ਰਦਰਸ਼ਨ ਵਿੱਚ ਐੱਸਕੇਐੱਮ ਦੀਆਂ ਕਿਸਾਨ ਜਥੇਬੰਦੀਆਂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਸ਼ਹੀਦ ਭਗਤ ਸਿੰਘ ਲੋਕ ਹਿਤ ਕਮੇਟੀ, ਆਲ ਇੰਡੀਆ ਕਿਸਾਨ ਫੈਡਰੇਸ਼ਨ, ਇੰਡੀਅਨ ਫਾਰਮਰਜ਼ ਐਸੋਸੀਏਸ਼ਨ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਕਿਸਾਨ ਯੂਨੀਅਨ ਪੁਆਦ, ਕੁੱਲ ਹਿੰਦ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ (ਪੱਗੜੀ ਸੰਭਾਲ ਜੱਟਾ), ਅਤੇ ਕਿਰਤੀ ਕਿਸਾਨ ਯੂਨੀਅਨ ਸ਼ਾਮਲ ਹੋਈ। ਇਸ ਮੌਕੇ ਹਰਭਜਨ ਸਿੰਘ ਬੁੱਟਰ, ਗੁਰਮੀਤ ਸਿੰਘ ਦਿੱਤੂਪੁਰ, ਅਵਤਾਰ ਸਿੰਘ ਕੌਰਜੀਵਾਲਾ, ਸੁਖਵਿੰਦਰ ਸਿੰਘ ਤੁਲੇਵਾਲ, ਪ੍ਰੋਫੈਸਰ ਬਾਵਾ ਸਿੰਘ, ਪ੍ਰਿੰਸੀਪਲ ਸੁੱਚਾ ਸਿੰਘ, ਸੁਖਦੇਵ ਸਿੰਘ, ਬੀਬੀ ਚਰਨਜੀਤ ਕੌਰ ਧੂੜੀਆਂ, ਪਵਨ ਕੁਮਾਰ ਸੋਗਲਪੁਰ, ਇਕਬਾਲ ਸਿੰਘ, ਬਲਦੇਵ ਸਿੰਘ ਪਬਰੀ, ਗੋਬਿੰਦਰ ਸਿੰਘ ਆਕੜ, ਜਗਮੇਲ ਸਿੰਘ ਸੱਧੋਵਾਲ ਤੇ ਗੁਰਬਚਨ ਸਿੰਘ ਕਨਸੂਆ ਕਲਾਂ ਅਤੇ ਸੁਖਵਿੰਦਰ ਕੌਰ ਤੋਂ ਇਲਾਵਾ ਇਲਾਕੇ ਦੇ ਕਿਸਾਨ ਹਾਜ਼ਰ ਸਨ।

# ਬੇਰੁਜ਼ਗਾਰ ਨੌਜਵਾਨ ਸੜਕ ਕਿਨਾਰੇ ਕੱਟ ਰਹੇ ਨੇ ਠੰਢੀਆਂ ਰਾਤਾਂ




ਪਾਵਰਕੌਮ ਦਫ਼ਤਰ ਅੱਗੇ ਧਰਨੇ 'ਤੇ ਬੈਠੇ ਅਪਰੈਂਟਿਸਸ਼ਿਪ ਵਰਕਰ।

**ਪਟਿਆਲਾ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਅਪਰੈਂਟਿਸਸ਼ਿਪ ਪਾਸ 1300 ਦੇ ਕਰੀਬ ਵਰਕਰ ਭਾਵੇਂ ਦੋ ਸਾਲਾਂ ਦੀ ਜੱਦੋ-ਜਹਿਦ ਮਗਰੋਂ ਪਿਛਲੇ ਦਿਨੀਂ ਸਹਾਇਕ ਲਾਈਨਮੈਨਾਂ ਵਜੋਂ ਪੱਕੀ ਨੌਕਰੀ ਹਾਸਲ ਕਰਨ 'ਚ ਕਾਮਯਾਬ ਹੋ ਗਏ ਹਨ, ਉਨ੍ਹਾਂ ਦੇ ਸੰਘਰਸ਼ ਨੂੰ ਪਏ ਬੂਰ ਤੋਂ ਪ੍ਰਭਾਵਿਤ ਹੋ ਕੇ ਸੈਂਕੜੇ ਹੋਰ ਅਪਰੈਂਟਿਸਸ਼ਿਪ ਪਾਸ ਵਰਕਰ ਵੀ ਸੰਘਰਸ਼ ਦੇ ਰਾਹ ਪੈ ਗਏ ਹਨ। ਸਹਾਇਕ ਲਾਈਨਮੈਨਾਂ ਦੀਆਂ ਪੋਸਟਾਂ ਕੱਢ ਕੇ ਇਸ ਸਬੰਧੀ ਫੌਰੀ ਤੌਰ 'ਤੇ ਭਰਤੀ ਪ੍ਰਕਿਰਿਆ ਸ਼ੁਰੂ ਕਰਨ ਦੀ ਮੰਗ ਤਹਿਤ ਉਨ੍ਹਾਂ ਨੇ ਹਫ਼ਤੇ ਤੋਂ ਇੱਥੇ ਸਥਿਤ ਪਾਵਰਕੌਮ ਦੇ ਮੁੱਖ ਦਫ਼ਤਰ ਅੱਗੇ ਪੱਕੇ ਡੇਰੇ ਲਾਏ ਹੋਏ ਹਨ। ਇਸ ਦੌਰਾਨ ਉਹ ਖੁੱਲ੍ਹੇ ਅਸਮਾਨ ਹੇਠ ਠੰਢੀਆਂ ਰਾਤਾਂ ਕੱਟਣ ਲਈ ਮਜਬੂਰ ਹਨ।

ਜ਼ਿਕਰਯੋਗ ਹੈ ਕਿ ਇਨ੍ਹਾਂ ਵਰਕਰਾਂ ਵੱਲੋਂ 25 ਨਵੰਬਰ ਤੋਂ ਇੱਥੇ ਪਾਵਰਕੌਮ ਦੇ ਮੁੱਖ ਦਫ਼ਤਰ ਦੇ ਅੱਗੇ ਧਰਨਾ ਸ਼ੁਰੂ ਕੀਤਾ ਗਿਆ ਸੀ। ਭਾਵੇਂ ਇਨ੍ਹਾਂ ਨੇ ਮਾਲ ਰੋਡ ਦੇ ਇੱਕ ਪਾਸੇ ਸਥਿਤ ਪਾਰਕ ਵਾਲੀ ਥਾਂ 'ਚ ਤੰਬੂ ਵੀ ਗੱਡਿਆ ਹੋਇਆ ਹੈ ਪਰ ਰਾਤ ਦੀ ਠੰਢ ਵਿੱਚ ਇਹ ਕਾਫ਼ੀ ਨਹੀਂ ਹੈ। ਅਪਰੈਂਟਿਸਸ਼ਿਪ ਪਾਸ ਵਰਕਰ ਯੂਨੀਅਨ ਦੇ ਸੂਬਾਈ ਪ੍ਰਧਾਨ ਗੁਰਮੀਤ ਸਿੰਘ ਦੀ ਅਗਵਾਈ ਹੇਠਲੇ ਇਸ ਸੰਘਰਸ਼ ਦੌਰਾਨ ਅੱਜ ਅੱਠਵੇਂ ਦਿਨ ਪ੍ਰਧਾਨ ਸਣੇ ਮੀਤ ਪ੍ਰਧਾਨ ਮਦਨ ਕੰਬੋਜ, ਮੁੱਖ ਬੁਲਾਰਾ ਮਨਪ੍ਰੀਤ ਸਿੰਘ ਕੰਬੋਜ, ਸਕੱਤਰ ਗੁਰਪ੍ਰੀਤ ਸਿੰਘ ਅਤੇ ਸਲਾਹਕਾਰ ਸੱਤਪਾਲ ਸਿੰਘ ਆਦਿ ਸੂਬਾਈ ਅਹੁਦੇਦਾਰਾਂ ਨੇ ਵੀ ਸੰਬੋਧਨ ਕੀਤਾ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਗਿਣਤੀ 5500 ਦੇ ਕਰੀਬ ਹੈ ਜੋ ਅਪਰੈਂਟਿਸਸ਼ਿਪ ਕੀਤੀ ਹੋਣ ਕਰ ਕੇ ਸਹਾਇਕ ਲਾਈਨਮੈਨ ਦੀ ਨੌਕਰੀ ਦੇ ਹੱਕਦਾਰ ਹਨ ਪਰ ਕਈ ਨੌਜਵਾਨਾਂ ਦੀ ਨੌਕਰੀ ਲਈ ਉਮਰ ਹੱਦ ਲੰਘਦੀ ਜਾ ਰਹੀ ਹੈ। ਇਸ ਕਰ ਕੇ ਹੀ ਸਹਾਇਕ ਲਾਈਨਮੈਨਾਂ ਦੀਆਂ ਪੋਸਟਾਂ ਭਰਨ ਲਈ ਇਸ਼ਤਿਹਾਰ ਜਾਰੀ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਪ੍ਰਧਾਨ ਗੁਰਮੀਤ ਸਿੰਘ ਨੇ ਕਿਹਾ ਕਿ ਭਾਵੇਂ ਮੈਨੇਜਮੈਂਟ ਵੱਲੋਂ ਨੌਂ ਦਸੰਬਰ ਨੂੰ ਚੰਡੀਗੜ੍ਹ ਵਿੱਚ ਬਿਜਲੀ ਮੰਤਰੀ ਦੀ ਅਗਵਾਈ ਵਿੱਚ ਪੈਨਲ ਮੀਟਿੰਗ ਵੀ ਮੁਕੱਰਰ ਕਰਵਾਈ ਗਈ ਹੈ। ਉਨ੍ਹਾਂ ਨੂੰ ਧਰਨਾ ਸਮਾਪਤ ਕਰਨ 'ਤੇ ਕਿਹਾ ਜਾ ਰਿਹਾ ਹੈ ਪਰ ਉਨ੍ਹਾਂ ਫ਼ੈਸਲਾ ਲਿਆ ਹੈ ਕਿ ਉਨ੍ਹਾਂ ਦਾ ਇਹ ਧਰਨਾ ਨੌਂ ਦੀ ਇਸ ਮੀਟਿੰਗ ਦੌਰਾਨ ਸਾਹਮਣੇ ਆਉਣ ਵਾਲੇ ਸਿੱਟਿਆਂ 'ਤੇ ਹੀ ਆਧਾਰਤ ਹੋਵੇਗਾ। ਜੇ ਇਸ ਮੀਟਿੰਗ 'ਚ ਭਰਤੀ ਸਬੰਧੀ ਉਨ੍ਹਾਂ ਦੀ ਤਸੱਲੀ ਨਾ ਕਰਵਾਈ ਗਈ ਤਾਂ ਉਹ ਇਹ ਧਰਨਾ ਜਾਰੀ ਰੱਖਣਗੇ ਜੋ ਉਦੋਂ ਤੱਕ ਨਹੀਂ ਹਟਾਇਆ ਜਾਵੇਗਾ ਜਦੋਂ ਤੱਕ ਸਰਕਾਰ ਭਰਤੀ ਪ੍ਰਕਿਰਿਆ ਨਹੀਂ ਸ਼ੁਰੂ ਕਰਦੀ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਖ਼ੂਨਦਾਨ ਕੈਂਪ



**ਰਾਜਪੁਰਾ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਵੱਲੋਂ ਜ਼ਿਲ੍ਹਾ ਸਕੱਤਰ ਸਤੀਸ਼ ਕੁਮਾਰ ਅਤੇ ਪ੍ਰਧਾਨ ਜਰਨੈਲ ਸਿੰਘ ਦੀ ਅਗਵਾਈ ਹੇਠ ਪਿੰਡ ਭੱਪਲ ਦੇ ਗੁਰਦੁਆਰਾ ਸਾਹਿਬ 'ਚ ਖ਼ੂਨਦਾਨ ਕੈਂਪ ਲਗਾਇਆ ਗਿਆ। ਜ਼ਿਲ੍ਹਾ ਪ੍ਰਧਾਨ ਆਨੰਦ ਵਾਲੀਆ ਅਤੇ ਸਟੇਟ ਕਮੇਟੀ ਮੈਂਬਰ ਕੁਮਾਰ ਪੰਕਜ ਨੇ ਕੈਂਪ ਵਿਚ ਬਤੌਰ ਮੁੱਖ ਮਹਿਮਾਨ ਪਹੁੰਚ ਕੇ ਖ਼ੂਨਦਾਨੀਆਂ ਦੀ ਹੌਸਲਾ-ਅਫ਼ਜ਼ਾਈ ਕੀਤੀ। ਕੈਂਪ ਵਿੱਚ ਸਿਮਰਿਤਾ ਬਲੱਡ ਬੈਂਕ ਦੀ ਟੀਮ ਅਤੇ ਇੰਚਾਰਜ ਗੁਰਦਰਸ਼ਨ ਸਿੰਘ ਨੇ 51 ਯੂਨਿਟ ਦੇ ਕਰੀਬ ਖ਼ੂਨ ਇਕੱਤਰ ਕੀਤਾ।

ਕੈਂਪ ਵਿੱਚ ਮੁੱਖ ਮਹਿਮਾਨ ਖ਼ੂਨਦਾਨ ਕੈਂਪ ਵਿੱਚ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਰਾਜਪੁਰਾ ਦੇ ਸਾਥੀ ਰਾਜਪੁਰਾ ਬਲਾਕ ਪ੍ਰਧਾਨ ਜਰਨੈਲ ਸਿੰਘ, ਬਲਾਕ ਖਜ਼ਾਨਚੀ ਮਹਿੰਦਰ ਸਿੰਘ, ਲਖਬੀਰ ਸਿੰਘ, ਚਰਨਜੀਤ ਸਿੰਘ, ਸਤਨਾਮ ਸਿੰਘ, ਮਹਾ ਸਿੰਘ, ਸੰਜੀਵ ਸਿੰਘ, ਮੱਖਣ ਸਿੰਘ, ਭੁਪਿੰਦਰ ਸ਼ਰਮਾ ਤੇ ਪ੍ਰਵੇਸ਼ ਸ਼ਰਮਾ ਸੇਵਾ ਨਿਭਾਈ ਗਈ।

# ਪੁਲਿਸ ਵੱਲੋਂ ਸੋਨੇ ਦੀਆਂ ਚੇਨਾਂ ਝਪਟਣ ਵਾਲਾ ਅੰਤਰ-ਰਾਜੀ ਗਿਰੋਹ ਕਾਬੂ



ਅੰਤਰ-ਰਾਜੀ ਗਰੋਹ ਬਾਰੇ ਜਾਣਕਾਰੀ ਦਿੰਦੇ ਹੋਏ ਐੱਸਐੱਸਪੀ ਗੌਰਵ ਤੂਰਾ।

**ਚੰਡੀਗੜ੍ਹ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਨੂੰ ਸੋਨੇ ਦੀਆਂ ਚੇਨਾਂ ਝਪਟਣ ਵਾਲਾ ਅੰਤਰ-ਰਾਜੀ ਗਰੋਹ ਫੜਿਆ ਹੈ। ਇਸ ਸਬੰਧੀ ਸਥਾਨਕ ਪੁਲੀਸ ਲਾਈਨ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਐੱਸਐੱਸਪੀ ਗੌਰਵ ਤੂਰਾ ਨੇ ਦੱਸਿਆ ਕਿ ਸੱਤ ਰਾਜਾਂ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ, ਉੱਤਰ ਪ੍ਰਦੇਸ਼, ਤੇਲੰਗਾਨਾ, ਮਹਾਰਾਸ਼ਟਰ ਆਦਿ ਰਾਜਾਂ ਵਿੱਚ ਚੇਨ ਸਨੈਚਿੰਗ ਕਰਨ ਵਾਲੇ ਗਰੋਹ ਨੂੰ ਫੜਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਗਰੋਹ ਦੇ ਦੋ ਕਥਿਤ ਦੋਸ਼ੀ ਰਾਜਵੀਰ ਵਾਸੀ ਜ਼ਿਲ੍ਹਾ ਸ਼ਾਮਲੀ, ਯੂਪੀ ਅਤੇ ਮੰਗਲ ਵਾਸੀ ਸ਼ਾਮਲੀ ਉੱਤਰ ਪ੍ਰਦੇਸ਼ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਢਲੀ ਪੁੱਛ-ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਇਨ੍ਹਾਂ ਖ਼ਿਲਾਫ਼ ਪਹਿਲਾਂ ਵੀ ਸੰਗੀਨ ਮੁਕੱਦਮੇ ਦਰਜ ਹਨ। ਮੰਗਲ ਉੱਤੇ ਵੱਖ ਵੱਖ ਰਾਜਾਂ ਵਿੱਚ 36 ਮੁਕੱਦਮੇ ਦਰਜ ਹਨ। ਇਸੇ ਤਰ੍ਹਾਂ ਰਾਜਵੀਰ 'ਤੇ 3 ਮੁਕੱਦਮੇ ਦਰਜ ਹਨ। ਇਨ੍ਹਾਂ ਦੋਵਾਂ ਉੱਪਰ ਪੰਜਾਬ ਤੋਂ ਬਾਹਰ 26 ਅਤੇ ਪੰਜਾਬ ਵਿੱਚ 10 ਮੁਕੱਦਮੇ ਦਰਜ ਹਨ।

ਪੁਲੀਸ ਨੂੰ ਮੁੱਢਲੀ ਪੁੱਛ-ਪੜਤਾਲ ਦੌਰਾਨ ਇਨ੍ਹਾਂ ਕੋਲੋਂ ਮੰਗਲ ਸੂਤਰ, ਦੋ ਸੋਨੇ ਦੀਆਂ ਚੇਨਾਂ ਅਤੇ ਮੋਟਰਸਾਈਕਲ ਬਰਾਮਦ ਹੋਇਆ ਹੈ। ਇਹ ਸਨੈਚਿੰਗ ਦਾ ਸਾਮਾਨ ਸ਼ਾਮਲੀ ਭੇਜ ਦਿੰਦੇ ਸਨ। ਮੁਢਲੀ ਪੁੱਛ-ਪੜਤਾਲ ਦੌਰਾਨ ਇਨ੍ਹਾਂ ਨਾਲ ਇਕ ਹੋਰ ਵਿਅਕਤੀ ਵੀ ਸ਼ਾਮਲ ਦੱਸਿਆ ਜਾਂਦਾ ਹੈ। ਕਪੂਰਥਲਾ ਪੁਲੀਸ ਵੱਲੋਂ ਇਕ ਪੁਲੀਸ ਪਾਰਟੀ ਸ਼ਾਮਲੀ ਭੇਜੀ ਗਈ ਹੈ ਜੋ ਯੂਪੀ ਪੁਲੀਸ ਨਾਲ ਮਿਲ ਕੇ ਕੰਮ ਕਰ ਰਹੀ ਹੈ। ਇਨ੍ਹਾਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਹੈ ਜਿੱਥੋਂ ਇਨ੍ਹਾਂ ਦਾ ਚਾਰ ਦਿਨ ਦਾ ਪੁਲੀਸ ਰਿਮਾਂਡ ਮਿਲਿਆ ਹੈ। ਐੱਸਐੱਸਪੀ ਨੇ ਦੱਸਿਆ ਕਿ ਇਨ੍ਹਾਂ ਦੀ ਗ੍ਰਿਫ਼ਤਾਰੀ ਨਾਲ ਬਹੁਤ ਸਾਰੇ ਮੁਕੱਦਮੇ ਹੱਲ ਹੋ ਗਏ ਹਨ।

# ਸਾਹਿਤਕਾਰਾਂ ਨੇ ਗੀਤਾਂ ਤੇ ਗਜ਼ਲਾਂ ਨਾਲ ਰੰਗ ਬੰਨ੍ਹਿਆ

**ਪਾਤੜਾਂ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਸਾਹਿਤ ਸਭਾ ਪਾਤੜਾਂ ਦੀ ਮਹੀਨਾਵਾਰ ਮੀਟਿੰਗ ਬੱਤਰਾ ਅਕੈਡਮੀ ਪਾਤੜਾਂ ਦੇ ਵਿਹੜੇ ਵਿੱਚ ਸਭਾ ਦੇ ਪ੍ਰਧਾਨ ਤਰਸੇਮ ਸਿੰਘ ਖਾਸਪੁਰੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਪ੍ਰਧਾਨ ਤਰਸੇਮ ਖਾਨਪੁਰੀ, ਗੁਰਨਾਮ ਸਿੰਘ ਚੌਹਾਨ, ਨਿਰਮਲਾ ਗਰਗ, ਗੁਰਚਰਨ ਸਿੰਘ ਧੰਜੂ ਅਤੇ ਅਨੀਤਾ ਅਰੋੜਾ ਨੇ ਸਾਹਿਤ ਦੇ ਵੱਖ-ਵੱਖ ਵਿਸ਼ਿਆਂ ਸੂਫ਼ੀ ਸਾਹਿਤ, ਪੰਜਾਬੀ ਸਾਹਿਤ ਦੇ ਨਾਲ ਗੀਤ, ਗ਼ਜ਼ਲਾਂ ਤੇ ਕਵਿਤਾਵਾਂ ਸੁਣਾ ਕੇ ਖ਼ੂਬ ਰੰਗ ਬੰਨ੍ਹਿਆ। ਇਸੇ ਦੌਰਾਨ ਨਵੇਂ ਆਏ ਕਲਮਕਾਰਾਂ ਨੂੰ ਜੀ ਆਇਆਂ ਆਖਦਿਆਂ ਉਨ੍ਹਾਂ ਦੀ ਹੌਸਲਾ-ਅਫਜ਼ਾਈ ਕੀਤੀ ਗਈ। ਸਾਹਿਤਕਾਰ ਰਾਮਫਲ ਰਾਜਲਹੇੜੀ, ਜਗਵਿੰਦਰ ਰਾਜਲਹੇੜੀ, ਫਤਿਹ ਰੰਧਾਵਾ, ਰਣਵਿੰਦਰ ਕਾਕਾ ਹਰੀਗੜ੍ਹ, ਜੋਗਿੰਦਰ ਪਤੰਗਾ, ਕਾਲਾ ਸਿੰਘ, ਹਰਪਾਲ ਸਿੰਘ ਸਨੇਹੀ, ਪ੍ਰਗਟ ਸਿੰਘ, ਗੁਰਦੀਪ ਸਿੰਘ ਆਦਿ ਨੇ ਸਾਹਿਤਕ ਵਨਗੀਆਂ ਨਾਲ ਹਾਜ਼ਰੀ ਲਗਵਾਈ।

# ਪੰਜਾਬੀ ਵੈਬ ਸੀਰੀਜ ਚੌਕੀਦਾਰ ਲੈ ਕੇ ਹਾਜ਼ਰ ਹਨ ਫਿਲਮਕਾਰ:ਇਕਬਾਲ ਗੱਜਣ



**ਚੰਡੀਗੜ੍ਹ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਾਰਥਿਕ ਪੰਜਾਬੀ ਰੰਗਮੰਚ ਦੀ ਸਿਰਮੌਰ ਸ਼ਖਸੀਅਤ ਅਤੇ ਪੰਜਾਬੀ ਫੀਚਰ ਫਿਲਮ 'ਪਗੜੀ ਸੰਭਾਲ ਜੱਟਾ' ਦੇ ਹੀਰੋ ਇਕਬਾਲ ਗੱਜਣ ਲੰਮੇ ਸਮੇ ਬਾਅਦ ਆਪਣਾ ਨਵਾਂ ਪਰੋਜੈਕਟ ਪੰਜਾਬੀ ਵੈਬ ਸੀਰੀਜ ਚੌਕੀਦਾਰ ਲੈ ਕੇ ਹਾਜਰ ਹੋਏ ਹਨ।ਫਿਲਮ ਨਗਰੀ ਮੁੰਬਈ ਚ ਕਾਫੀ ਸਰਗਰਮ ਰਹੇ ਫਿਲਮਕਾਰ ਇਕਬਾਲ ਗੱਜਣ ਸਮਾਜਵਾਦੀ ਅਤੇ ਮਾਨਵਵਾਦੀ ਵਿਚਾਰਧਾਰਾ ਦੇ ਇਕ ਅਜਿਹੇ ਕ੍ਰਾਂਤੀਕਾਰੀ ਤੇ ਉਘੇ ਰੰਗਕਰਮੀ ਹਨ ,,ਜਿਨ੍ਹਾਂ ਦੀ ਹਮੇਸ਼ਾਂ ਇੱਛਾ ਰਹੀ ਹੈ,ਕਿ ਜਿਵੇ ਕਿਵੇਂ ਵੀ ਹੋ ਸਕੇ ,ਕਲਾ ਦਾ ਮੁਖ ਪ੍ਰਯੋਜਨ ਸਮਾਜਕ ਭਲਾਈ ਹੋਣਾ ਚਾਹੀਦਾ ਹੈ।ਵੈਬ ਸੀਰੀਜ ਚੌਕੀਦਾਰ ਰਾਹੀਂ ਗੱਜਣ ਨੇ ਅਜੋਕੇ ਪੰਜਾਬ ਦੇ ਸਮਾਜਕ ਹਾਲਾਤਾਂ ਉਪਰ ਚਾਨਣਾ ਪਾਉਂਦੇ ਹੋਏਏ, ਸਮਾਜ ਦੇ ਪੱਛੜੇ ਲੋਕਾਂ ਦਾ ਦੁੱਖ ਦਰਦ ਬਿਆਨ ਕੀਤਾ ਅਤੇ ਮੌਜੂਦਾ ਭ੍ਰਿਸ਼ਟ ਸਿਸਟਮ ਨੂੰ ਦੋਸ਼ੀ ਕਰਾਰ ਦਿੱਤਾ ਹੈ। ਪੰਜਾਬੀ ਰੰਗਮੰਚ ਦੀਆਂ ਸਿਰਮੌਰ ਸ਼ਖਸੀਅਤਾਂ ਗੁਰਸ਼ਰਨ ਭਾਅ ਜੀ ਅਤੇ ਹਰਪਾਲ ਟਿਵਾਣਾ ਜੀ ਨਾਲ ਲੰਮਾ ਸਮਾ ਕੰਮ ਕਰ ਚੁੱਕੇ ਇਕਬਾਲ ਗੱਜਣ ਜੀ ਆਪਣੇ ਗਰੁੱਪ ਆਜਾਦ ਕਲਾ ਮੰਚ ਰਾਹੀਂ ਜਗ੍ਹਾਂ ਜਗ੍ਹਾਂ ਨਾਟਕਾਂ ਦਾ ਆਯੋਜਨ ਕਰਕੇ ਮਾਨਵਤਾ ਦੇ ਕੌਮਾਂਤਰੀ ਫਲਸਫੇ ਇਨਸ਼ਾਨੀਅਤ ਜ਼ਿੰਦਾਬਾਦ - ਸੈਤਾਨੀਅਤ ਮੁਰਦਾਬਾਦ ਦੇ ਪ੍ਰਚਾਰ-ਪ੍ਰਸਾਰ ਲਈ ਯਤਨਸ਼ੀਲ ਹਨ। ਗੱਜਣ ਜੀ ਦਾ ਕਹਿਣਾ ਹੈ,ਕਿ ਪਰੰਪਰਿਕ ਕਲਾ ਨਾਟਕ : ਇਕ ਅਜਿਹੀ ਕਲਾ ਹੈ, ਜਿਸ ਦਾ ਪ੍ਰਭਾਵ ਚਿਰ ਸਥਾਈ ਅਤੇ ਸੰਦੇਸ਼ ਬੜਾ ਹੀ ਉਤੇਜਕ ਹੁੰਦਾ ਹੈ। ਇਸੇ ਕਰਕੇ ਗੁਰਸ਼ਰਨ ਭਾਅ ਜੀ ਵਲੋਂ ਪਿੰਡਾਂ ਵਿੱਚ ਆਰੰਭ ਕੀਤੀ ਨਾਟਕ ਲਹਿਰ, ਲੋਕ ਲਹਿਰ ਦਾ ਰੂਪ ਧਾਰਨ ਕਰ ਗਈ ਸੀ। ,ਉਨ੍ਹਾਂ ਕਿਹਾ ਕਿ ਪਿਛਲੇ ਸਮੇ ਆਈ ਕਰੋਨਾ ਮਹਾਂਮਾਰੀ ਨੇ,ਪੰਜਾਬੀ ਰੰਗਮੰਚ ਨਾਟਕ ਕਲਾ ਨੂੰ ਆਪਣੀ ਸੁਭਾਵਿਕ ਚਾਲ ਤੋਂ ਬਹੁਤ ਪਛਾੜ ਕੇ ਰੱਖ ਦਿੱਤਾ। ਜਦਕਿ ਸਦੀਵੀ ਵਿਛੋੜਾ ਦੇ ਚੁੱਕੇ ਭਾਈ ਮੰਨਾ,,,,ਆਦਰਨੀਯ ਨਾਟਕਕਾਰ ਗੁਰਸ਼ਰਨ ਸਿੰਘ ਜੀ ਦੇ ਸਮੇ ਇਸ ਕਲਾ ਵੱਲ ਆਮ ਲੋਕਾਂ ਦਾ ਆਕਰਸ਼ਣ ਬਹੁਤ ਵਧਿਆ ਸੀ।ਦਰਅਸਲ ਇਹ ਕਲਾ ਆਰੰਭ ਤੋਂ ਹੀ ਮਨੋਰੰਜਨ ਦੇ ਨਾਲ ਨਾਲ ਪੰਜਾਬੀਆਂ ਦੇ ਮਨਾਂ 'ਚ ਕਰਾਂਤੀ ਦੀ ਜੋਤ ਵੀ ਜਗਾਉਂਦੀ ਆ ਰਹੀ ਹੈ। ਪਿੰਡਾਂ ਚ ਨਵੀਆਂ ਚੁਣੀਆਂ ਪੰਚਾਇਤਾਂ ਨੂੰ ਅਪੀਲ ਕਰਦਿਆਂ ਫਿਲਮਕਾਰ ਗੱਜਣ ਨੇ ਕਿਹਾ ਕਿ ਇਸ ਪਾਸੇ ਪੰਚਾਇਤਾਂ ਨੂੰ ਜ਼ਰਾ ਧਿਆਨ ਦੇਣਾ ਚਾਹੀਦਾ ਹੈ ! ਪਿੰਡਾਂ ਚ ਵੱਧ ਤੋਂ ਵੱਧ ਚੰਗੇ ਨਾਟਕਾਂ ਦਾ ਅਯੋਜਨ ਕਰਕੇ ਜਿਥੇ ,ਗਲੀ ਗਲੀ ਇਨਕਲਾਬੀ ਚੇਤਨਾਂ ਅਤੇ ਲੋਕਾਂ ਨੂੰ ਓਹਨਾਂ ਦੇ ਹੱਕਾਂ ਪ੍ਰਤੀ ਜਾਗਰੂਕ ਕੀਤਾ ਜਾ ਸਕਦਾ ਹੈ ,ਉੱਥੇ ਨਵੀਂ ਪੀੜ੍ਹੀ ਨੌਜਵਾਨਾਂ ਨੂੰ ਵੀ ਗੈਂਗਸਟਰ ਕਲਚਰ,ਨਸ਼ਿਆਂ ਦੀ ਦਲਦਲ,ਆਯਾਸੀ, ਵਿਭਚਾਰ ਤੇ ਹੋਰ ਸਮਾਜਕ ਬੁਰਾਈਆਂ ਤੋਂ ਬਚਾਇਆ ਜਾ ਸਕਦਾ ਹੈ।ਵਰਨਣਯੋਗ ਹੈ ਕਿ ਵੈਬ ਸੀਰੀਜ ਚੌਕੀਦਾਰ ਵਿਚ ਇਕਬਾਲ ਗੱਜਣ ਜੀ ਤੋਂ ਇਲਾਵਾ ਰਮਾ ਕੋਮਲ,ਕਰਮਜੀਤ ਕੌਰ,ਮਦਨ ਮੱਦੀ,ਖੁਸ਼ੀ ਗੱਜਣ,ਗੌਰਵ,ਸਾਗਰ ਬਿੰਦਰਾ,ਮਨਦੀਪ ਸ਼ਿਘ ਸਿੱਧੂ,ਕਿਰਨਪ੍ਰੀਤ ਕੌਰ,ਅਤੇ ਗਗਨਦੀਪ ਸਿੰਘ ਗੁਰਾਇਆ ਵਲੋਂ ਵੀ ਬਾਖੂਬੀ ਵੱਖ ਵੱਖ ਕਿਰਦਾਰ ਨਿਭਾਏ ਗਏ ਹਨ ਅਤੇ ਗੀਤ ਸੰਗੀਤ ਰਵਿੰਦਰ ਕੌਰ ਰਵੀ,ਜਗਮੇਲ ਭਾਨੂਆਂ,ਡੀ ਗਿਲ ਸਾਹਿਲ ਸਟਾਰ,ਹਰਮੀਤ ਜੱਸੀ ,ਸਾਹਬੀ ਸੰਘਾ,ਲਖਵਿੰਦਰ ਲਾਭ ਵਲੋਂ ਤਿਆਰ ਕੀਤਾ ਗਿਆ ਹੈ ।

# ਨਿਸ਼ਾਨ ਸਿੰਘ ਜੱਫਰਵਾਲ ਵੱਲੋਂ ਗੈਸ ਪ੍ਰਾਜੈਕਟ ਦਾ ਜਾਇਜ਼ਾ



**ਪਟਿਆਲਾ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਐੱਲਪੀਜੀ ਗੈਸ ਪ੍ਰਾਜੈਕਟ ਸਥਾਪਤ ਕੀਤਾ ਗਿਆ ਹੈ, ਜਿਸ ਨੂੰ ਛੇਤੀ ਹੀ ਸੰਗਤ ਨੂੰ ਸਮਰਪਿਤ ਕੀਤਾ ਜਾਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਇਸ ਪ੍ਰਾਜੈਕਟ ਦਾ ਉਦਘਾਟਨ 6 ਦਸੰਬਰ ਨੂੰ ਕਰਨਗੇ।

ਅੱਜ ਗੁਰਦੁਆਰਾ ਸਾਹਿਬ ਦੇ ਮੈਨੇਜਰ ਨਿਸ਼ਾਨ ਸਿੰਘ ਜੱਫਰਵਾਲ ਨੇ ਉਦਘਾਟਨੀ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਨਿਸ਼ਾਨ ਸਿੰਘ ਜੱਫਰਵਾਲ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਲੰਗਰ ਅਤੇ ਕੜਾਹ ਪ੍ਰਸ਼ਾਦਿ ਕਾਊਂਟਰਾਂ ਲਈ ਐੱਲਪੀਜੀ ਗੈਸ ਪਾਈਪਲਾਈਨ ਪ੍ਰਾਜੈਕਟ ਸਥਾਪਿਤ ਹੋ ਚੁੱਕਾ ਹੈ, ਜੋ ਵਧੇਰੇ ਲਾਹੇਵੰਦ ਸਾਬਤ ਹੋਵੇਗਾ। ਇਸ ਮੌਕੇ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਬਾਬਾ ਇੰਦਰ ਸਿੰਘ ਕਾਰ ਸੇਵਾ ਵਾਲੇ, ਮੀਤ ਮੈਨੇਜਰ ਭਾਗ ਸਿੰਘ ਚੌਹਾਨ, ਰਿਕਾਰਡ ਕੀਪਰ ਤਰਸਵੀਰ ਸਿੰਘ, ਸਹਾਇਕ ਰਿਕਾਰਡ ਕੀਪਰ ਹਜ਼ੂਰ ਸਿੰਘ ਤੇ ਮਨਜੀਤ ਸਿੰਘ ਪਵਾਰ ਆਦਿ ਹਾਜ਼ਰ ਸਨ।

# ਜ਼ਮੀਨ ਦੇ ਇੰਤਕਾਲ ਬਦਲੇ 10,000 ਰੁਪਏ ਰਿਸ਼ਵਤ ਲੈਂਦਾ ਮਾਲ ਪਟਵਾਰੀ ਵਿਜੀਲੈਂਸ ਵੱਲੋਂ ਰੰਗੇ ਹੱਥੀਂ ਕਾਬੂ

## ਮੁਲਜ਼ਮ, ਇਸ ਤੋਂ ਪਹਿਲਾਂ ਜ਼ਮੀਨ ਦੇ ਤਬਾਦਲੇ ਲਈ ਲੈ ਚੁੱਕਾ ਸੀ 10,000 ਰੁਪਏ ਰਿਸ਼ਵਤ



**ਚੰਡੀਗੜ੍ਹ, 5 ਦਸੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਐਸ.ਬੀ.ਐਸ.ਨਗਰ ਜ਼ਿਲ੍ਹੇ ਦੇ ਮਾਲ ਹਲਕਾ ਸਲੋਹ ਵਿਖੇ ਤਾਇਨਾਤ ਮਾਲ ਪਟਵਾਰੀ ਗੌਰਵ ਗੁਪਤਾ, ਜਿਸ ਕੋਲ ਫਾਂਬੜਾ ਹਲਕੇ ਦਾ ਵਾਧੂ ਚਾਰਜ ਵੀ ਹੈ, ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਉਕਤ ਮਾਲ ਅਧਿਕਾਰੀ ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਗੜ੍ਹੀ ਸ਼ੇਰੂ ਦੇ ਵਸਨੀਕ ਕੇਸਰ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਕਿ ਉਕਤ ਪਟਵਾਰੀ ਨੇ ਉਸਦੇ ਪਰਿਵਾਰ ਦੇ ਜ਼ਮੀਨ ਦੇ ਤਬਾਦਲੇ ਸਬੰਧੀ ਕੇਸ ਦਾ ਨਿਪਟਾਰਾ ਕਰਨ ਬਦਲੇ ਉਸ ਤੋਂ 20000 ਰੁਪਏ ਰਿਸ਼ਵਤ ਮੰਗੀ ਹੈ ਅਤੇ ਇਸ ਸਬੰਧੀ 10000 ਰੁਪਏ ਉਹ ਪਹਿਲਾਂ ਹੀ ਲੈ ਚੁੱਕਾ ਹੈ। ਉਸ ਨੇ ਅੱਗੇ ਦੋਸ਼ ਲਾਇਆ ਕਿ ਕਥਿਤ ਮੁਲਜ਼ਮ ਪਟਵਾਰੀ ਉਕਤ ਜ਼ਮੀਨ ਦੇ ਇੰਤਕਾਲ ਬਦਲੇ ਉਸ ਤੋਂ ਰਿਸ਼ਵਤ ਦੀ ਬਾਕੀ ਰਹਿੰਦੀ ਰਕਮ ਮੰਗ ਰਿਹਾ ਹੈ ਅਤੇ ਉਸਨੇ ਇਸ ਸਬੰਧੀ ਪਟਵਾਰੀ ਨਾਲ ਹੋਈ ਗੱਲਬਾਤ ਰਿਕਾਰਡ ਕਰ ਲਈ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਮੁਲਜ਼ਮ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੀ ਰਕਮ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ।

ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਨੂੰ ਭਲਕੇ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਰੋਸ ਮਾਰਚ ਕਰਦੇ ਭਾਜਪਾ ਆਗੂਆਂ ਤੇ ਪੁਲੀਸ ਵਿਚਾਲੇ ਖਿੱਚ-ਧੂਹ; ਸ਼ਹੀਦ ਭਗਤ ਸਿੰਘ ਦੇ ਬੁੱਤ ਦਾ ਮਾਮਲਾ ਭੱਖਿਆ

## ਮੁਹਾਲੀ ਪੁਲੀਸ ਨੇ ਕਈ ਆਗੂ ਹਿਰਾਸਤ 'ਚ ਲਏ; ਪੁਲੀਸ ਨੇ ਹਵਾਈ ਅੱਡੇ ਨੇੜੇ ਚੌਕਸੀ ਵਧਾਈ

**ਮੁਹਾਲੀ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡੇ 'ਤੇ ਲਗਾਏ ਸ਼ਹੀਦ ਭਗਤ ਸਿੰਘ ਦੇ ਬੁੱਤ ਤੋਂ ਪੰਜਾਬ ਦੀ ਸਿਆਸਤ ਭਖ ਗਈ ਹੈ। ਇਸ ਮਾਮਲੇ 'ਤੇ ਭਾਜਪਾ ਅਤੇ 'ਆਪ' ਆਗੂਆਂ ਵੱਲੋਂ ਇੱਕ-ਦੂਜੇ 'ਤੇ ਸਿਆਸੀ ਹਮਲੇ ਕੀਤੇ ਜਾ ਰਹੇ ਹਨ। ਬੁੱਤ ਦੇ ਉਦਘਾਟਨ 'ਚ ਦੇਰੀ ਖ਼ਿਲਾਫ਼ ਭਾਜਪਾ ਦੇ ਸੀਨੀਅਰ ਆਗੂਆਂ ਅਤੇ ਵਰਕਰਾਂ ਨੇ ਮੁਹਾਲੀ ਵਿੱਚ ਰੋਸ ਮਾਰਚ ਕੀਤਾ। ਅੱਜ ਭਾਜਪਾ ਆਗੂ ਅਤੇ ਵਰਕਰ ਸੈਕਟਰ-82 ਸਥਿਤ ਐਰੋਸਿਟੀ ਵਿੱਚ ਇਕੱਠੇ ਹੋਏ ਅਤੇ ਇੱਥੋਂ ਸ਼ਹੀਦ ਭਗਤ ਸਿੰਘ ਦੇ ਬੁੱਤ ਤੋਂ ਪਰਦਾ ਚੁੱਕਣ ਲਈ ਮਾਰਚ ਕਰਦੇ ਹੋਏ ਹਵਾਈ ਅੱਡੇ ਵੱਲ ਚੱਲ ਪਏ ਪਰ ਮੁਹਾਲੀ ਪੁਲੀਸ ਨੇ ਬੈਰੀਕੇਡਿੰਗ ਕਰ ਕੇ ਉਨ੍ਹਾਂ ਨੂੰ ਰੋਕ ਲਿਆ। ਇਸ ਦੌਰਾਨ ਪੁਲੀਸ ਨਾਲ ਭਾਜਪਾ ਵਰਕਰਾਂ ਦੀ ਖਿੱਚ-ਧੂਹ ਵੀ ਹੋਈ। ਪੁਲੀਸ ਨੇ ਰੋਸ ਪ੍ਰਗਟ ਕਰ ਰਹੇ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਸੁਭਾਸ਼ ਸ਼ਰਮਾ, ਮੁੱਖ ਬੁਲਾਰੇ ਸਰੀਨ ਅਤੇ ਵਿਨੀਤ ਜੋਸ਼ੀ ਸਣੇ ਹੋਰ ਕਈ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ। ਉਨ੍ਹਾਂ ਨੂੰ ਸ਼ਾਮ ਤੱਕ ਮਟੌਰ ਥਾਣੇ ਵਿੱਚ ਰੱਖਿਆ ਗਿਆ ਜਦੋਂਕਿ ਭਾਜਪਾ ਦੇ ਸੀਨੀਅਰ ਆਗੂ ਕੇਵਲ ਸਿੰਘ ਢਿੱਲੋਂ ਅਤੇ ਫ਼ਤਹਿ ਜੰਗ ਸਿੰਘ ਬਾਜਵਾ ਹਵਾਈ ਅੱਡਾ ਚੌਕ ਨੇੜੇ ਹੀ ਡਟੇ ਰਹੇ।

ਇਸ ਦੇ ਮੱਦੇਨਜ਼ਰ ਪੁਲੀਸ ਨੇ ਹਵਾਈ ਅੱਡੇ ਨੇੜੇ ਚੌਕਸੀ ਵਧਾ ਦਿੱਤੀ ਹੈ। ਇਸ ਮੌਕੇ ਭਾਜਪਾ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਕੋਲ ਹਵਾਈ ਅੱਡੇ 'ਤੇ ਸਥਾਪਿਤ ਸ਼ਹੀਦ ਭਗਤ ਸਿੰਘ ਦੇ ਬੁੱਤ ਤੋਂ ਪਰਦਾ ਚੁੱਕਣ ਦਾ ਸਮਾਂ ਨਹੀਂ ਹੈ। ਇਸ ਕਰ ਭਾਜਪਾ ਨੂੰ ਖ਼ੁਦ ਹੀ ਬੁੱਤ ਤੋਂ ਪਰਦਾ ਚੁੱਕਣਾ ਪਵੇਗਾ।

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਟਵੀਟ ਕਰ ਕੇ ਚਾਰ ਦਸੰਬਰ ਨੂੰ ਸਵੇਰੇ 11 ਵਜੇ ਮੁਹਾਲੀ ਕੌਮਾਂਤਰੀ ਹਵਾਈ ਅੱਡੇ 'ਤੇ ਸ਼ਹੀਦ ਭਗਤ ਸਿੰਘ ਦੇ ਬੁੱਤ ਤੋਂ ਪਰਦਾ ਚੁੱਕਣ ਬਾਰੇ ਜਾਣਕਾਰੀ ਦੇਣ ਮਗਰੋਂ ਭਾਜਪਾ ਆਗੂਆਂ ਨੇ ਕਿਹਾ ਕਿ ਜੇ ਮੁੱਖ ਮੰਤਰੀ ਪਹਿਲਾਂ ਹੀ ਇਹ ਐਲਾਨ ਕਰ ਦਿੰਦੇ ਤਾਂ ਅੱਜ ਉਨ੍ਹਾਂ ਨੂੰ ਇਹ ਕਦਮ ਨਾ ਚੁੱਕਣਾ ਪੈਂਦਾ।

**ਮੁੱਖ ਮੰਤਰੀ ਭਗਵੰਤ ਮਾਨ ਅੱਜ ਕਰਨਗੇ ਬੁੱਤ ਦਾ ਉਦਘਾਟਨ**

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 4 ਦਸੰਬਰ ਨੂੰ ਸਵੇਰੇ 11 ਵਜੇ ਮੁਹਾਲੀ ਕੌਮਾਂਤਰੀ ਹਵਾਈ ਅੱਡੇ 'ਤੇ ਸ਼ਹੀਦ ਭਗਤ ਸਿੰਘ ਦੇ ਬੁੱਤ ਦਾ ਉਦਘਾਟਨ ਕੀਤਾ ਜਾਵੇਗਾ।

ਉਂਜ ਇਸ ਤੋਂ ਪਹਿਲਾਂ ਵੀ ਮੁੱਖ ਮੰਤਰੀ ਨੇ ਅਕਤੂਬਰ ਦੇ ਪਹਿਲੇ ਹਫ਼ਤੇ ਬੁੱਤ ਤੋਂ ਪਰਦਾ ਚੁੱਕਣ ਦਾ ਪ੍ਰੋਗਰਾਮ ਉਲੀਕਿਆ ਸੀ ਪਰ ਉਦੋਂ ਅਚਾਨਕ ਸਿਹਤ ਖ਼ਰਾਬ ਹੋਣ ਕਾਰਨ ਉਨ੍ਹਾਂ ਨੂੰ ਕਈ ਦਿਨ ਫੋਰਟਿਸ ਹਸਪਤਾਲ ਵਿੱਚ ਕਈ ਦਿਨਾਂ ਤਕ ਦਾਖ਼ਲ ਰਹਿਣਾ ਪਿਆ ਸੀ। ਇਸ ਮਗਰੋਂ ਉਨ੍ਹਾਂ ਨੇ ਫਿਰ ਤੋਂ ਉਦਘਾਟਨ ਕਰਨਾ ਚਾਹਿਆ ਤਾਂ ਸੂਬੇ ਵਿੱਚ ਹੋਈਆਂ ਜ਼ਿਮਨੀ ਚੋਣਾਂ ਕਾਰਨ ਚੋਣ ਜ਼ਾਬਤਾ ਲੱਗ ਗਿਆ ਜਿਸ ਕਾਰਨ ਕੌਮਾਂਤਰੀ ਹਵਾਈ ਅੱਡੇ 'ਤੇ ਸ਼ਹੀਦ ਭਗਤ ਸਿੰਘ ਦੇ ਬੁੱਤ ਦੇ ਉਦਘਾਟਨ ਦਾ ਮਾਮਲਾ ਲਟਕ ਗਿਆ ਸੀ। ਇਸ ਸਬੰਧੀ ਸੂਤਰ ਦੱਸਦੇ ਹਨ ਕਿ ਹੁਣ ਮੁੱਖ ਮੰਤਰੀ ਤਿੰਨ ਦਸੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਬੁੱਤ ਤੋਂ ਪਰਦਾ ਚੁੱਕਣ ਦਾ ਪ੍ਰੋਗਰਾਮ ਬਣਾ ਰਹੇ ਸਨ। ਹਾਲਾਂਕਿ, ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਚੰਡੀਗੜ੍ਹ ਫੇਰੀ ਕਾਰਨ ਸੁਰੱਖਿਆ ਪ੍ਰਬੰਧਾਂ ਦੇ ਮੱਦੇਨਜ਼ਰ ਮੁੱਖ ਮੰਤਰੀ ਨੂੰ ਸ਼ਹੀਦ ਭਗਤ ਸਿੰਘ ਦੇ ਬੁੱਤ ਦੇ ਉਦਘਾਟਨ ਸਬੰਧੀ ਸਮਾਗਮ ਕਰਨ ਦੀ ਇਜਾਜ਼ਤ ਨਹੀਂ ਮਿਲੀ।

# ਕਿਸਾਨਾਂ ਲਈ ਕੇਂਦਰ ਨਾਲ ਗੱਲਬਾਤ ਕਰਨ ਦਾ ਇਹ ਢੁਕਵਾਂ ਸਮਾਂ: ਜਾਖੜ

## ਜਾਖੜ ਨੇ 'ਕਿਸਾਨ ਤੇ ਕਿਸਾਨੀ' ਦੁਆਲੇ ਘੁਮਾਈ ਸਿਆਸਤ

**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਭਾਜਪਾ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਮਗਰੋਂ ਸੀਨੀਅਰ ਆਗੂ ਸੁਨੀਲ ਜਾਖੜ ਹੁਣ ਆਪਣੀ ਸਿਆਸਤ ਵਿੱਚ 'ਕਿਸਾਨ ਤੇ ਕਿਸਾਨੀ' ਨੂੰ ਕੇਂਦਰ ਬਿੰਦੂ 'ਚ ਰੱਖਣ ਲੱਗੇ ਹਨ। ਸੁਨੀਲ ਜਾਖੜ ਦੇ ਪਿਤਾ ਲੋਕ ਸਭਾ ਦੇ ਸਾਬਕਾ ਸਪੀਕਰ ਮਰਹੂਮ ਬਲਰਾਮ ਜਾਖੜ ਖੇਤੀ ਵਿਭਿੰਨਤਾ ਵਿੱਚ ਪਾਏ ਯੋਗਦਾਨ ਕਾਰਨ ਜਾਣੇ ਜਾਂਦੇ ਸਨ। ਬਲਰਾਮ ਜਾਖੜ ਨੂੰ ਅਬੋਹਰ ਤੇ ਫ਼ਾਜ਼ਿਲਕਾ ਦੇ ਖ਼ਿੱਤੇ ਵਿੱਚ ਕਿੰਨੂ ਅਤੇ ਅੰਗੂਰਾਂ ਦੇ ਬਾਗ਼ ਲਿਆਉਣ ਦਾ ਸਿਹਰਾ ਦਿੱਤਾ ਜਾਂਦਾ ਹੈ। ਬਲਰਾਮ ਜਾਖੜ 1965 ਵਿੱਚ ਕਿਸਾਨ ਜਥੇਬੰਦੀ 'ਭਾਰਤੀਆ ਕ੍ਰਿਸ਼ਕ ਸਮਾਜ' ਦੇ ਮੋਹਰੀ ਸਨ। ਇਸੇ ਸਿਆਸੀ ਵਿਰਾਸਤ ਨੂੰ ਸੁਨੀਲ ਜਾਖੜ ਅੱਗੇ ਵਧਾਉਂਦੇ ਨਜ਼ਰ ਆ ਰਹੇ ਹਨ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਸੁਨੀਲ ਜਾਖੜ ਦੇ ਅਸਤੀਫ਼ੇ 'ਤੇ ਹਾਲੇ ਤੱਕ ਕੋਈ ਫ਼ੈਸਲਾ ਨਹੀਂ ਲਿਆ ਹੈ। ਹਾਲਾਂਕਿ ਸੁਨੀਲ ਜਾਖੜ ਪੰਜਾਬ ਵਿੱਚ ਹੋਈਆਂ ਜ਼ਿਮਨੀ ਚੋਣਾਂ ਅਤੇ ਪੰਚਾਇਤੀ ਚੋਣਾਂ ਤੋਂ ਲਾਂਭੇ ਰਹੇ ਹਨ। ਸੁਨੀਲ ਜਾਖੜ ਨੇ ਆਪਣੀ ਸਿਆਸਤ ਹੁਣ 'ਕਿਸਾਨ ਤੇ ਕਿਸਾਨੀ' ਦੇ ਦੁਆਲੇ ਬੁਣਨੀ ਸ਼ੁਰੂ ਕੀਤੀ ਹੈ। ਉਹ ਕਿਸਾਨਾਂ ਦੇ ਮੁੱਦੇ 'ਤੇ ਕੇਂਦਰ ਦੀ ਭਾਜਪਾ ਸਰਕਾਰ ਦੀ ਅਸਿੱਧੇ ਤਰੀਕੇ ਨਾਲ ਸ਼ਲਾਘਾ ਕਰ ਰਹੇ ਹਨ। ਅੱਜ ਉਨ੍ਹਾਂ 'ਐਕਸ' ਨੇ ਆਪਣੇ ਮਨ ਦੀ ਗੱਲ ਸਾਂਝੀ ਕੀਤੀ ਹੈ ਤੇ ਨਿਚੋੜ ਕੱਢਿਆ ਹੈ ਕਿ ਬਾਕੀਆਂ ਨੂੰ ਛੱਡ ਕੇ ਸਭ ਤੋਂ ਜ਼ਰੂਰੀ ਗੱਲ ਕਿਸਾਨ ਦੀ ਹੈ। ਸ੍ਰੀ ਜਾਖੜ ਨੂੰ ਇਸ ਵੇਲੇ ਬਾਕੀ ਮਸਲਿਆਂ ਨਾਲੋਂ ਕਿਸਾਨ ਦੀ ਤਕਲੀਫ਼ ਸਭ ਤੋਂ ਵੱਡੀ ਜਾਪਦੀ ਹੈ। ਇਸ ਸਬੰਧੀ ਪਹਿਲ ਉਨ੍ਹਾਂ ਉਸ ਵੇਲੇ ਕੀਤੀ ਜਦੋਂ ਉਨ੍ਹਾਂ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੂੰ ਕਿਹਾ ਕਿ ਪੰਜਾਬ ਅਤੇ ਕਿਸਾਨੀ ਲਈ ਕੁਝ ਕੀਤੇ ਬਿਨਾਂ ਸਰਨਾ ਨਹੀਂ। ਹਾਲਾਂਕਿ ਸੁਨੀਲ ਜਾਖੜ ਹੁਣ ਵਿਰੋਧੀ ਧਿਰਾਂ ਨੂੰ ਆਨੇ -ਬਹਾਨੇ ਨਿਸ਼ਾਨੇ 'ਤੇ ਲੈ ਰਹੇ ਹਨ। ਦੋ ਦਿਨ ਪਹਿਲਾਂ ਇੱਕ ਵੀਡੀਓ ਜ਼ਰੀਏ ਸੁਨੀਲ ਜਾਖੜ ਨੇ ਮੰਡੀਆਂ ਵਿੱਚ ਕਿਸਾਨਾਂ ਦੀ ਹੋਈ ਲੁੱਟ ਦਾ ਮਸਲਾ ਚੁੱਕਦਿਆਂ ਕਾਂਗਰਸ ਪਾਰਟੀ ਨੂੰ ਵੀ ਕਟਹਿਰੇ ਵਿੱਚ ਖੜ੍ਹਾ ਕੀਤਾ ਸੀ। ਉਨ੍ਹਾਂ ਕਾਂਗਰਸ ਨੂੰ ਮਸ਼ਵਰਾ ਦਿੱਤਾ ਸੀ ਕਿ ਰਾਜਨੀਤੀ ਕਰਨੀ ਛੱਡ ਕੇ ਕਿਸਾਨਾਂ ਦੀ ਆਵਾਜ਼ ਚੁੱਕੋ। ਉਨ੍ਹਾਂ ਗਿਲਾ ਕੀਤਾ ਸੀ ਕਿ ਕਿਸਾਨ ਦੀ ਆਵਾਜ਼ ਕੋਈ ਨਹੀਂ ਬਣ ਰਿਹਾ ਹੈ। ਕਾਂਗਰਸ ਜ਼ਿਮਨੀ ਚੋਣਾਂ ਵਿੱਚ ਹੀ ਉਲਝੀ ਰਹੀ ਤੇ ਮੰਡੀਆਂ ਵਿੱਚ ਕਿਸਾਨਾਂ ਦੀ ਲੁੱਟ ਹੁੰਦੀ ਰਹੀ। ਅੱਜ ਸੁਨੀਲ ਜਾਖੜ ਨੇ ਕਿਹਾ ਕਿ ਕਿਸਾਨਾਂ ਦੀ ਬਿਹਤਰੀ ਵਾਸਤੇ ਕੇਂਦਰ ਸਰਕਾਰ ਦੀ ਪਹੁੰਚ ਅਤੇ ਨਜ਼ਰੀਆ ਸਪਸ਼ਟ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੀ ਸ਼ਹਿ 'ਤੇ ਮੰਡੀਆਂ ਵਿੱਚ ਕਿਸਾਨਾਂ ਦੀ ਵੱਡੇ ਪੱਧਰ 'ਤੇ ਲੁੱਟ ਹੋਈ ਹੈ। ਇਸ ਲੁੱਟ ਮਗਰੋਂ ਕਿਸਾਨ ਹੁਣ ਕੇਂਦਰ ਤੋਂ ਆਸ ਲਾਈ ਬੈਠੇ ਹਨ ਜਿਸ ਦਾ ਇੱਕ ਕਾਰਨ ਇਹ ਵੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦੇ ਲੀਡਰ ਤਾਂ ਆਪਣੀ ਹੋਂਦ ਬਚਾਉਣ ਵਿਚ ਰੁੱਝੇ ਹੋਏ ਹਨ।

# ਆਮ ਆਦਮੀ ਪਾਰਟੀ ਦੀ ਚੋਣ ਕਮਿਸ਼ਨ ਨੂੰ ਅਪੀਲ - ਸ਼ਹੀਦੀ ਹਫਤੇ ਦੌਰਾਨ ਚੋਣਾਂ ਨਾ ਕਰਵਾਈਆਂ ਜਾਣ

## ਸ਼ਹੀਦੀ ਹਫ਼ਤਾ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ, ਚੋਣ ਕਮਿਸ਼ਨ ਨੂੰ ਤਰੀਕਾਂ ਦਾ ਐਲਾਨ ਕਰਨ ਤੋਂ ਪਹਿਲਾਂ ਵਿਚਾਰ ਕਰਨਾ ਚਾਹੀਦਾ ਹੈ: ਅਮਨ ਅਰੋੜਾ

**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ (ਆਪ) ਨੇ ਰਾਜ ਚੋਣ ਕਮਿਸ਼ਨ ਨੂੰ ਸ਼ਹੀਦੀ ਹਫ਼ਤੇ ਦੌਰਾਨ ਨਗਰ ਨਿਗਮ ਚੋਣਾਂ ਨਾ ਕਰਵਾਉਣ ਦੀ ਅਪੀਲ ਕੀਤੀ ਹੈ। 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਸ਼ਹੀਦੀ ਦਿਹਾੜਾ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਮਾਮਲਾ ਹੈ। ਚੋਣ ਕਮਿਸ਼ਨ ਨੂੰ ਤਰੀਕਾਂ ਦਾ ਐਲਾਨ ਕਰਨ ਤੋਂ ਪਹਿਲਾਂ ਇਸ 'ਤੇ ਵਿਚਾਰ ਕਰਨਾ ਚਾਹੀਦਾ ਹੈ।

ਅਰੋੜਾ ਨੇ ਕਿਹਾ ਕਿ ਅਸੀਂ ਇਸ ਮਾਮਲੇ ਨੂੰ ਲੈ ਕੇ ਚੋਣ ਕਮਿਸ਼ਨ ਦੇ ਸੀਈਓ ਕੋਲ ਚਿੰਤਾ ਜ਼ਾਹਰ ਕੀਤੀ ਹੈ। ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਧਾਰਮਿਕ ਜਥੇਬੰਦੀਆਂ ਨੇ ਵੀ ਇਹ ਮੁੱਦਾ ਉਠਾਇਆ ਹੈ। ਇਹ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਨ ਦਾ ਮਾਮਲਾ ਹੈ। ਸਾਡਾ ਇਹ ਵੀ ਮੰਨਣਾ ਹੈ ਕਿ ਸ਼ਹੀਦੀ ਹਫ਼ਤੇ ਦੌਰਾਨ ਚੋਣਾਂ ਨਹੀਂ ਹੋਣੀਆਂ ਚਾਹੀਦੀਆਂ।

ਅਰੋੜਾ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਫਤਹਿ ਸਿੰਘ ਅਤੇ ਬਾਬਾ ਜ਼ੋਰਾਵਰ ਸਿੰਘ ਜੀ ਦੀ ਕੁਰਬਾਨੀ ਸਿੱਖ ਧਰਮ ਲਈ ਹੀ ਨਹੀਂ ਸਗੋਂ ਸਮੁੱਚੇ ਦੇਸ਼ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਘਟਨਾ ਹੈ। ਉਨ੍ਹਾਂ ਦੀ ਸ਼ਹਾਦਤ ਸਾਡੇ ਸਾਰਿਆਂ ਲਈ ਪ੍ਰੇਰਨਾਦਾਇਕ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇੰਨੀ ਛੋਟੀ ਉਮਰ ਵਿੱਚ ਧਰਮ ਅਤੇ ਸਮਾਜ ਲਈ ਜੋ ਕੁਰਬਾਨੀ ਦਿੱਤੀ ਹੈ, ਉਹ ਦੁਨੀਆਂ ਦੇ ਇਤਿਹਾਸ ਵਿੱਚ ਕਿਤੇ ਵੀ ਬੇਮਿਸਾਲ ਹੈ।

'ਆਪ' ਦੇ ਸੂਬਾ ਪ੍ਰਧਾਨ ਨੇ ਕਿਹਾ ਕਿ ਸ਼ਹੀਦੀ ਹਫ਼ਤੇ ਦੌਰਾਨ ਪੂਰੇ ਪੰਜਾਬ ਵਿੱਚ ਸੋ?ਕ ਦਾ ਮਾਹੌਲ ਰਹਿੰਦਾ ਹੈ। ਛੋਟੇ ਸਾਹਿਬਜ਼ਾਦੇ ਦੀ ਸ਼ਹਾਦਤ ਨੂੰ ਯਾਦ ਕਰਕੇ ਲੋਕ ਉਦਾਸ ਰਹਿੰਦੇ ਹਨ। ਇਸ ਦੌਰਾਨ ਲੋਕ ਇੰਨੀ ਠੰਡ 'ਚ ਵੀ ਜ਼ਮੀਨ 'ਤੇ ਸੌਂਦੇ ਹਨ। ਇੱਸ ਸਮੇਂ ਕੋਈ ਸ਼ੁਭ ਸਮਾਗਮ ਜਾਂ ਤਿਉਹਾਰ ਨਹੀਂ ਹੁੰਦੇ ਹਨ। ਇਸ ਲਈ ਚੋਣ ਕਮਿਸ਼ਨ ਨੂੰ ਤਰੀਕਾਂ ਦਾ ਐਲਾਨ ਕਰਨ ਸਮੇਂ ਇਨ੍ਹਾਂ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਅਤੇ ਸੰਗਤਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਅਰੋੜਾ ਨੇ ਕਿਹਾ ਕਿ ਹਾਲਾਂਕਿ ਨਗਰ ਨਿਗਮ ਚੋਣਾਂ ਨੂੰ ਲੈ ਕੇ ਹਾਈ ਕੋਰਟ ਦੇ ਕੁਝ ਸਖ਼ਤ ਹੁਕਮ ਹਨ। ਕਮਿਸ਼ਨ ਨੇ ਅਦਾਲਤ ਦੇ ਹੁਕਮਾਂ ਤੋਂ ਬਾਅਦ ਤਰੀਕ ਤੈਅ ਕਰਨੀ ਹੈ।

# ਪਾਵਰਕੌਮ ਨੇ ਸਨਅਤਾਂ ਦੇ ਬਿੱਲ ਪੰਜਾਬੀ 'ਚ ਭੇਜਣੇ ਸ਼ੁਰੂ ਕੀਤੇ

**ਪਟਿਆਲਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪਾਵਰਕੌਮ) ਵੱਲੋਂ ਸਨਅਤੀ ਇਕਾਈਆਂ ਦੇ ਬਿਜਲੀ ਬਿੱਲ ਪੰਜਾਬੀ ?ਵਿਚ ਭੇਜਣੇ ਸ਼ੁਰੂ ਕਰ ਦਿੱਤੇ ਹਨ, ਜਦਕਿ ਘਰੇਲੂ ਖਪਤਕਾਰ ਨੂੰ ਅੱਜ ਵੀ ਬਿਜਲੀ ਦੇ ਬਿੱਲ ਅੰਗਰੇਜ਼ੀ ਵਿਚ ਹੀ ਭੇਜੇ ਜਾ ਰਹੇ ਹਨ। ਪੰਜਾਬੀ ਵਿਚ ਬਿੱਲ ਭੇਜਣ ਸਬੰਧੀ ਬੀਤੇ ਦਿਨੀਂ ਅਖ਼ਬਾਰਾਂ ਨੇ ਵਿਸ਼ੇਸ਼ ਤੌਰ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ। ਇਸ ਮਗਰੋਂ ਭਾਸ਼ਾ ਵਿਭਾਗ ਨੇ ਪਾਵਰਕੌਮ ਨੂੰ ਇਸ ਸਬੰਧੀ ਪੱਤਰ ਲਿਖਿਆ ਸੀ। ਇਸ ਤੋਂ ਪਹਿਲਾਂ ਲੁਧਿਆਣਾ ਤੋਂ ਹਰਬਖ਼ਸ਼ ਸਿੰਘ ਗਰੇਵਾਲ ਨੇ ਵੀ ਪੰਜਾਬੀ ਵਿਚ ਬਿੱਲ ਭੇਜਣ ਬਾਰੇ ਸੰਘਰਸ਼ ਜਾਰੀ ਰੱਖਿਆ ਸੀ ਤੇ ਰਾਮੇਸ਼ਵਰ ਸਿੰਘ ਨੇ ਵੀ ਇਸ ਸਬੰਧੀ ਭਾਸ਼ਾ ਵਿਭਾਗ ਦੇ ਨਿਰਦੇਸ਼ਕ ਨੂੰ ਸ਼ਿਕਾਇਤਾਂ ਕੀਤੀਆਂ ਸਨ। ਸਨਅਤੀ ਇਕਾਈਆਂ ਦੇ ਬਿੱਲ ਪੰਜਾਬੀ ਵਿੱਚ ਭੇਜਣ ਲਈ ਰਾਮੇਸ਼ਵਰ ਸਿੰਘ ਨੇ ਕਿਹਾ ਕਿ ਰਿਪੋਰਟਿੰਗ ਮਗਰੋਂ ਪਾਵਰਕੌਮ ਨੇ ਪੰਜਾਬੀ ਵਿੱਚ ਬਿੱਲ ਭੇਜਣੇ ਸ਼ੁਰੂ ਕੀਤੇ ਹਨ। ਉਨ੍ਹਾਂ ਕਿਹਾ ਕਿ ਜਿਉਂ ਹੀ ਰਿਪੋਰਟ ਪ੍ਰਕਾਸ਼ਿਤ ਹੋਈ ਤਾਂ ਪਾਵਰਕੌਮ ਨੇ ਕੁਝ ਬਿੱਲ ਪੰਜਾਬੀ ਵਿਚ ਭੇਜਣੇ ਸ਼ੁਰੂ ਕਰ ਦਿੱਤੇ। ਵੇਰਵਿਆਂ ਅਨੁਸਾਰ ਪੰਜਾਬ ਵਿੱਚ ਇਸ ਸਮੇਂ ਕਰੀਬ 78 ਲੱਖ ਘਰੇਲੂ ਕੁਨੈਕਸ਼ਨ ਹਨ। ਪਾਵਰਕੌਮ ਦਾ ਕਹਿਣਾ ਹੈ ਕਿ ਬਿਜਲੀ ਖਪਤ ਦੇ ਬਿਲ ਸਪਾਟ ਬਿਲਿੰਗ ਮਸ਼ੀਨਾਂ (ਐੱਸਬੀਐੱਮ) ਤੇ ਸੈਪ (ਐੱਸਏਪੀ) ਪ੍ਰਣਾਲੀ ਰਾਹੀਂ ਦਿੱਤਾ ਜਾਂਦਾ ਹੈ ਜਿਸ ਕਰਕੇ ਪੰਜਾਬੀ ਵਿਚ ਬਿੱਲ ਭੇਜਣ 'ਚ ਹਾਲੇ ਹੋਰ ਸਮਾਂ ਲੱਗੇਗਾ।

# ਲਾਇਨ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋ ਵੱਖ-ਵੱਖ ਸਕੂਲਾਂ ਵਿੱਚ ਕੋਟੀਆਂ ਅਤੇ ਬੂਟ ਜੁਰਾਬਾਂ ਵੰਡੇ ਜਾਣਗੇ



**ਸ੍ਰੀ ਆਨੰਦਪੁਰ ਸਾਹਿਬ, 5 ਦਸੰਬਰ**
**-ਸਚਿਨ ਸੋਨੀ/ਰਾਜੂ ਧੀਮਾਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਇਨ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੀ ਮੀਟਿੰਗ ਸਥਾਨਕ ਹੋਟਲ ਸਤਲੁਜ ਵਿਖੇ ਕਲੱਬ ਦੇ ਪ੍ਰਧਾਨ ਰਾਜਵਿੰਦਰ ਸਿੰਘ ਸੋਡੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਪੀ ਆਰ ਓ ਇੰਦਰਜੀਤ ਸਿੰਘ ਅਰੋੜਾ ਨੇ ਦੱਸਿਆ ਕਿ ਹਰ ਸਾਲ ਦੀ ਤਰਾ ਸਰਦੀ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਵੱਖ -ਵੱਖ ਸਕੂਲਾਂ ਵਿੱਚ ਜ਼ਰੂਰਤਮੰਦ ਬੱਚਿਆਂ ਨੂੰ ਕਲੱਬ ਵੱਲੋਂ ਕੋਟੀਆਂ ਅਤੇ ਬੂਟ ਜਰਾਬਾਂ ਵੰਡੇ ਜਾਣਗੇ ਇਸ ਮੌਕੇ ਕਲੱਬ ਸੈਕਟਰੀ ਸੰਜੇ ਮਹਾਜਨ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਕਲੱਬ ਵੱਲੋਂ ਹੋਰ ਸਰਗਰਮੀਆਂ ਵਧਾਉਣ ਅਤੇ ਸਮਾਜ ਭਲਾਈ ਦੇ ਕੰਮਾਂ ਲਈ ਵੱਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਮੀਟਿੰਗ ਦੇ ਅੰਤ ਵਿੱਚ ਕੈਸ਼ੀਅਰ ਸੁਖਵਿੰਦਰ ਸਿੰਘ ਬਿੱਟੂ ਵੱਲੋਂ ਆਏ ਹੋਏ ਸਮੂਹ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਗਿਆ ਮੀਟਿੰਗ ਵਿੱਚ ਉਪਰੋਕਤ ਤੋਂ ਬਿਨਾਂ ਲਾਇਨ ਕੁਲਦੀਪ ਸਿੰਘ ਭੱਠੇ ਵਾਲੇ,ਲਾਇਨ ਭੁਪਿੰਦਰਪਾਲ ਸਿੰਘ ਤਲਵਾੜ, ਲਾਇਨ ਅਰਸਵਿੰਦਰ ਸਿੰਘ ਛੱਬਲੀ, ਲਾਇਨ ਤਜਿੰਦਰ ਸਿੰਘ ਚੰਨ, ਲਾਇਨ ਮਹੇਸ਼ ਕੁਮਾਰ, ਲਾਇਨ ਹਰਚਰਨ ਸਿੰਘ ਬੇਦੀ, ਲਾਇਨ ਅਮਰਿੰਦਰ ਸਿੰਘ, ਲਾਇਨ ਦੀਪਕ ਆਂਗਰਾ ,ਸਮੇਤ ਕਲੱਬ ਮੈਂਬਰ ਹਾਜ਼ਰ ਸਨ।

# ਹੈਬੋਵਾਲ ਸਕੂਲ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਅਤੇ ਮਨੁੱਖੀ ਕਦਰਾਂ-ਕੀਮਤਾਂ ਸੰਬਧੀ ਜਾਗਰੂਕ ਕੀਤਾ



**ਗੜ੍ਹਸ਼ੰਕਰ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਠਣਾ, ਤੁਰਨਾ ਅਤੇ ਤੁਰਦੇ ਰਹਿਣਾ ਹੀ ਜ਼ਿੰਦਗੀ ਦਾ ਨਾਂ ਹੈ।ਜ਼ਿੰਦਗੀ ਵਿੱਚ ਉਚਾਈਆਂ ਨੂੰ ਛੂਹਣ ਲਈ ਨਿਰੰਤਰਤਾ ਜ਼ਰੂਰੀ ਹੈ।ਮਾਂ-ਬਾਪ ਦਾ ਕਹਿਣੇਕਾਰ ਬਣਕੇ ਅਤੇ ਨਸ਼ਿਆਂ ਤੋਂ ਦੂਰ ਰਹਿਕੇ ਹੀ ਜ਼ਿੰਦਗੀ ਦੀ ਮੰਜ਼ਿਲ ਵੱਲ੍ਹ ਵਧਿਆ ਜਾ ਸਕਦਾ ਹੈ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਝੱਜ (ਨੂਰਪੁਰ ਬੇਦੀ) ਰਕੇਸ਼ ਕੁਮਾਰ ਰੌੜੀ ਨੇ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੈਬੋਵਾਲ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ।

ਉਹਨਾਂ ਵਿਦਿਆਰਥੀਆਂ ਨਾਲ਼ ਮੁਸ਼ਕਲ ਹਲਾਤਾਂ ਵਿੱਚੋਂ ਲੰਘ ਕੇ ਇਤਿਹਾਸ ਵਿੱਚ ਆਪਣਾ ਨਾਂ ਦਰਜ ਕਰਵਾਉਣ ਵਾਲ਼ੇ ਮਹਾਨ ਪੁਰਖਾਂ ਬਾਰੇ ਜਾਣਕਾਰੀ ਸਾਂਝੀ ਕੀਤੀ।ਸਕੂਲ ਵਲੋਂ ਸ੍ਰੀ ਰੌੜੀ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਅਮਰੀਕ ਸਿੰਘ ਦਿਆਲ, ਬਲਦੇਵ ਸਿੰਘ, ਸੁਰਿੰਦਰ ਬੈਂਸ, ਰਣ ਬਹਾਦਰ, ਸੁਖਵਿੰਦਰ ਕੌਰ, ਸੁਧੀਰ ਕੁਮਾਰ, ਸ਼ਮਾ ਕੁਮਾਰੀ, ਸਪਨਾ ਸੋਨੀ, ਕੁਲਪ੍ਰੀਤ, ਤਜਿੰਦਰ ਸਿੰਘ ਅਤੇ ਰਾਜ ਕੁਮਾਰ ਸਮੇਤ ਸਮੂਹ ਵਿਦਿਆਰਥੀ ਹਾਜ਼ਰ ਸਨ।

# ਕਿਸਾਨ ਕਣਕ ਦੀ ਫਸਲ ਨੂੰ ਗੁਲਾਬੀ ਸੁੰਡੀ ਤੋਂ ਬਚਾਉਣ ਲਈ ਖੇਤੀ ਮਾਹਰਾਂ ਦੀ ਸਿਫਾਰਿਸ਼ ਅਨੁਸਾਰ ਹੀ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕਰਨ : ਡਾ ਜਗਦੀਸ਼ ਸਿੰਘ



**ਬਰਨਾਲਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਖੇਤੀਬਾੜੀ ਅਫ਼ਸਰ ਡਾ. ਜਗਦੀਸ਼ ਸਿੰਘ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਫਸਲਾਂ ਉੱਪਰ ਕੀੜੇ ਅਤੇ ਬਿਮਾਰੀਆਂ ਦੇ ਸਰਵੇਖਣ ਲਈ ਪੈਸਟ ਸਰਵੇਲੈਂਸ ਟੀਮਾਂ ਦਾ ਗਠਨ ਕੀਤਾ ਗਿਆ ਹੈ ਜੋ ਸਮੇਂ ਸਮੇਂ ਕਿਸਾਨਾਂ ਦੇ ਖੇਤਾਂ ਵਿੱਚ ਜਾ ਕੇ ਫਸਲ ਦਾ ਸਰਵੇਖਣ ਕਰ ਰਹੀਆਂ ਹਨ ਅਤੇ ਲੋੜ ਪੈਣ 'ਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ।

ਡਾ. ਜਗਦੀਸ਼ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਕਣਕ ਦੀ ਫਸਲ ਦਾ ਨਿਰੰਤਰ ਨਿਰੀਖਣ ਕੀਤਾ ਜਾਵੇ, ਜੇਕਰ ਕਣਕ ਦੀ ਅਗੇਤੀ ਨਵੰਬਰ ਦੇ ਪਹਿਲੇ ਹਫਤੇ ਬੀਜੀ ਫਸਲ ਉੱਪਰ ਜਿਨ੍ਹਾਂ ਖੇਤਾਂ ਵਿੱਚ ਗੁਲਾਬੀ ਸੁੰਡੀ ਆਰਥਿਕ ਕਾਗਾਰ ਤੋਂ ਜਿਆਦਾ ਮਿਲ ਰਹੀ ਹੈ ਉਥੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਿਫਾਰਿਸ਼ ਅਨੁਸਾਰ ਕਣਕ ਦੀ ਫਸਲ ਨੂੰ ਪਹਿਲਾਂ ਪਾਣੀ ਲਾਉਣ ਤੋਂ ਪਹਿਲਾਂ 7 ਕਿਲੋ ਫਿਪਰੋਨਿਲ ਜਾਂ ਇੱਕ ਲਿਟਰ ਕਲੋਰੋਪਾਈਰੀਫਾਸ 20 ਈ ਸੀ ਨੂੰ 20 ਕਿਲੋ ਸਿੱਲੀ ਮਿੱਟੀ ਵਿੱਚ ਰਲਾ ਕੇ ਛੱਟਾ ਦੇ ਦਿਉ। ਉਨਾਂ ਦੱਸਿਆ ਕਿ ਕਣਕ ਦੀ ਫਸਲ ਨੂੰ ਦਿਨ ਸਮੇਂ ਪਹਿਲਾ ਪਾਣੀ ਲਗਾਉਣ ਨੂੰ ਤਰਜੀਹ ਦਿਉ ਤਾਂ ਜੋ ਪੰਛੀ ਵੱਧ ਤੋਂ ਵੱਧ ਸੁੰਡੀਆਂ ਦਾ ਸ਼ਿਕਾਰ ਕਰ ਸਕਣ।

ਉਨ੍ਹਾਂ ਦੱਸਿਆ ਕਿ ਜੇਕਰ ਪਹਿਲਾਂ ਪਾਣੀ ਲਾਉਣ ਤੋਂ ਬਾਅਦ ਸੁੰਡੀ ਦਾ ਹਮਲਾ ਦਿਖਾਈ ਦਿੰਦਾ ਹੈ ਤਾਂ 50 ਮਿਲੀ ਲਿਟਰ ਕਲੋਰਐਂਟਰਾਨਿਲੀ ਪਰੋਲ (ਕੋਰਾਜਿਨ) 18.5 ਐਸ ਸੀ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕੀਤਾ ਜਾਵੇ।

ਮੁੱਖ ਖੇਤੀਬਾੜੀ ਅਫ਼ਸਰ ਬਰਨਾਲਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕਿਸਾਨਾਂ ਨੂੰ ਆਪਣੀ ਕਣਕ ਦੀ ਫਸਲ ਦਾ ਲਗਾਤਾਰ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ, ਜੇਕਰ ਗੁਲਾਬੀ ਸੰਡੀ ਨਾਲ ਕਣਕ ਦੀ ਫਸਲ ਉੱਪਰ ਨੁਕਸਾਨ ਦਿਖਾਈ ਦੇ ਰਿਹਾ ਹੈ ਜਾਂ ਮਿਲ ਰਹੀ ਹੈ ਤਾਂ ਆਪਣੇ ਆਪਣੇ ਬਲਾਕ ਖੇਤੀਬਾੜੀ ਅਫਸਰ ਜਾਂ ਸਰਕਲ ਦੇ ਖੇਤੀਬਾੜੀ ਅਧਿਕਾਰੀਆਂ ਨਾਲ ਰਾਬਤਾ ਕਾਇਮ ਕੀਤਾ ਜਾਵੇ ਤਾਂ ਜੋ ਇਸਦੀ ਰੋਕਥਾਮ ਲਈ ਸਮੇਂ ਸਿਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸਿਫਾਰਸ਼ਾਂ ਅਨੁਸਾਰ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਇਸ ਨੂੰ ਕਾਬੂ ਕੀਤਾ ਜਾ ਸਕੇ।

ਉਨ੍ਹਾਂ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਆਮ ਤੌਰ 'ਤੇ ਠੰਡ ਸ਼ੁਰੂ ਹੋਣ ਤੋਂ ਬਾਅਦ ਇਸ ਸੁੰਡੀ/ਕੀੜੇ ਦਾ ਹਮਲਾ ਰੁਕ ਜਾਂਦਾ ਹੈ ਅਤੇ ਕਣਕ ਦਾ ਨੁਕਸਾਨੇ ਬੂਟੇ ਦੁਬਾਰਾ ਫੁਟਾਰਾ ਲੈ ਲੈਂਦੇ ਹਨ ਅਤੇ ਫਸਲ ਠੀਕ ਹੋ ਜਾਂਦੀ ਹੈ। ਇਸ ਲਈ ਕਿਸਾਨਾਂ ਨੂੰ ਨਿਰੰਤਰ ਫਸਲ ਦਾ ਸਰਵੇਖਣ ਕਰਨ ਅਤੇ ਖੇਤੀਬਾੜੀ ਮਾਹਿਰਾਂ ਨਾਲ ਰਾਬਤਾ ਕਾਇਮ ਰੱਖਣ ਦੀ ਸਲਾਹ ਦਿੱਤੀ।

# ਪੰਜਾਬ 'ਚ ਨਿਗਮ ਚੋਣਾਂ ਦਾ ਐਲਾਨ ਇਸੇ ਹਫ਼ਤੇ ਹੋਣ ਦੇ ਆਸਾਰ

## ਸ਼ਹੀਦੀ ਹਫ਼ਤੇ ਮਗਰੋਂ ਪੈ ਸਕਦੀਆਂ ਹਨ ਵੋਟਾਂ



**ਚੰਡੀਗੜ੍ਹ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਚ ਨਗਰ ਨਿਗਮ ਤੇ ਕੌਂਸਲ ਚੋਣਾਂ ਦਾ ਐਲਾਨ ਇਸੇ ਹਫ਼ਤੇ ਹੋਣ ਦੀ ਸੰਭਾਵਨਾ ਹੈ। ਚੋਣਾਂ ਦੇ ਐਲਾਨ ਨਾਲ ਹੀ ਸੂਬੇ ਵਿੱਚ ਚੋਣ ਜ਼ਾਬਤਾ ਲਾਗੂ ਹੋ ਜਾਵੇਗਾ। 'ਆਪ' ਸਰਕਾਰ ਇਸ ਵਰ੍ਹੇ ਦੇ ਅਖੀਰ ਤੱਕ ਨਿਗਮ ਚੋਣਾਂ ਦਾ ਕੰਮ ਨੇਪਰੇ ਚਾੜ੍ਹਨਾ ਚਾਹੁੰਦੀ ਹੈ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਅੱਠ ਹਫ਼ਤਿਆਂ ਵਿਚ ਸਮੁੱਚੀ ਪ੍ਰਕਿਰਿਆ ਮੁਕੰਮਲ ਕਰਨ ਦੇ ਹੁਕਮ ਜਾਰੀ ਕੀਤੇ ਸਨ। ਅਹਿਮ ਸੂਤਰ ਦੱਸਦੇ ਹਨ ਕਿ ਚਾਲੂ ਹਫ਼ਤੇ ਦੇ ਅਖੀਰ 'ਚ ਨਿਗਮ ਚੋਣਾਂ ਦਾ ਐਲਾਨ ਹੋ ਸਕਦਾ ਹੈ। ਪੰਜਾਬ ਵਿਚ ਪੰਜ ਨਗਰ ਨਿਗਮਾਂ, 42 ਨਗਰ ਕੌਂਸਲਾਂ/ਨਗਰ ਪੰਚਾਇਤਾਂ ਤੋਂ ਇਲਾਵਾ ਦਰਜਨਾਂ ਕੌਂਸਲਾਂ ਦੇ 43 ਵਾਰਡਾਂ ਵਿਚ ਉਪ ਚੋਣ ਵੀ ਹੋਣੀ ਹੈ।

ਸਥਾਨਕ ਸਰਕਾਰਾਂ ਵਿਭਾਗ ਨੇ 22 ਨਵੰਬਰ ਨੂੰ ਵਿਭਾਗ ਵੱਲੋਂ ਨੋਟੀਫ਼ਿਕੇਸ਼ਨ ਜਾਰੀ ਕਰਕੇ ਦਸੰਬਰ ਦੇ ਅਖੀਰ ਤੱਕ ਚੋਣਾਂ ਕਰਾਏ ਜਾਣ ਦੀ ਗੱਲ ਆਖੀ ਸੀ। ਰਾਜ ਚੋਣ ਕਮਿਸ਼ਨ ਵੱਲੋਂ ਹੁਣ ਇਸ ਦਾ ਐਲਾਨ ਕੀਤਾ ਜਾਣਾ ਹੈ। ਰਾਜ ਦੇ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਦਾ ਕਹਿਣਾ ਹੈ ਕਿ ਨਗਰ ਨਿਗਮ ਚੋਣਾਂ ਲਈ ਪ੍ਰਕਿਰਿਆ ਸ਼ੁਰੂ ਕਰਨ ਦੀ ਤਿਆਰੀ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਉਨ੍ਹਾਂ ਢੁੱਕਵੀਆਂ ਤਰੀਕਾਂ 'ਤੇ ਚੋਣ ਕਰਾਉਣ ਬਾਰੇ ਸੋਚ ਰਿਹਾ ਹੈ ਜਿਹੜੀਆਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੇ ਸ਼ਹੀਦੀ ਹਫ਼ਤੇ ਦੇ ਸਮਾਗਮਾਂ ਨਾਲ ਮੇਲ ਨਾ ਖਾਂਦੀਆਂ ਹੋਣ।

ਉੱਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਰਕਾਰ ਨੂੰ ਨਗਰ ਨਿਗਮ ਚੋਣਾਂ ਜਨਵਰੀ ਤੱਕ ਮੁਲਤਵੀ ਕਰਨ ਦੀ ਮੰਗ ਕੀਤੀ ਗਈ ਹੈ। ਇਸੇ ਦੌਰਾਨ ਅੱਜ 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਵੀ ਰਾਜ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਚੋਣਾਂ ਦੀ ਤਰੀਕ ਸ਼ਹੀਦੀ ਹਫ਼ਤਾ ਮਨਾਉਣ ਦੇ ਨਾਲ ਮੇਲ ਖਾਂਦੀ ਨਾ ਹੋਵੇ। ਅਮਨ ਅਰੋੜਾ ਦਾ ਕਹਿਣਾ ਸੀ ਕਿ ਪਾਰਟੀ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਪਰ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਪਾਰਟੀ ਵੱਲੋਂ ਕਮਿਸ਼ਨ ਨੂੰ ਸ਼ਹੀਦੀ ਹਫ਼ਤੇ ਤੋਂ ਬਾਅਦ ਚੋਣਾਂ ਕਰਵਾਉਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਨਿਗਮ ਅਤੇ ਕੌਂਸਲ ਚੋਣਾਂ ਲਈ ਰਣਨੀਤੀ ਤਿਆਰ ਕਰ ਲਈ ਗਈ ਹੈ।

**ਵਿਰੋਧੀ ਧਿਰਾਂ ਵੀ ਸਰਗਰਮ**

ਜ਼ਿਮਨੀ ਚੋਣਾਂ ਵਿੱਚ ਹਾਰ ਮਗਰੋਂ ਵਿਰੋਧੀ ਧਿਰਾਂ ਵੱਲੋਂ ਨਿਗਮ ਚੋਣਾਂ ਜਿੱਤਣ ਲਈ ਪੂਰੀ ਵਾਹ ਲਾਈ ਜਾਵੇਗੀ। ਕਾਂਗਰਸ ਪਾਰਟੀ ਨੇ ਨਿਗਮ ਚੋਣਾਂ ਵਾਸਤੇ ਉਮੀਦਵਾਰਾਂ ਦੀ ਚੋਣ ਲਈ ਸਕਰੀਨਿੰਗ ਕਮੇਟੀ ਦਾ ਗਠਨ ਕਰ ਦਿੱਤਾ ਹੈ ਜਿਸ ਵੱਲੋਂ ਯੋਗ ਉਮੀਦਵਾਰ ਤਲਾਸ਼ੇ ਜਾਣਗੇ। ਭਾਜਪਾ ਇਨ੍ਹਾਂ ਸ਼ਹਿਰੀ ਚੋਣਾਂ ਵਿੱਚ ਆਪਣਾ ਪੂਰਾ ਤਾਣ ਲਾਏਗੀ ਕਿਉਂਕਿ ਇਸ ਦਾ ਸਿੱਧਾ ਅਸਰ 2027 ਦੀਆਂ ਵਿਧਾਨ ਸਭਾ ਚੋਣਾਂ 'ਤੇ ਵੀ ਪਵੇਗਾ। ਹਾਲ ਹੀ ਵਿੱਚ ਹੋਈਆਂ ਚਾਰ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਵਿੱਚ ਭਾਜਪਾ ਤਸੱਲੀਬਖ਼ਸ਼ ਕਾਰਗੁਜ਼ਾਰੀ ਨਹੀਂ ਦਿਖਾ ਸਕੀ।

# ਪੰਜਾਬ ਸਟੇਟ ਕਰਮਚਾਰੀ ਦਲ ਦੀ ਮੀਟਿੰਗ



**ਪਟਿਆਲਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਪੰਜਾਬ ਸਟੇਟ ਕਰਮਚਾਰੀ ਦਲ ਦੀ ਮੀਟਿੰਗ ਹੋਈ। ਇਸ ਦੌਰਾਨ ਸੂਬਾਈ ਪ੍ਰਧਾਨ ਹਰੀ ਸਿੰਘ ਟੌਹੜਾ ਨੇ ਕਿਹਾ ਕਿ ਪਿਛਲੇ ਦਿਨੀਂ ਹੋਈ ਮੀਟਿੰਗ 'ਚ ਖਜ਼ਾਨਾ ਮੰਤਰੀ ਹਰਪਾਲ ਚੀਮਾ ਨੇ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਸੀ ਪਰ ਅਜੇ ਤੱਕ ਕੋਈ ਵੀ ਕਾਰਵਾਈ ਅਮਲ 'ਚ ਨਹੀਂ ਲਿਆਂਦੀ ਗਈ। ਜਿਸ ਕਰਕੇ ਜਥੇਬੰਦੀ ਨੇ ਸਰਕਾਰ ਨਾਲ ਜਲਦੀ ਹੀ ਮੁੜ ਰਾਬਤਾ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਮੌਕੇ ਕੁਲਬੀਰ ਸਿੰਘ ਸੈਦਖੇੜੀ, ਗਿਆਨੀ ਸੁਰਿੰਦਰ ਸਿੰਘ ਫਰੀਦਪੁਰ, ਗਿਆਨ ਸਿੰਘ ਘਨੌਲੀ, ਬਲਬੀਰ ਸਿੰਘ ਕੰਬੋਜ, ਚਿੰਤ ਰਾਮ ਨਾਹਰ, ਦਵਿੰਦਰ ਸਿੰਘ, ਪ੍ਰੇਮਚੰਦ, ਸਤਪਾਲ ਸਿੰਘ ਖਾਨਪੁਰ, ਰਾਮ ਸਿੰਘ ਪਵਿੱਤਰ ਸਿੰਘ, ਤਰਸੇਮ ਬੇਦੀ ਤੇ ਬਲਰਾਜ ਵਰਮਾ ਆਦਿ ਮੌਜੂਦ ਸਨ।

# ਦੀ ਕਲਾਸ ਫੌਰਥ ਗੌਰਮੈਂਟ ਇੰਪਲਾਈਜ ਯੂਨੀਅਨ ਵੱਲੋਂ ਡਾਇਰੈਕਟਰ ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਦੇ ਦਫ਼ਤਰ ਅੱਗੇ ਜ਼ੋਰਦਾਰ ਪ੍ਰਦਰਸ਼ਨ




**ਪਟਿਆਲਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜਿੰਦਰਾ ਹਸਪਤਾਲ ਤੇ ਮੈਡੀਕਲ ਕਾਲਜ ਪਟਿਆਲਾ ਵਿਚ ਲਗਾਤਾਰ ਚੱਲ ਰਹੀਆਂ ਰੋਸ ਰੈਲੀਆ ਜੌਂ ਕਿ ਪਿੱਛਲੇ 17 ਨਵੰਬਰ ਤੋਂ ਲਗਾਤਰ ਚਲ ਰਹੀਆਂ ਹਨ ।ਅੱਜ ਡਾਇਰੈਕਟਰ ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਦੇ ਦਫਤਰ ਅੱਗੇ ਜੋਰਦਾਰ ਪ੍ਰਦਰਸ਼ਨ ਕੀਤਾ ਗਿਆ, ਜਿਸ ਦੇ ਵਿਚ ਸਰਕਾਰੀ, ਠੇਕਾ ਅਧਾਰਤ, ਮਲਟੀਟਾਸਕ ਕਰਮਚਾਰੀਆ ਨੇ ਸ਼ਮੂਲੀਅਤ ਕੀਤੀ।

ਸਰਕਾਰ ਵਲੋ ਲਿਆਂਦੀ ਪੈਸਕੋ ਕੰਪਨੀ ਦੇ ਖਿਲਾਫ ਬੁਲਾਰਿਆ ਨੇ ਭਾਰੀ ਰੋਸ ਜਿਤਾਇਆ। ਪੈਸਕੋ ਕੰਪਨੀ ਵੱਲੋਂ ਦੇ ਰਾਹੀਂ ਪੰਜਾਬ ਸਰਕਾਰ ਅਤੇ ਸਿਹਤ ਮੰਤਰੀ ਅਤੇ ਡਰੈਕਟਰ ਪ੍ਰਿੰਸੀਪਲ ਤੇ ਮੈਡੀਕਲ ਸੁਪਰਡੈਂਟ ਜੌਂ ਕਿ ਕੰਪਨੀ ਨੂੰ ਗਰੀਬ ਅਤੇ ਦਲਿਤ ਲੋਕਾਂ ਦੀਆ ਜ਼ਿੰਦਗੀਆਂ ਨੂੰ ਵੇਚ ਕੇ ਗੁਲਾਮ ਬਣਾ ਰਹੀ ਹੈ। ਇਸ ਰੋਸ ਵਜੋਂ ਲਗਾਤਰ ਚਲ ਰਹੀਆਂ ਰੋਸ ਰੈਲੀਆ ਜਾਰੀ ਰਹਿਣਗੀਆਂ। ਅਤੇ ਕਲ ਮਿਤੀ 03/12/2024 ਨੂੰ ਮੈਡੀਕਲ ਸੁਪਰਡੈਂਟ ਦੇ ਦਫਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

# ਐਚ.ਆਈ.ਵੀ/ਏਡਸ ਅਵੇਅਰਨੈਸ ਦਿਵਸ: ਇੰਡੀਅਨ ਰੈਡ ਕ੍ਰੋਸ ਅਤੇ ਸਾਕੇਤ ਹਸਪਤਾਲ ਵੱਲੋਂ ਜਾਗਰੂਕਤਾ ਅਭਿਆਨ

**ਪਟਿਆਲਾ, 5 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਇੰਡੀਅਨ ਰੈਡ ਕ੍ਰੋਸ ਸੁਸਾਇਟੀ, ਪੰਜਾਬ ਸਟੇਟ ਬ੍ਰਾਂਚ, ਚੰਡੀਗੜ੍ਹ ਦੇ ਸਕੱਤਰ ਸਰਦਾਰ ਸ਼ਿਵ ਦੁਲਾਰ ਸਿੰਘ ਢਿੱਲੋਂ (ਆਈ.ਏ.ਐਸ. ਰਿਟਾਇਰਡ) ਦੀ ਅਗਵਾਈ ਹੇਠ ਗੌਰਮੈਂਟ ਗਰਲਸ ਸਮਾਰਟ ਸੀਨੀਅਰ ਸੈਕੰਡਰੀ ਸਕੂਲ, ਪਾਵਰ ਹਾਊਸ ਕਲੋਨੀ, ਪਟਿਆਲਾ ਵਿਖੇ ਵਰਲਡ ਐਚ.ਆਈ.ਵੀ/ਏਡਸ ਦਿਵਸ ਮੌਕੇ ਇੱਕ ਰੋਜ਼ਾ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।

ਇਸ ਪ੍ਰੋਗਰਾਮ ਵਿੱਚ ਪੰਜਾਬ ਰੈਡ ਕ੍ਰੋਸ ਦੇ ਮੁੜ ਵਸੇਬਾ ਕੇਂਦਰ ਸਕੇਤ ਹਸਪਤਾਲ ਪਟਿਆਲਾ ਦੀ ਟੀਮ ਨੇ ਹਿੱਸਾ ਲਿਆ ਅਤੇ ਅਵੇਅਰਨੈਸ ਲੈਕਚਰ ਪ੍ਰਸਤੁਤ ਕੀਤੇ। ਪ੍ਰੋਜੈਕਟ ਡਾਇਰੈਕਟਰ ਸ਼੍ਰੀਮਤੀ ਪਰਮਿੰਦਰ ਕੌਰ ਮਨਚੰਦਾ ਨੇ ਐਚ.ਆਈ.ਵੀ/ਏਡਸ ਦੇ ਫੈਲਣ ਦੇ ਕਾਰਨ, ਰੋਕਥਾਮ ਅਤੇ ਇਲਾਜ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਮੈਡੀਕਲ ਅਫਸਰ ਡਾ. ਸੰਦੀਪ ਸਿੰਘ ਨੇ ਵੀ ਆਪਣੇ ਅਣਮੁੱਲੇ ਵਿਚਾਰ ਸਾਂਝੇ ਕੀਤੇ।

ਸਕੇਤ ਹਸਪਤਾਲ ਤੋਂ ਪੁਲਿਸ ਇੰਸਪੈਕਟਰ ਅਤੇ ਹੋਰ ਮੁਲਾਜ਼ਮਾਂ ਨੇ ਵੀ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ। ਰੈਡ ਕ੍ਰੋਸ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦੇਣ ਲਈ ਸ੍ਰੀਕਾਰਾਂ ਵਰਮਾ ਜੀ ਨੇ ਸੀ.ਪੀ.ਆਰ. ਅਤੇ ਜ਼ਿੰਦਗੀ ਬਚਾਉਣ ਵਾਲੇ ਹੋਰ ਉਪਕਰਮਾਂ ਬਾਰੇ ਦੱਸਿਆ।

ਰੈਲੀ ਅਤੇ ਹੋਰ ਗਤੀਵਿਧੀਆਂ

ਇਸ ਮੌਕੇ, ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮੁਲਾਜ਼ਮਾਂ ਨੇ ਨਸ਼ਿਆਂ ਅਤੇ ਐਚ.ਆਈ.ਵੀ/ਏਡਸ ਤੋਂ ਬਚਾਅ ਲਈ ਇੱਕ ਜਾਗਰੂਕਤਾ ਰੈਲੀ ਕੱਢੀ। ਸਕੇਤ ਹਸਪਤਾਲ ਦੇ ਕੌਂਸਲਰ ਅਤੇ ਹੋਰ ਸਟਾਫ ਨੇ ਸਮਾਜ ਨੂੰ ਜਾਗਰੂਕ ਕਰਨ ਦੇ ਪ੍ਰਾਸਥਿਤਿਕ ਯਤਨਾਂ ਨੂੰ ਆਗੇ ਵਧਾਇਆ।

ਸੰਮੇਲਨ ਦੇ ਮੁੱਖ ਅਭਿਆਸ

ਸਕੂਲ ਅਤੇ ਸਕੇਤ ਹਸਪਤਾਲ ਵੱਲੋਂ ਰੰਗੋਲੀ ਬਣਾਈ ਗਈ, ਜਿਸ ਰਾਹੀਂ ਨਸ਼ਿਆਂ ਅਤੇ ਐਚ.ਆਈ.ਵੀ/ਏਡਸ ਤੋਂ ਬਚਾਅ ਦਾ ਸੰਦੇਸ਼ ਦਿੱਤਾ ਗਿਆ। ਇਹ ਪ੍ਰੋਗਰਾਮ ਸਿਰਫ ਸਕੂਲ ਤੱਕ ਸੀਮਤ ਨਹੀਂ ਰਿਹਾ ਬਲਕਿ ਵੱਖ-ਵੱਖ ਥਾਵਾਂ 'ਤੇ ਵੀ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਸ ਵਿਚ ਕੁੰਡਮ ਵੰਡਣ ਜਿਹੀਆਂ ਕਾਰਵਾਈਆਂ ਰਾਹੀਂ ਬਿਮਾਰੀ ਤੋਂ ਬਚਾਅ ਲਈ ਉਪਾਇ ਦੱਸੇ ਗਏ। ਇਹ ਅਭਿਆਨ ਸਮਾਜ ਨੂੰ ਸੁਰੱਖਿਅਤ ਅਤੇ ਨਸ਼ਾ ਮੁਕਤ ਭਵਿੱਖ ਵੱਲ ਮੋੜਨ ਦਾ ਸਪਸ਼ਟ ਸੰਦੇਸ਼ ਦਿੰਦਾ ਹੈ।

# ਤੜਕੇ ਦਾ 'ਜਾਇਕਾ' ਹੋਇਆ ਫਿੱਕਾ, 80 ਰੁਪਏ ਪ੍ਰਤੀ ਕਿਲੋ ਵਿਕ ਰਿਹੈ ਟਮਾਟਰ

ਏਜੰਸੀਆਂ

ਸਿਮਲਾ 5 ਦਸੰਬਰ। ਸਰਦੀਆਂ ਦੇ ਮੌਸਮ 'ਚ ਵੀ ਲੋਕਾਂ ਨੂੰ ਸਬਜੀਆਂ ਦੀਆਂ ਮਹਿੰਗੀਆਂ ਕੀਮਤਾਂ ਨਾਲ ਜੂਝਣਾ ਪੈ ਰਿਹਾ ਹੈ, ਜਿਸ ਕਾਰਨ ਨਾ ਸਿਰਫ ਲੋਕਾਂ ਦੀਆਂ ਜੇਬਾਂ ਢਿੱਲੀਆਂ ਹੋ ਰਹੀਆਂ ਹਨ, ਸਗੋਂ ਘਰੇਲੂ



ਔਰਤਾਂ ਦਾ ਰਸੋਈ ਦਾ ਬਜਟ ਵੀ ਵਿਗੜ ਗਿਆ ਹੈ। ਤੜਕੇ ਦਾ ਜਾਇਕਾ ਵੀ ਹੁਣ ਫਿੱਕਾ ਹੋਣ ਲੱਗਾ ਹੈ। ਲਾਲ ਸੋਨਾ ਕਹੇ ਜਾਣ ਵਾਲੇ ਟਮਾਟਰ ਦੀ ਕੀਮਤ ਇਕ ਵਾਰ ਫਿਰ 80 ਰੁਪਏ ਪ੍ਰਤੀ ਕਿਲੋ ਤੱਕ ਪਹੁੰਚ ਗਈ ਹੈ। ਬਾਹਰੀ ਮੰਡੀਆਂ ਤੋਂ ਆਉਣ ਵਾਲੇ ਦੇਸੀ ਮਟਰ ਦੀ ਕੀਮਤ ਦੁੱਗਣੀ ਹੋ ਕੇ 80 ਰੁਪਏ ਪ੍ਰਤੀ ਕਿਲੋ ਹੋ ਗਈ ਹੈ, ਜਦੋਂ ਕਿ ਪਹਾੜੀ ਮਟਰਾਂ ਦੀ ਕੀਮਤ ਦੁੱਗਣੀ ਹੋ ਕੇ 160 ਰੁਪਏ ਪ੍ਰਤੀ ਕਿਲੋ ਹੋ ਗਈ ਹੈ। ਲਸਣ ਨੇ ਪਹਿਲਾਂ ਹੀ ਰਿਕਾਰਡ ਤੋੜ ਦਿੱਤੇ ਹਨ ਅਤੇ ਇਸ ਦੀ ਕੀਮਤ 400 ਰੁਪਏ ਪ੍ਰਤੀ ਕਿਲੋ ਤੱਕ ਪਹੁੰਚ ਗਈ ਹੈ, ਉਥੇ ਹੀ ਹੋਰ ਸਬਜੀਆਂ ਦੇ ਭਾਅ ਵੀ ਸਿਖਰਾਂ 'ਤੇ ਪਹੁੰਚ ਗਏ ਹਨ। ਜ਼ਿਆਦਾਤਰ ਸਬਜੀਆਂ 60 ਰੁਪਏ ਤੋਂ ਉਪਰ ਦੇ ਭਾਅ ਵਿਕ ਰਹੀਆਂ ਹਨ। ਜਿਮੀਕੰਦ 100 ਰੁਪਏ, ਗੋਭੀ ਅਤੇ ਸ਼ਿਮਲਾ ਮਿਰਚ 80 ਰੁਪਏ, ਫਲੀਆਂ ਅਤੇ ਖੀਰਾ 60 ਰੁਪਏ, ਗੋਭੀ 60 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵਿਕ ਰਹੀ ਹੈ। ਇਸ ਤੋਂ ਇਲਾਵਾ ਪਿਆਜ ਦੀ ਕੀਮਤ 60 ਰੁਪਏ ਅਤੇ ਆਲੂ ਦੀ ਕੀਮਤ 50 ਰੁਪਏ ਪ੍ਰਤੀ ਕਿਲੋ ਹੈ। ਦੱਸਿਆ ਜਾਂਦਾ ਹੈ ਕਿ ਇਨ੍ਹੀਂ ਦਿਨੀਂ ਵਿਆਹਾਂ ਦੇ ਸੀਜਨ ਕਾਰਨ ਸਬਜੀਆਂ ਦੀਆਂ ਕੀਮਤਾਂ 'ਚ ਵਾਧਾ ਹੋ ਰਿਹਾ ਹੈ ਅਤੇ ਇਸ ਮਹੀਨੇ ਇਨ੍ਹਾਂ ਦੇ ਭਾਅ ਇਸੇ ਤਰ੍ਹਾਂ ਰਹਿਣ ਦੀ ਸੰਭਾਵਨਾ ਹੈ ਪਰ ਜਨਵਰੀ ਮਹੀਨੇ ਤੋਂ ਇਨ੍ਹਾਂ ਦੀਆਂ ਕੀਮਤਾਂ 'ਚ ਗਿਰਾਵਟ ਆ ਸਕਦੀ ਹੈ। ਕੁਝ ਸਬਜੀਆਂ ਦੇ ਭਾਅ ਲੋਕਾਂ ਦੀ ਪਹੁੰਚ ਵਿਚ ਹੀ ਹਨ ਅਤੇ ਲੋਕ ਇਨ੍ਹਾਂ ਸਬਜੀਆਂ ਨੂੰ ਵੱਡੀ ਮਾਤਰਾ ਵਿਚ ਖਰੀਦ ਰਹੇ ਹਨ। ਸਿੰਘਾੜਾ 50 ਰੁਪਏ, ਗਾਜਰ ਅਤੇ ਬੈਂਗਣ 40 ਰੁਪਏ, ਘੀਆ 50 ਰੁਪਏ, ਮੂਲੀ, ਸਲਗਮ, ਪਾਲਕ, ਸਰ੍ਹੋਂ, ਮੇਥੀ 30 ਰੁਪਏ ਵਿਕ ਰਹੇ ਹਨ। ਮੰਡੀ ਵਿਚ ਫਲ ਵੀ ਖਰੀਦੇ ਜਾ ਰਹੇ ਹਨ ਅਤੇ ਖਜੂਰ 140 ਰੁਪਏ, ਸੰਤਰਾ 80 ਰੁਪਏ, ਅਨਾਰ 200 ਰੁਪਏ, ਸੇਬ 100 ਤੋਂ 120 ਰੁਪਏ, ਅਮਰੂਦ 100 ਰੁਪਏ ਕਿਲੋ ਅਤੇ ਕੇਲਾ 60 ਰੁਪਏ ਅਤੇ ਕੇਲਾ 70 ਰੁਪਏ ਪ੍ਰਤੀ ਦਰਜਨ ਦੇ ਹਿਸਾਬ ਨਾਲ ਵਿਕ ਰਿਹਾ ਹੈ।

# ਮਸ਼ਹੂਰ ਕਾਰੋਬਾਰੀ 'ਤੇ ਜੀ.ਐੱਸ.ਟੀ. ਵਿਭਾਗ ਨੇ ਮਾਰੀ ਰੇਡ

ਸਰਦੂਲ ਸਿੰਘ

ਲੁਧਿਆਣਾ 5 ਦਸੰਬਰ। ਸੂਬੇ ਦੇ ਜੀ.ਐੱਸ.ਟੀ. ਵਿਭਾਗ ਦੇ ਜ਼ਿਲ੍ਹਾ-4 ਦੀ ਟੀਮ ਨੇ ਮਹਾਨਗਰ ਦੀ ਸਥਾਨਕ ਦਾਲ ਮੰਡੀ ਨੇੜੇ ਰਾਏ ਬਹਾਦਰ ਰੋਡ 'ਤੇ ਸਥਿਤ ਸਾਲਾਸਰ ਟ੍ਰੇਡਰਜ ਵਿਖੇ ਅਚਾਨਕ ਛਾਪਾ ਮਾਰਿਆ। ਇਹ ਕਾਰਵਾਈ ਵਿੱਤ ਕਮਿਸਨਰ ਟੈਕਸੇਸਨ ਪੰਜਾਬ ਕ੍ਰਿਸਨਾ ਗੁਪਤਾ ਦੇ ਦਿਸਾ-ਨਿਰਦੇਸਾਂ 'ਤੇ ਕੀਤੀ ਗਈ, ਜਿਸ ਦੌਰਾਨ ਸਟੇਟ ਟੈਕਸ ਅਫਸਰ ਜਸਪਾਲ ਸਿੰਘ, ਜੋਰਾ ਸਿੰਘ, ਖੁਸਵੰਤ ਸਿੰਘ, ਇੰਦਰਪਾਲ ਭੱਲਾ ਸਮੇਤ ਕਈ ਅਧਿਕਾਰੀ ਅਤੇ ਪੁਲਸ ਮੁਲਾਜਮ ਵੀ ਮੌਕੇ 'ਤੇ ਮੌਜੂਦ ਰਹੇ। ਉਕਤ ਕਾਰੋਬਾਰੀ ਹੌਜਰੀ ਅਤੇ ਰੈਡੀਮੇਡ ਸਮਾਨ ਦਾ ਕਾਰੋਬਾਰ ਕਰਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵਿਭਾਗੀ ਅਧਿਕਾਰੀਆਂ ਨੇ ਮੌਕੇ ਤੋਂ ਸਟਾਕ ਬੁੱਕ, ਸੇਲ ਐਂਡ ਖਰੀਦ, ਬੈਲੇਂਸ ਸੀਟ ਆਦਿ ਸਮੇਤ ਵੱਡੀ ਮਾਤਰਾ ਵਿੱਚ ਦਸਤਾਵੇਜ ਜਬਤ ਕੀਤੇ ਹਨ। ਜ਼ਿਕਰਯੋਗ ਹੈ ਕਿ ਅਧਿਕਾਰੀਆਂ ਨੇ ਉਕਤ ਫਰਮ ਦੀਆਂ 3 ਇਕਾਈਆਂ ਦੀ ਤਲਾਸੀ ਲਈ, ਜਦੋਂ ਅਧਿਕਾਰੀਆਂ ਨੂੰ 2 ਹੋਰ ਇਕਾਈਆਂ ਬਾਰੇ ਜਾਣਕਾਰੀ ਮਿਲੀ ਤਾਂ ਉਨ੍ਹਾਂ ਨੇ ਮਾਲਕ ਨੂੰ ਇਸ ਬਾਰੇ ਪੁੱਛਿਆ, ਪਰ ਉਹ ਸਾਫ ਮੁਕਰ ਗਿਆ। ਜਦਕਿ ਮਾਰਕੀਟ ਦਾ ਦਾਅਵਾ ਹੈ ਕਿ ਇਹ ਦੋਵੇਂ ਇਕਾਈਆਂ ਤੇ ਇਕ ਹੋਰ ਵੀ, ਜੋ ਕਿ ਹਾਲੇ ਨਿਰਮਾਣ ਅਧੀਨ ਹੈ, ਵੀ ਉਨ੍ਹਾਂ ਦੀ ਹੀ ਹੈ। ਅਧਿਕਾਰੀਆਂ ਨੇ ਇਹ ਕਾਰਵਾਈ ਟੈਕਸ ਚੋਰੀ ਦੇ ਸੱਕ 'ਚ ਕੀਤੀ ਹੈ। ਅਧਿਕਾਰੀਆਂ ਨੇ ਕਿਹਾ ਕਿ ਜਬਤ ਕੀਤੇ ਗਏ ਸਬੂਤਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ ਅਤੇ ਜੇਕਰ ਕੋਈ ਕਮੀ ਪਾਈ ਗਈ ਤਾਂ ਟੈਕਸ ਸਮੇਤ ਜੁਰਮਾਨਾ ਵੀ ਵਸੂਲਿਆ ਜਾਵੇਗਾ। ਵਿਭਾਗ ਨੂੰ ਇਸ ਕਾਰਵਾਈ ਤੋਂ ਚੰਗਾ ਮਾਲੀਆ ਮਿਲਣ ਦੀ ਉਮੀਦ ਹੈ। ਬਾਜਾਰ ਤੋਂ ਪ੍ਰਾਪਤ



ਜਾਣਕਾਰੀ ਅਨੁਸਾਰ ਉਕਤ ਸਾਲਾਸਰ ਟ੍ਰੇਡਰਜ ਨੇ ਸੇਲਜਮੈਨ ਦੇ ਤੌਰ 'ਤੇ ਕਾਰੋਬਾਰ ਵਿਚ ਜੁਆਇਨ ਕੀਤਾ ਸੀ ਪਰ ਕੁਝ ਹੀ ਸਾਲਾਂ ਵਿਚ ਉਹ ਕਰੋੜਾਂ ਰੁਪਏ ਦਾ ਮਾਲਕ ਬਣ ਗਿਆ ਹੈ। ਉਥੇ ਹੀ ਕੋਰੋਨਾ ਕਾਰਨ ਲੋਕਾਂ ਨੂੰ ਕਾਰੋਬਾਰ ਵਿਚ ਕਾਫੀ ਨੁਕਸਾਨ ਹੋਇਆ ਸੀ ਅਤੇ ਕਾਰੋਬਾਰ ਠੱਪ ਹੋ ਗਿਆ ਸੀ। ਇਸੇ ਮੰਦੀ ਦੌਰਾਨ ਇਸ ਕਾਰੋਬਾਰੀ ਨੇ ਕਰੋੜਾਂ ਦੀ ਦੌਲਤ ਬਣਾਈ। ਸੂਤਰਾਂ ਦਾ ਕਹਿਣਾ ਹੈ ਕਿ ਰਾਏਪੁਰ ਰੋਡ 'ਤੇ ਛੋਟੀ ਦੁਕਾਨ ਦੀ ਕੀਮਤ ਕਰੀਬ 2 ਤੋਂ 3 ਕਰੋੜ ਰੁਪਏ ਦੱਸੀ ਜਾਂਦੀ ਹੈ। ਇਕ ਵਪਾਰੀ ਨੇ ਆਪਣਾ ਨਾਂ ਨਾ ਛਾਪਣ ਦੀ ਸਰਤ 'ਤੇ ਦੱਸਿਆ ਕਿ ਉਕਤ ਵਪਾਰੀ ਦੀਆਂ 7 ਦੁਕਾਨਾਂ ਹਨ। ਸੂਤਰਾਂ ਅਨੁਸਾਰ ਉਹ ਆਪਣੀ ਵਿਕਰੀ ਨੂੰ ਦਬਾ ਕੇ ਘੱਟ ਟੈਕਸ ਅਦਾ ਕਰਦਾ ਹੈ, ਜਦੋਂ ਕਿ ਅਸਲ ਵਿਕਰੀ ਦਿਖਾਈ ਗਈ ਵਿਕਰੀ ਤੋਂ ਦੁੱਗਣੀ ਹੈ। ਕਾਰਵਾਈ ਦੌਰਾਨ 'ਪੰਜਾਬ ਕੇਸਰੀ' ਗਰੁੱਪ ਦਾ ਨੁਮਾਇੰਦਾ ਖੁਦ ਮੌਕੇ 'ਤੇ ਮੌਜੂਦ ਸੀ ਅਤੇ ਉੱਥੇ ਉਸ ਨੇ ਇਕ ਹੈਰਾਨੀਜਨਕ ਚੀਜ ਦੇਖੀ। ਜਿੱਥੇ ਦੁਕਾਨ ਦੇ ਮਾਲਕ ਨੇ ਦਫਤਰ ਵਿੱਚ ਇੱਕ ਵਿਸੇਸ ਪਰਚਾ ਲਗਾਇਆ ਹੈ, ਜਿਸ ਵਿੱਚ ਸਪੱਸਟ ਲਿਖਿਆ ਹੈ ਕਿ ਜੀ-ਪੇ ਅਤੇ ਪੇਟੀਐੱਮ (ਆਨਲਾਈਨ ਭੁਗਤਾਨ) ਰਾਹੀਂ ਪੇਮੈਂਟ ਨਹੀਂ ਲਈ ਜਾਂਦੀ, ਸਿਰਫ ਨਕਦ ਭੁਗਤਾਨ ਸਵੀਕਾਰਯੋਗ ਹੈ। ਯਾਨੀ ਕਿ ਉਕਤ ਕਾਰੋਬਾਰੀ ਨਕਦੀ 'ਚ ਡੀਲ ਕਰਦਾ ਹੈ, ਜਦਕਿ ਕਈ ਕਾਰੋਬਾਰੀ ਆਨਲਾਈਨ ਪੇਮੈਂਟ ਵੱਲ ਰੁਖ ਕਰ ਰਹੇ ਹਨ, ਫਿਰ ਉਹ ਆਪਣੇ ਗਾਹਕਾਂ ਨੂੰ ਨਕਦ ਭੁਗਤਾਨ ਲਈ ਕਿਉਂ ਜੋਰ ਦੇ ਰਿਹਾ ਹੈ। ਇਸ ਤੋਂ ਇੱਕ ਗੱਲ ਤਾਂ ਸਪੱਸਟ ਹੈ ਕਿ ਉਕਤ ਨਕਦੀ ਦਾ ਸੌਦਾ ਕਰਕੇ ਉਹ ਵਿਭਾਗ ਦੀਆਂ ਅੱਖਾਂ ਵਿੱਚ ਧੂੜ ਪਾ ਰਿਹਾ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਆਮਦਨ ਕਰ ਵਿਭਾਗ ਵੀ ਨਕਦੀ ਦਾ ਲੈਣ-ਦੇਣ ਕਰਨ ਵਾਲਿਆਂ 'ਤੇ ਤਿੱਖੀ ਨਜਰ ਰੱਖ ਰਿਹਾ ਹੈ, ਸੰਭਵ ਹੈ ਕਿ ਜੀ.ਐੱਸ.ਟੀ. ਤੋਂ ਬਾਅਦ ਹੁਣ ਆਮਦਨ ਕਰ ਵਿਭਾਗ ਵੀ ਜਲਦ ਹੀ ਇਸ 'ਤੇ ਕਾਰਵਾਈ ਕਰੇਗਾ ਅਤੇ ਕਰੋੜਾਂ ਦੀ ਜਾਇਦਾਦ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ।

## ਦਿਲ ਦੀਆਂ ਬੀਮਾਰੀਆਂ ਦਾ ਖਤਰਾ ਵਧਾਉਂਦੀਆਂ ਹਨ ਹਾਰਮੋਨ ਥੈਰੇਪੀ 'ਚ ਵਰਤੀਆਂ ਜਾਣ ਵਾਲੀਆਂ ਦਵਾਈਆਂ

ਨਵੀਂ ਦਿੱਲੀ 5 ਦਸੰਬਰ। ਮੇਨੋਪਾਜ (ਮਾਸਿਕ ਧਰਮ ਬੰਦ ਹੋਣ) ਤੋਂ ਬਾਅਦ ਔਰਤਾਂ ਲਈ ਹਾਰਮੋਨ ਥੈਰੇਪੀ 'ਚ ਵਰਤੀਆਂ ਜਾਣ ਵਾਲੀਆਂ ਦਵਾਈਆਂ ਦਿਲ ਦੀਆਂ ਬੀਮਾਰੀਆਂ ਅਤੇ ਖੂਨ ਦੇ ਥੱਕੇ ਜੰਮਣ ਦਾ ਖਤਰਾ ਵਧਾਉਂਦੀਆਂ ਹਨ। ਇਕ ਨਵੇਂ ਅਧਿਐਨ ਤੋਂ ਇਹ ਗੱਲ ਸਾਹਮਣੇ ਆਈ ਹੈ। 'ਹਾਰਮੋਨ ਰਿਪਲੇਸਮੈਂਟ ਥੈਰੇਪੀ' ਉਨ੍ਹਾਂ ਹਾਰਮੋਨਜ ਨੂੰ ਬਦਲ ਕੇ ਮੇਨੋਪਾਜ ਤੋਂ ਬਾਅਦ ਦੇ ਲੱਛਣਾਂ ਤੋਂ ਰਾਹਤ ਦਿਵਾਉਂਦੀ ਹੈ, ਜਿਨ੍ਹਾਂ ਦਾ ਔਰਤਾਂ ਦੇ ਸਰੀਰ 'ਚ ਲੋੜੀਂਦਾ ਉਤਪਾਦਨ ਨਹੀਂ ਹੁੰਦਾ। ਸਵੀਡਨ ਸਥਿਤ ਉਪਸਾਲਾ ਯੂਨੀਵਰਸਿਟੀ ਸਮੇਤ ਹੋਰ ਸੰਸਥਾਨਾਂ ਦੇ ਖੋਜਕਾਰਾਂ ਨੇ ਕਿਹਾ ਕਿ ਐਸਟ੍ਰੋਜੇਨ ਅਤੇ ਪ੍ਰੋਜੈਸਟੋਜੇਨ ਨਾਲ ਭਰਪੂਰ ਕੁਝ ਦਵਾਈਆਂ ਨਾ ਸਿਰਫ ਦਿਲ ਦੀਆਂ ਬੀਮਾਰੀਆਂ ਦਾ ਖ਼ਤਰਾ ਵਧਾਉਂਦੀਆਂ ਹਨ, ਸਗੋਂ ਦੁਰਲੱਭ ਪਰ ਖੂਨ ਦੇ ਗੰਭੀਰ ਥੱਕਿਆਂ ਦਾ




ਕਾਰਨ ਵੀ ਬਣ ਸਕਦੀਆਂ ਹਨ, ਜਿਨ੍ਹਾਂ ਨੂੰ 'ਵੇਨਸ ਥ੍ਰੋਂਬੋਐਂਬੋਲਿਜਮ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਹਾਲਾਂਕਿ, ਟਿਬੋਲੋਨ ਨਾਮਕ ਹਾਰਮੋਨ ਥੈਰੇਪੀ ਦਿਲ ਦੀਆਂ ਬੀਮਾਰੀਆਂ ਅਤੇ ਸਟ੍ਰੋਕ ਦਾ ਖਤਰਾ ਤਾਂ ਵਧਾਉਂਦੀ ਹੈ ਪਰ ਇਨ੍ਹਾਂ ਦੀ ਵਰਤੋਂ ਨਾਲ ਖੂਨ ਦੇ ਥੱਕੇ ਜੰਮਣ ਦਾ ਖ਼ਤਰਾ ਨਹੀਂ ਹੁੰਦਾ। ਟਿਬੋਲੋਨ ਅਤੇ ਐਸਟ੍ਰੋਜੇਨ-ਪ੍ਰੋਜੈਸਟੋਜੇਨ ਵਰਗੀਆਂ ਦਵਾਈਆਂ ਭਾਰਤ 'ਚ ਉਪਲੱਬਧ ਹਨ। ਅਧਿਐਨ ਦੇ ਨਤੀਜੇ 'ਦਿ ਬ੍ਰਿਟਿਸ਼ ਮੈਡੀਕਲ ਜਰਨਲ' 'ਚ ਪ੍ਰਕਾਸ਼ਿਤ ਕੀਤੇ ਗਏ ਹਨ। ਇਸ 'ਚ ਵੱਖ-ਵੱਖ ਹਾਰਮੋਨਾਂ ਦੇ ਸੁਮੇਲ ਅਤੇ ਵਰਤੋਂ ਨਾਲ ਦਿਲ ਦੀਆਂ ਬੀਮਾਰੀਆਂ ਦੇ ਖਤਰੇ 'ਚ ਹੋਣ ਵਾਲੇ ਵਾਧੇ 'ਤੇ ਚਾਨਣਾ ਪਾਇਆ ਗਿਆ ਹੈ। ਖੋਜਕਾਰਾਂ ਨੇ ਕਿਹਾ ਕਿ ਪਿਛਲੇ ਅਧਿਐਨਾਂ 'ਚ ਹਾਰਮੋਨ ਥੈਰੇਪੀ ਅਤੇ ਦਿਲ ਦੀਆਂ ਬੀਮਾਰੀਆਂ ਦੇ ਖਤਰੇ ਵਿਚਾਲੇ ਸਬੰਧ ਹੋਣ ਦੇ ਸੰਕੇਤ ਮਿਲਦੇ ਹਨ ਪਰ ਵੱਖ-ਵੱਖ ਤਰ੍ਹਾਂ ਦੀ ਥੈਰੇਪੀ ਨਾਲ ਜੁੜੇ ਵਿਸ਼ੇਸ਼ ਖਤਰਿਆਂ ਬਾਰੇ ਜਾਣਕਾਰੀ ਸਪੱਸ਼ਟ ਨਹੀਂ ਹੈ।

## ਪੰਜਾਬ ਦੇ ਪ੍ਰਾਇਮਰੀ ਸਕੂਲ 'ਚ ਮਚੀ ਹਾਹਾਕਾਰ, ਘਟਨਾ ਦੇਖ ਕੰਬ ਗਿਆ ਸਾਰਾ ਪਿੰਡ

ਸਮਰਾਲਾ 5 ਦਸੰਬਰ। ਅੱਜ ਦੁਪਹਿਰ ਪਿੰਡ ਖੀਰਨੀਆਂ ਦੇ ਪ੍ਰਾਇਮਰੀ ਸਕੂਲ ਵਿਚ ਉਸ ਸਮੇਂ ਭਿਆਨਕ ਹਾਲਾਤ ਬਣ ਗਏ ਜਦੋਂ ਉੱਡਦੇ ਡੂਮਣੇ ਨੇ ਸਕੂਲ ਵਿਚ ਬੱਚਿਆਂ 'ਤੇ ਹਮਲਾ ਕਰ ਦਿੱਤਾ। ਬੱਚਿਆਂ ਦੇ ਨਾਲ ਸਕੂਲ ਦੀ ਇਕ ਅਧਿਆਪਕਾ ਨੂੰ ਵੀ ਇਸ ਡੂਮਣੇ ਦੀ ਲਪੇਟ ਵਿਚ ਕੇ ਜਖਮੀ ਹੋ ਗਈ। ਅੱਜ ਬੱਚੇ ਜਦੋਂ ਆਪਣਾ ਦੁਪਹਿਰ ਦਾ ਖਾਣਾ ਖਾ ਕੇ ਗਰਾਊਂਡ ਵਿਚ ਕਲਾਸ ਵਿਚ ਬੈਠੇ ਸਨ ਤਾਂ ਇਹ ਘਟਨਾ ਵਾਪਰ ਗਈ। ਪ੍ਰਤੱਖਦਰਸੀਆਂ ਮੁਤਾਬਕ ਮੰਜਰ ਇੰਨਾ ਭਿਆਨਕ ਸੀ ਕਿ ਜਦੋਂ ਇਹ ਡੂਮਣਾ ਬੱਚਿਆਂ ਦੇ ਲੜਿਆ ਤਾਂ ਬੱਚੇ ਬਚਾਓ, ਬਚਾਓ ਆਖ ਕੇ ਰੌਲਾ ਪਾਉਣ ਲੱਗੇ। ਇਸ ਦੌਰਾਨ ਜਦੋਂ ਮੈਡਮ ਮੰਜਰ ਨੂੰ ਦੇਖ ਕੇ ਬੱਚਿਆਂ ਨੂੰ ਬਚਾਉਣ ਲਈ ਭੱਜੀ ਤਾਂ ਮਖੀਲ ਨੇ ਮੈਡਮ 'ਤੇ ਹਮਲਾ ਕਰ ਦਿੱਤਾ। ਜਾਣਕਾਰੀ ਮੁਤਾਬਕ ਜਿਹੜੇ ਬੱਚਿਆਂ ਨੂੰ ਡੂਮਣੇ ਨੇ ਕੱਟਿਆ ਉਹ ਤੀਸਰੀ ਅਤੇ ਚੌਥੀ ਜਮਾਤ ਦੇ ਸਨ। ਇਨ੍ਹਾਂ ਬੱਚਿਆਂ ਵਿਚੋਂ ਕੁਝ ਬੱਚੇ ਡੂਮਣਾ ਲੜਨ ਤੋਂ ਬਾਅਦ ਵੀ ਆਪਣੀ ਮੈਡਮ ਨੂੰ ਬਚਾਉਣ ਲਈ ਯਤਨ ਕਰ ਰਹੇ ਸਨ ਜਦੋਂ ਸਕੂਲ ਵਿਚ ਰੌਲਾ ਪੈ ਰਿਹਾ ਸੀ ਤਾਂ ਸਕੂਲ ਦੇ ਆਲੇ ਦੁਆਲੇ ਦੇ ਲੋਕਾਂ ਨੇ ਸੁਕਣੇ ਪਾਏ ਕੱਪੜਿਆਂ ਨੂੰ ਅੱਗ ਲਗਾ ਕੇ ਧੂੰਆਂ ਕੀਤਾ ਅਤੇ ਬੱਚਿਆਂ ਨੂੰ ਬਚਾਇਆ। ਪੰਜ ਬੱਚਿਆਂ ਅਤੇ ਅਧਿਆਪਕਾਂ ਨੂੰ ਸਮਰਾਲਾ ਦੇ

# ਆਗੂਆਂ ਦਾ ਗੁਰਦੁਆਰਾ ਦਾਦੂ ਸਾਹਿਬ ਵਿਖੇ ਹੋਇਆ ਇਕੱਠ

ਕਿਸ਼ਨ ਪਾਲ

ਚੰਡੀਗੜ੍ਹ 5 ਦਸੰਬਰ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਦੇ ਸਤਿਕਾਰਯੋਗ ਸੰਤਸਰੂਪ ਮਾਤਾ ਬਲਵੀਰ ਕੌਰ ਜੀ ਦੀ ਦੂਜੀ ਸਾਲਾਨਾ ਯਾਦ ਨੂੰ ਮਨਾਉਂਦੇ ਹੋਏ ਉਨ੍ਹਾਂ ਦੇ ਮੁੱਖ ਅਸਥਾਨ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ, ਸਿਰਸਾ, ਹਰਿਆਣਾ ਵਿਖੇ ਇੱਕ ਯਾਦਗਾਰੀ ਪੰਥਕ ਇਕੱਠ ਕੀਤਾ ਗਿਆ। ਇਸ ਇਕੱਠ 'ਚ ਸਮੂਹ ਸੰਗਤਾਂ, ਸੰਤ-ਮਹਾਪੁਰਸਾਂ ਤੇ ਪੰਥਕ ਆਗੂਆਂ ਦੀ ਹਾਜਰੀ 'ਚ ਜੈਕਾਰਿਆਂ ਦੀ ਗੂੰਜ ਵਿੱਚ ਹਰਿਆਣਾ ਸਿੱਖ ਗੁਰਦੁਆ ਜੀ ਦੀ ਦੂਜੀ ਸਾਲਾਨਾ ਯਾਦ ਨੂੰ ਮਨਾਉਂਦੇ ਹੋਏ ਉਨ੍ਹਾਂ ਦੇ ਮੁੱਖ ਅਸਥਾਨ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ, ਸਿਰਸਾ, ਹਰਿਆਣਾ ਵਿਖੇ ਇੱਕ ਯਾਦਗਾਰੀ ਪੰਥਕ ਇਕੱਠ ਕੀਤਾ ਗਿਆ। ਇਸ ਇਕੱਠ 'ਚ ਸਮੂਹ ਸੰਗਤਾਂ, ਸੰਤ-ਮਹਾਪੁਰਸਾਂ ਤੇ ਪੰਥਕ ਆਗੂਆਂ ਦੀ ਹਾਜਰੀ 'ਚ ਜੈਕਾਰਿਆਂ ਦੀ ਗੂੰਜ ਵਿੱਚ ਹਰਿਆਣਾ ਸਿੱਖ ਗੁਰਦੁਆਕਾਲੀ ਦਲ (ਆਜਾਦ) ਦਾ ਐਲਾਨ ਕੀਤਾ ਗਿਆ। ਇਸ ਪੰਥਕ ਇਕੱਠ 'ਚ ਪੰਚ ਪ੍ਰਧਾਨੀ ਮਰਿਆਦਾ ਨੂੰ ਮੁੱਖ ਰੱਖਦੇ ਹੋਏ ਪੰਜ ਸਿੱਖ ਆਗੂਆਂ ਭਾਈ ਸੁਖਵਿੰਦਰ ਸਿੰਘ ਮੰਡੇਬਰ ਯਮੁਨਾਨਗਰ, ਭਾਈ ਸਵਰਨ ਸਿੰਘ ਰਤੀਆ, ਭਾਈ ਉਮਰਾਓ ਸਿੰਘ ਛੀਨਾ ਕੈਥਲ, ਭਾਈ ਸਵਰਨ ਸਿੰਘ ਬੁੰਗਾ ਟਿੱਬਾ ਪੰਚਕੂਲਾ ਅਤੇ ਭਾਈ ਮਲਕੀਤ ਸਿੰਘ ਪੰਨੀਵਾਲਾ ਸਿਰਸਾ ਦੀ ਜਿੰਮੇਵਾਰੀ ਲਗਾਈ ਗਈ ਕਿ ਉਹ ਸਚਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੁੱਜ ਕੇ ਅਰਦਾਸ ਕਰਨ ਉਪਰੰਤ 15 ਦਿਨਾਂ ਵਿੱਚ ਸਿੱਖ ਸੰਗਤਾਂ, ਸੰਤ-ਮਹਾਂਪੁਰਸਾਂ ਤੇ ਪੰਥਕ ਜਥੇਬੰਦੀਆਂ ਦਾ ਰਾਏ-ਮਸਵਰਾ ਲੈ ਕੇ ਪ੍ਰਧਾਨ ਦਾ ਐਲਾਨ ਕਰਨ ਤੇ ਉਸ ਤੋਂ ਬਾਅਦ ਸਮੁੱਚੇ ਅਹੁਦੇਦਾਰਾਂ ਅਤੇ 40 ਵਾਰਡਾਂ ਦੇ ਉਮੀਦਵਾਰਾਂ ਦਾ ਐਲਾਨ ਕੀਤਾ ਜਾਵੇਗਾ। ਇਸ ਪੰਥਕ ਇਕੱਠ ਵਿੱਚ ਪ੍ਰਸਿੱਧ ਕੀਰਤਨੀਏ ਭਾਈ ਕਾਰਜ ਸਿੰਘ ਦਮਦਮੀ ਟਕਸਾਲ, ਹਜੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਗੁਰਸੇਵਕ ਸਿੰਘ ਰੰਗੀਲਾ ਹਜੂਰੀ ਰਾਗੀ ਜੱਥਾ ਤੇ ਗੁਰਦੁਆਰਾ ਦਾਦੂ ਸਾਹਿਬ ਹਰਿਆਣਾ ਕਮੇਟੀ ਦੇ ਮੁੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਨੇ ਰਸਭਿੰਨਾ ਕਥਾ ਕੀਰਤਨ ਕਰ ਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਸਮਾਪਤੀ ਦੀ ਅਰਦਾਸ ਅਤੇ ਹੁਕਮਨਾਮੇ ਦੀ ਸੇਵਾ ਸਿੰਘ ਸਾਹਿਬ ਗਿ. ਜਗਜੀਤ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਸਾਹਿਬ ਪਾਤਸਾਹੀ 10ਵੀਂ ਨਾਢਾ ਸਾਹਿਬ ਪੰਚਕੂਲਾ ਵੱਲੋਂ ਨਿਭਾਈ ਗਈ। ਪੰਥਕ ਇਕੱਠ ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਵਿੱਚ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ, ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਪੰਥਕ ਬੁਲਾਰੇ ਭਾਈ ਮੋਹਕਮ ਸਿੰਘ ਦਮਦਮੀ ਟਕਸਾਲ, ਪ੍ਰਸਿੱਧ ਵਿਦਵਾਨ ਡਾ. ਸੁਰਿੰਦਰ ਸਿੰਘ ਗਿੱਲ ਯੂ.ਐੱਸ.ਏ. ਨੇ ਸਤਿਕਾਰਯੋਗ ਮਾਤਾ ਜੀ ਦੇ ਗੁਰਮੁੱਖ ਜੀਵਨ ਪਰਥਾਏ ਵਿਚਾਰ ਸਾਂਝੇ ਕੀਤੇ ਅਤੇ ਸ੍ਰੋਮਣੀ ਅਕਾਲੀ ਦਲ ਆਜਾਦ ਦੀ ਸੁਰੂਆਤ 'ਤੇ ਸਭ ਨੂੰ ਵਧਾਈ ਦਿੱਤੀ। ਇਸ ਸਮੇਂ ਪਾਕਿਸਤਾਨ ਦੀਆਂ ਸਿੱਖ ਸੰਗਤਾਂ ਵੱਲੋਂ ਭੇਜੇ ਗਏ ਗੁਰੂ ਨਾਨਕ ਦੇਵ ਸਾਹਿਬ ਯਾਦਗਾਰੀ ਸਿੱਕੇ ਦੀ ਭੇਟ ਜਥੇਦਾਰ ਦਾਦੂਵਾਲ ਜੀ ਨੂੰ ਡ. ਸੁਰਿੰਦਰ ਸਿੰਘ ਗਿੱਲ ਯੂ.ਐੱਸ.ਏ. ਵੱਲੋਂ ਕੀਤੀ ਗਈ। ਸੰਤ ਮੋਹਨ ਸਿੰਘ ਮਤਵਾਲਾ ਪਬਲਿਕ ਸਕੂਲ ਤਿਲੋਕੇਵਾਲਾ ਅਤੇ ਸ੍ਰੀ ਚੈਤੰਨਿਆ ਟੈਕਨੋ ਸਕੂਲ ਕਾਲਿਆਂਵਾਲੀ ਮੰਡੀ ਵੱਲੋਂ ਪ੍ਰਿੰਸੀਪਲ ਤੇ ਸਟਾਫ ਨੇ ਜਥੇਦਾਰ ਦਾਦੂਵਾਲ ਜੀ ਨੂੰ ਸਿਰਪਾਓ ਤੇ ਸ੍ਰੀ ਸਾਹਿਬ ਭੇਟ ਕਰਕੇ ਵਿਸੇਸ ਸਨਮਾਨ ਕੀਤਾ। ਯਾਦਗਾਰੀ ਪੰਥਕ ਇਕੱਠ ਵਿੱਚ ਸਤਿਕਾਰਯੋਗ ਮਹਾਂਪੁਰਸ ਸੰਤ ਰਜਿੰਦਰ ਸਿੰਘ ਇਸਰਾਣਾ ਸਾਹਿਬ, ਸੰਤ ਅਮਰੀਕ ਸਿੰਘ ਕਾਰ ਸੇਵਾ ਹੀਰਾ ਬਾਗ ਪਟਿਆਲਾ, ਸੰਤ ਦਿਲਬਾਗ ਸਿੰਘ ਕਾਰ ਸੇਵਾ ਸ੍ਰੀ ਅਨੰਦਪੁਰ ਸਾਹਿਬ, ਸੰਤ ਪਵਿੱਤਰ ਸਿੰਘ ਖਨੌਰੀ, ਸੰਤ ਬਰਿੰਦਰ ਸਿੰਘ ਜਗਮਾਲਵਾਲੀ, ਬਾਬਾ ਪ੍ਰਦੀਪ ਸਿੰਘ ਚਾਂਦਪੁਰਾ ਪੰਥਕ ਸੇਵਾ ਲਹਿਰ ਦਾਦੂ ਸਾਹਿਬ, ਬਾਬਾ ਜੀਵਨ ਸਿੰਘ ਚੁਨਾਗਰਾ, ਬਾਬਾ ਜਗਤਾਰ ਸਿੰਘ ਕਾਰ ਸੇਵਾ ਸਿਰਸਾ ਜਥੇਦਾਰ ਬਾਬਾ ਨਿੰਦਰ ਸਿੰਘ, ਬਾਬਾ ਬਿੱਕਰ ਸਿੰਘ ਕਾਰ ਸੇਵਾ ਕੇਵਲ,ਬਾਬਾ ਗੁਰਪਾਲ ਸਿੰਘ ਚੋਰਮਾਰ ਆਦਿ ਹਾਜਰ ਰਹੇ। ਸਟੇਜ ਦਾ ਸੰਚਾਲਨ ਭਾਈ ਸਰਬਜੀਤ ਸਿੰਘ ਜੰਮੂ ਸਕੱਤਰ ਧਰਮ ਪ੍ਰਚਾਰ ਨੇ ਕੀਤਾ।

### ਭਿਆਨਕ ਹਾਦਸੇ ਦੌਰਾਨ ਮੋਟਰਸਾਈਕਲ ਸਵਾਰ ਵਿਅਕਤੀ ਦੀ ਮੌਤ

ਜ਼ੀਰਾ 5 ਦਸੰਬਰ। ਮੱਖੂ ਵਿਖੇ ਰੇਲਵੇ ਫਾਟਕ ਕਰਾਸ ਕਰ ਰਹੇ ਮੋਟਰਸਾਈਕਲ ਸਵਾਰ ਵਿਅਕਤੀ ਨੂੰ ਇੱਕ ਟਰੱਕ ਚਾਲਕ ਨੇ ਦਰੜ ਦਿੱਤਾ, ਜਿਸ ਕਾਰਨ ਮੋਟਰਸਾਈਕਲ ਸਵਾਰ ਦੀ ਮੌਤ ਹੋ ਗਈ। ਇਸ ਹਾਦਸੇ ਨੂੰ ਲੈ ਕੇ ਥਾਣਾ ਮੱਖੂ ਪੁਲਸ ਨੇ ਅਣਪਛਾਤੇ ਟਰੱਕ ਚਾਲਕ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਇਹ ਜਾਣਕਾਰੀ ਦਿੰਦੇ ਏ. ਐੱਸ. ਆਈ. ਨਿਰਮਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾ 'ਚ ਮੁਦੱਈ ਗੁਰਚਰਨ ਸਿੰਘ ਪੁੱਤਰ ਤ੍ਰਿਲੋਕ ਸਿੰਘ ਵਾਸੀ ਪਿੰਡ ਸ਼ੀਹਾਂਪਾੜੀ ਨੇ ਦੱਸਿਆ ਹੈ ਕਿ ਉਸਦਾ ਭਰਾ ਸੁਖਵਿੰਦਰ ਸਿੰਘ ਮੋਟਰਸਾਇਕਲ 'ਤੇ ਸਵਾਰ ਹੋ ਕੇ ਜਾ ਰਿਹਾ ਸੀ।

## ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪੰਜਾਬ ਦੇ ਮੁੱਖ ਚੋਣ ਕਮਿਸਨਰ ਨੂੰ ਲਿਖਿਆ ਪੱਤਰ

ਅੰਮ੍ਰਿਤਸਰ 5 ਦਸੰਬਰ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੇ ਮੁੱਖ ਚੋਣ ਕਮਿਸਨਰ ਨੂੰ ਪੱਤਰ ਲਿਖ ਕੇ ਨਗਰ ਨਿਗਮ ਤੇ ਨਗਰ ਕੌਂਸਲ ਦੀਆਂ ਚੋਣਾਂ ਜਨਵਰੀ 2025 ਵਿਚ ਕਰਵਾਉਣ ਲਈ ਕਿਹਾ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ ਦਸੰਬਰ ਮਹੀਨੇ ਦਾ ਦੂਜਾ ਪੰਦਰਵਾੜਾ ਸਿੱਖ ਇਤਿਹਾਸ ਅੰਦਰ ਵੱਡੀ ਮਹੱਤਤਾ ਰੱਖਦਾ ਹੈ, ਕਿਉਂਕਿ ਇਨ੍ਹਾਂ ਦਿਨਾਂ ਵਿਚ ਦਸਵੇਂ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜਾਦਿਆਂ, ਮਾਤਾ ਗੁਜਰ ਕੌਰ ਜੀ ਅਤੇ ਪਿਆਰੇ ਸਿੱਖਾਂ ਦੀਆਂ ਸਹਾਦਤਾਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਇਨ੍ਹਾਂ ਦਿਨਾਂ 'ਚ ਭਾਵੁਕਤਾ ਅਤੇ ਵੈਰਾਗ ਵਿਚੋਂ ਲੰਘਦੀ ਹੈ ਅਤੇ ਆਪਣੇ ਸਹੀਦਾਂ ਦੇ ਸਤਿਕਾਰ ਵਜੋਂ ਕਿਸੇ ਵੀ ਤਰ੍ਹਾਂ ਦੇ ਖੁਸੀ ਵਾਲੇ ਸਮਾਗਮ ਕਰਨ ਤੋਂ ਗੁਰੇਜ ਕਰਦੀ ਹੈ। ਸੰਗਤਾਂ ਵੱਲੋਂ ਸਾਹਿਬਜਾਦਿਆਂ ਦੀ ਲਾਸਾਨੀ ਸਹਾਦਤ ਨੂੰ ਯਾਦ ਕਰਦਿਆਂ ਇਹ ਦਿਹਾੜੇ ਸਰਧਾ ਪੂਰਵਕ ਮਨਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਸਰਬੰਸਦਾਨੀ ਸ੍ਰੀ ਗੋਬਿੰਦ ਸਿੰਘ ਜੀ ਦਾ ਪ੍ਰਕਾਸ ਪੁਰਬ ਵੀ 6 ਜਨਵਰੀ 2025 ਨੂੰ ਆ ਰਿਹਾ ਹੈ, ਜੋ ਸਿੱਖ ਕੌਮ ਵੱਲੋਂ ਪੂਰੇ ਵਿਸਵ ਵਿਚ ਖਾਲਸਾਈ ਪ੍ਰੰਪਰਾਵਾਂ ਅਨੁਸਾਰ ਮਨਾਇਆ ਜਾਂਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਨ੍ਹਾਂ ਦਿਨਾਂ ਵਿਚ ਪੰਜਾਬ ਸਰਕਾਰ ਵੱਲੋਂ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਦੀਆਂ ਚੋਣਾਂ ਕਰਵਾਈਆਂ ਜਾਣੀਆਂ ਕਿਸੇ ਵੀ ਤਰ੍ਹਾਂ ਯੋਗ ਨਹੀਂ ਹੋਣਗੀਆਂ। ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਵੱਲੋਂ ਵੱਡੇ ਪੱਧਰ 'ਤੇ ਸ੍ਰੋਮਣੀ ਕਮੇਟੀ ਤਕ ਪਹੁੰਚ ਕੀਤੀ ਜਾ ਰਹੀ ਹੈ

### ਮਾਂ ਦੇ ਆਸ਼ਕ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਨ ਵਾਲੇ ਨੌਜਵਾਨ ਨੂੰ ਪੁਲਸ ਨੇ ਕੀਤਾ ਗ੍ਰਿਫਤਾਰ

ਬਠਿੰਡਾ 5 ਦਸੰਬਰ। ਮਹਿਣਾ ਚੌਕ ਵਿਖੇ 19 ਨਵੰਬਰ ਦੀ ਸਾਮ ਨੂੰ ਬਿਜਲੀ ਮਕੈਨਿਕ ਨਿਰਮਲ ਸਿੰਘ ਨੂੰ ਗੋਲੀਆਂ ਮਾਰ ਕੇ ਕਤਲ ਕਰਨ ਵਾਲੇ ਮੁਲਜਮ ਸਰਤਾਜ ਸਿੰਘ ਨੂੰ ਸੀ.ਆਈ.ਏ.-1 ਦੀ ਟੀਮ ਨੇ ਗ੍ਰਿਫਤਾਰ ਕਰ ਲਿਆ ਹੈ। ਮੁਲਜਮ ਸਰਤਾਜ ਸਿੰਘ ਬਲਜਿੰਦਰ ਕੌਰ ਦਾ ਲੜਕਾ ਹੈ, ਜਿਸ ਨੂੰ ਨਿਰਮਲ ਸਿੰਘ ਐੱਮ.ਪੀ. ਤੋਂ ਭਜਾ ਕੇ ਲਿਆਇਆ ਸੀ। ਮੁਲਜਮਾਂ ਦਾ ਰਿਮਾਂਡ ਹਾਸਲ ਕਰ ਲਿਆ ਗਿਆ ਹੈ। ਪੁਲਸ ਅਨੁਸਾਰ ਵਾਰਦਾਤ 'ਚ ਵਰਤੀ ਗਈ ਨਾਜਾਇਜ ਪਿਸਤੌਲ ਬਰਾਮਦ ਹੋਣੀ ਬਾਕੀ ਹੈ। ਐੱਸ.ਪੀ. ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਇਲੈਕਟ੍ਰੀਕਲ ਮਕੈਨਿਕ ਨਿਰਮਲ ਸਿੰਘ ਐੱਮ.ਪੀ. ਜਲਾਲਪੁਰ ਦੀ ਰਹਿਣ ਵਾਲੀ ਇਕ ਵਿਆਹੁਤਾ ਔਰਤ ਬਲਜਿੰਦਰ ਕੌਰ ਨੂੰ ਛੇ ਮਹੀਨੇ ਪਹਿਲਾਂ ਭਜਾ ਕੇ ਬਠਿੰਡਾ ਲੈ ਆਇਆ ਸੀ। ਉਦੋਂ ਤੋਂ ਬਲਜਿੰਦਰ ਕੌਰ ਦੇ ਪਰਿਵਾਰਕ ਮੈਂਬਰ ਉਸ ਦੀ ਭਾਲ ਕਰ ਰਹੇ ਸਨ। ਬਲਜਿੰਦਰ ਕੌਰ ਦੇ ਭਰਾ ਅੰਗਰੇਜ ਸਿੰਘ ਅਤੇ ਲੜਕੇ ਸਰਤਾਜ ਸਿੰਘ ਨੂੰ ਪਤਾ ਲੱਗਾ ਕਿ ਉਹ ਬਠਿੰਡਾ 'ਚ ਹਨ।






# ਪੱਛਮੀ ਬੰਗਾਲ ਨੇ ਦੂਜੇ ਰਾਜਾਂ ਨੂੰ ਆਲੂ ਵੇਚਣ ਨਹੀਂ ਦਿੱਤੇ ਤੋਂ ਹੋਵੇਗੀ ਹੜਤਾਲ: ਆਲੂ ਵਪਾਰੀ

ਏਜੰਸੀਆਂ

ਕੋਲਕਾਤਾ 5 ਦਸੰਬਰ। ਪੱਛਮੀ ਬੰਗਾਲ ਦੇ ਆਲੂ ਵਪਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸੂਬਾ ਸਰਕਾਰ ਨੇ ਦੂਜੇ ਰਾਜਾਂ ਨੂੰ ਆਲੂ ਵੇਚਣ 'ਤੇ ਲੱਗੀ ਪਾਬੰਦੀ ਨਹੀਂ ਹਟਾਈ ਤਾਂ ਉਹ ਮੰਗਲਵਾਰ ਨੂੰ ਹੜਤਾਲ 'ਤੇ ਜਾਣਗੇ। ਪੱਛਮੀ ਬੰਗਾਲ ਨੇ ਹਾਲ ਹੀ ਵਿੱਚ ਸਥਾਨਕ ਬਾਜਾਰਾਂ ਵਿੱਚ ਕੀਮਤਾਂ ਨੂੰ ਕਾਬੂ ਕਰਨ ਦੀ ਕੋਸ਼ਿਸ ਵਿੱਚ ਗੁਆਂਢੀ ਰਾਜਾਂ ਨੂੰ ਆਲੂ ਵੇਚਣ 'ਤੇ ਮੁੜ ਪਾਬੰਦੀ ਲਗਾ ਦਿੱਤੀ ਹੈ। ਸਥਾਨਕ ਮੰਡੀਆਂ ਵਿੱਚ ਆਲੂ 35-40 ਰੁਪਏ ਪ੍ਰਤੀ ਕਿਲੋ ਵਿਕ ਰਿਹਾ ਹੈ। ਸੂਬਾ ਸਰਕਾਰ ਦੇ ਇਸ ਫੈਸਲੇ ਤੋਂ ਬਾਅਦ ਪੁਲਸ ਨੇ ਸੂਬੇ ਤੋਂ ਆਲੂਆਂ ਦੀ ਢੋਆ-ਢੁਆਈ ਨੂੰ ਰੋਕਣ ਲਈ ਅੰਤਰ-ਰਾਜੀ ਸਰਹੱਦਾਂ 'ਤੇ ਨਿਗਰਾਨੀ ਵਧਾ ਦਿੱਤੀ ਹੈ। ਇਸ ਕਾਰਨ ਕਈ ਟਰੱਕ ਸਰਹੱਦ ਪਾਰੋਂ ਫਸੇ ਹੋਏ ਹਨ। ਪ੍ਰਗਤੀਸੀਲ ਆਲੂ ਵਪਾਰੀ ਐਸੋਸੀਏਸਨ ਦੇ ਸਕੱਤਰ ਲਾਲੂ ਮੁਖਰਜੀ ਨੇ ਦੱਸਿਆ, "ਜੇਕਰ ਸਰਕਾਰ ਨੇ ਪਾਬੰਦੀ ਨਹੀਂ ਹਟਾਈ ਤਾਂ ਅਸੀਂ ਮੰਗਲਵਾਰ ਤੋਂ ਹੜਤਾਲ 'ਤੇ ਜਾਵਾਂਗੇ।" ਉਹਨਾਂ ਨੇ ਸਰਕਾਰ ਦੇ ਫੈਸਲੇ ਦੀ ਆਲੋਚਨਾ ਕਰਦੇ ਕਿਹਾ, "ਅਜਿਹੇ ਅਚਾਨਕ ਚੁੱਕੇ ਕਦਮਾਂ ਨਾਲ ਸਾਡੇ ਕਾਰੋਬਾਰ ਵਿਚ ਵਿਘਨ ਪੈਂਦਾ ਹੈ ਅਤੇ ਭਾਰੀ ਨੁਕਸਾਨ ਹੁੰਦੀ ਹੈ, ਕਿਉਂਕਿ ਅਸੀਂ ਆਪਣੇ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹਿੰਦੇ ਹਾਂ।" ਵਪਾਰੀਆਂ ਅਤੇ ਕੋਲਡ ਸਟੋਰੇਜ ਐਸੋਸੀਏਸਨਾਂ



ਨੇ ਸੂਬਾ ਸਰਕਾਰ 'ਤੇ ਸਥਾਨਕ ਬਾਜਾਰਾਂ 'ਚ ਕੀਮਤਾਂ ਨੂੰ ਕੰਟਰੋਲ ਕਰਨ 'ਚ ਨਾਕਾਮ ਰਹਿਣ ਦਾ ਦੋਸ ਲਗਾਇਆ ਅਤੇ ਇਸ ਦਾ ਕਾਰਨ ਵਿਚੋਲਿਆਂ ਦੀ ਮੁਨਾਫਾਖੋਰੀ ਨੂੰ ਦੱਸਿਆ। ਇੱਕ ਵਪਾਰੀ ਨੇ ਸਵਾਲ ਕੀਤਾ, "ਕੋਲਕਾਤਾ ਵਿੱਚ ਆਲੂ ਦੀ ਥੋਕ ਕੀਮਤ 27 ਰੁਪਏ ਪ੍ਰਤੀ ਕਿਲੋ ਹੋਣ ਦੇ ਬਾਵਜੂਦ, ਪ੍ਰਚੂਨ ਵਿਕਰੀ 35-40 ਰੁਪਏ ਵਿੱਚ ਕਿਵੇਂ ਹੋ ਰਹੀ ਹੈ?" ਉੜੀਸਾ ਅਤੇ ਝਾਰਖੰਡ ਵਰਗੇ ਗੁਆਂਢੀ ਰਾਜ ਆਲੂ ਦੀ ਸਪਲਾਈ ਲਈ ਪੱਛਮੀ ਬੰਗਾਲ 'ਤੇ ਬਹੁਤ ਜ਼ਿਆਦਾ ਨਿਰਭਰ ਹਨ। ਪਾਬੰਦੀਆਂ ਲੱਗਣ ਤੋਂ ਬਾਅਦ ਇਨ੍ਹਾਂ ਸੂਬਿਆਂ 'ਚ ਵੀ ਕੀਮਤਾਂ ਵਧ ਗਈਆਂ ਹਨ। ਓਡੀਸਾ ਦੇ ਖੁਰਾਕ ਸਪਲਾਈ ਅਤੇ ਖਪਤਕਾਰ ਕਲਿਆਣ ਮੰਤਰੀ ਕ੍ਰਿਸਨ ਚੰਦਰ ਪਾਤਰਾ ਨੇ ਸਨੀਵਾਰ ਨੂੰ ਦੋਸ ਲਗਾਇਆ ਕਿ ਮਮਤਾ ਬੈਨਰਜੀ ਸਰਕਾਰ ਆਲੂਆਂ ਦੀ ਸਪਲਾਈ 'ਤੇ ਰਾਜਨੀਤੀ ਕਰ ਰਹੀ ਹੈ। ਉਨ੍ਹਾਂ ਕਿਹਾ, "ਪੱਛਮੀ ਬੰਗਾਲ ਮੱਛੀ ਅਤੇ ਹੋਰ ਵਸਤਾਂ ਲਈ ਦੂਜੇ ਰਾਜਾਂ 'ਤੇ ਨਿਰਭਰ ਹੈ। ਜੇਕਰ ਉਹ ਚਾਹੇ ਤਾਂ ਉੜੀਸਾ ਵੀ ਆਪਣੀ ਸਰਹੱਦ 'ਤੇ ਮਾਲ ਗੱਡੀਆਂ ਨੂੰ ਰੋਕ ਸਕਦਾ ਹੈ। ਪਰ ਅਸੀਂ ਅਜਿਹਾ ਨਹੀਂ ਕਰਨ ਜਾ ਰਹੇ ਹਾਂ।" ਉਨ੍ਹਾਂ ਕਿਹਾ, "ਅਸੀਂ ਰਾਜ ਵਿੱਚ ਖਪਤਕਾਰਾਂ ਨੂੰ ਆਲੂਆਂ ਦੀ ਲੋੜੀਂਦੀ ਮਾਤਰਾ ਪ੍ਰਦਾਨ ਕਰਨ ਲਈ ਪ੍ਰਬੰਧ ਕੀਤੇ ਹਨ।